# ਹਾਜ਼ਰ-ਗ਼ੈਰਹਾਜ਼ਰ

- ਸ਼ਬਦ-ਚਿਤਰ -

ਲਖਵਿੰਦਰ ਸਿੰਘ ਜੌਹਲ



# ਹਾਜ਼ਰ-ਗ਼ੈਰਹਾਜ਼ਰ

- ਸ਼ਬਦ-ਚਿਤਰ -

ਲਖਵਿੰਦਰ ਸਿੰਘ ਜੌਹਲ

## ਲੇਖਕ ਦੀਆਂ ਹੋਰ ਰਚਨਾਵਾਂ

ਬਹੁਤ ਦੇਰ ਹੋਈ (ਕਵਿਤਾਵਾਂ) – 1990.

ਮਨੋਵੇਗ (ਕਵਿਤਾਵਾਂ) – 2000.

ਸਾਹਾਂ ਦੀ ਸਰਗਮ (ਕਵਿਤਾਵਾਂ) – 2003.

ਇਕ ਸੁਪਨਾ ਇਕ ਸੰਵਾਦ – (ਲੰਮੀ ਕਵਿਤਾ) – 2006.

ਇਕ ਸੁਪਨਾ ਇਕ ਸੰਵਾਦ (ਹਿੰਦੀ) – 2008.

ਬਲੈਕ ਹੋਲ (ਲੰਮੀ ਕਵਿਤਾ) – 2009.

ਬਲੈਕ ਹੋਲ (ਅੰਗਰੇਜ਼ੀ) – 2014.

ਅਣਲਿਖੇ ਵਰਕੇ (ਕਾਵਿ ਨਿਬੰਧ) – 2012.

ਸ਼ਬਦਾਂ ਦੀ ਸੰਸਦ (ਕਵਿਤਾਵਾਂ) – 2014.

ਬਹਿਸ ਤੋਂ ਬੇਖ਼ਬਰ (ਕਵਿਤਾਵਾਂ) – 2017.

ਲਹੂ ਦੇ ਲਫ਼ਜ਼ – ਚੋਣਵੀਂ ਕਵਿਤਾ – 2019.

ਅੱਥਰੂ ਦੀ ਆਤਮ–ਕਥਾ (ਲੰਮੀ ਕਵਿਤਾ) – 2021.

ਪਾਣੀ ਹੋਏ ਵਿਚਾਰ (ਕਵਿਤਾਵਾਂ) – 2022

ਬਰਤਾਨਵੀ ਕਵਿਤਾ ਦੇ ਪਛਾਣ ਚਿੰਨ੍ਹ – (ਸਮੀਖਿਆ) – 2002.

ਸਮਤਾ ਦੇ ਸਮਰਥਕ ਡਾ. ਅੰਬੇਦਕਰ (NBT ਲਈ ਅਨੁਵਾਦ) – 2003.

ਕਾਲੇ ਪਾਣੀ ਦਾ ਇਤਿਹਾਸਕ ਦਸਤਾਵੇਜ਼ (NBT ਲਈ ਅਨੁਵਾਦ) – 2004.

ਕੱਫ਼ਣ (ਮੁਣਸ਼ੀ ਪ੍ਰੇਮ ਚੰਦ) (NBT ਲਈ ਅਨੁਵਾਦ) – 2004.

ਕਲਪਨਾ ਚਾਵਲਾ (ਸੂਚਨਾ ਤੇ ਪ੍ਰਸਾਰਨ ਮੰਤਰਾਲੇ ਲਈ ਅਨੁਵਾਦ) – 2006.

ਮੇਰੀ ਫੁਟਵਾਲ (NBT ਲਈ ਅਨੁਵਾਦ) – 2019.

# ਹਾਜ਼ਰ-ਗ਼ੈਰਹਾਜ਼ਰ

- ਸ਼ਬਦ-ਚਿਤਰ -

ਲਖਵਿੰਦਰ ਸਿੰਘ ਜੌਹਲ

RHYVERS PRESS
THE ENERGY THAT FLOWS
www.rhyvers.press mail@rhyvers.com

Title : **Hazar-Gairhazar**
Shabad-Chitar

Author : **Dr. Lakhvinder Singh Johal**
**Resi. :** 20 Professor Colony,
Wadala Chowk, Jalandhar-144001.
Mobile : 94171-94812, 94171-94444
e-mail : lakhvinderjohal@yahoo.com
Website : lakhvinderjohal.com

First Edition : 2024

**ISBN :** 978-93-92014-78-9 MRP: Rs. 200/- Pages : 144

Copyright © **Dr. Lakhvinder Singh Johal**

Type Setting : Harish Kumar Aggarwal

ALL RIGHTS RESERVED
No part of this book may be reproduced or transmitted in any form by any means, electronic or mechanical, including photocopy, recording or information storage and retrieval system, without permission in writing from the author (copyright owner) and publisher.

Language : **Punjabi**

This book is sold subject to the condition that it shall not, by way of trade or otherwise, be lent, re-sold, hired out, or otherwise circulated without the publisher's prior consent in any form of binding or cover other than that in which it is published and without a similar condition including this condition being imposed on the subsequent purchaser.

Typeset in Book Satluj
Printed and bound in India by Rhyvers Press, New Delhi
Email: rhyverspress@gmail.com Website: www.rhyvers.press

# ਸਮਰਪਣ

ਆਪਣੇ ਪ੍ਰੇਰਨਾ ਸ੍ਰੋਤ
ਡਾਕਟਰ ਸਰਦਾਰਾ ਸਿੰਘ ਜੌਹਲ ਜੀ
ਨੂੰ ਪਰਮ ਸਤਿਕਾਰ ਸਹਿਤ

# ਕੀ ਕਿੱਥੇ?


- ਜਸਵੰਤ ਸਿੰਘ ਕੰਵਲ
  (27 ਜੂਨ, 1919 — 1 ਫਰਵਰੀ, 2020) 10 –15
- ਸੰਤੋਖ ਸਿੰਘ ਧੀਰ
  (02 ਦਸੰਬਰ, 1920 — 8 ਫਰਵਰੀ, 2010) 16–27
- ਜਗਜੀਤ ਸਿੰਘ ਆਨੰਦ
  (28 ਦਸੰਬਰ, 1921 — 19 ਜੂਨ, 2015) 28–35
- ਸੁਰਜਨ ਸਿੰਘ ਜ਼ੀਰਵੀ
  (01 ਦਸੰਬਰ, 1929 — 25 ਅਕਤੂਬਰ, 2023) 36–47
- ਹਰਭਜਨ ਸਿੰਘ ਹੁੰਦਲ
  (10 ਮਾਰਚ, 1934 — 6 ਜੁਲਾਈ, 2023) 48–57
- ਸੋਹਣ ਸਿੰਘ ਮੀਸ਼ਾ
  ( 30 ਅਗਸਤ, 1934 — 22 ਸਤੰਬਰ, 1986) 58–68
- ਡਾ. ਜਗਤਾਰ
  (23 ਮਾਰਚ, 1935 — 30 ਮਾਰਚ, 2010) 70–81
- ਡਾ. ਗੁਰਬਖ਼ਸ਼ ਸਿੰਘ ਫ਼ਰੈਂਕ
  (01 ਸਤੰਬਰ, 1935 — 14 ਅਪ੍ਰੈਲ, 2022) 82–89

- ਜਗਦੀਸ਼ ਸਿੰਘ ਵਰਿਆਮ
  (01 ਸਤੰਬਰ, 1938 — 4 ਮਾਰਚ, 2017) 90-99
- ਡਾ. ਰਣਧੀਰ ਸਿੰਘ ਚੰਦ
  (24 ਅਗਸਤ, 1943 — 26 ਮਾਰਚ, 1992) 100-109
- ਪ੍ਰਮਿੰਦਰਜੀਤ
  (01 ਜਨਵਰੀ, 1946 — 23 ਮਾਰਚ, 2015) 110-115
- ਅਮਿਤੋਜ
  (03 ਜੂਨ, 1947 — 20 ਅਗਸਤ, 2005) 116-125
- ਪ੍ਰੇਮ ਗੋਰਖੀ
  (15 ਜੂਨ, 1947 — 25 ਅਪ੍ਰੈਲ, 2021) 126-131
- ਪਾਸ਼
  (09 ਸਤੰਬਰ, 1950 — 23 ਮਾਰਚ, 1988) 132-144


●●

# ਮਨੋ-ਬਿੰਬਾਂ ਦੀ ਪੁਨਰ ਸਿਰਜਣਾ

ਇਸ ਪੁਸਤਕ ਵਿੱਚ ਸ਼ਾਮਿਲ ਨਿਬੰਧਾਂ ਨੂੰ ਲਿਖਦਿਆਂ, ਮੈਂ ਮਹਿਸੂਸ ਕੀਤਾ ਹੈ ਕਿ ਇਹ ਨਿਬੰਧ, ਮੇਰੇ ਵੱਲੋਂ ਉਨ੍ਹਾਂ ਸ਼ਖ਼ਸੀਅਤਾਂ ਨੂੰ ਅਰਪਿਤ ਕੀਤੇ ਜਾ ਰਹੇ ਸ਼ਰਧਾਂਜਲੀ-ਪੁਸ਼ਪ ਹਨ, ਜਿਨ੍ਹਾਂ ਨੇ ਮੇਰੀ ਜ਼ਿੰਦਗੀ ਨੂੰ ਨਿਖਾਰਨ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਇਹ ਸਾਰੇ ਵਿਅਕਤੀ, ਮੇਰੇ ਲਈ ਉਹ ਗਿਆਨ-ਪੁੰਜ ਹਨ, ਜਿਨ੍ਹਾਂ ਦੀ ਜ਼ਿੰਦਗੀ, ਜਿਨ੍ਹਾਂ ਦੇ ਕਾਰਜ ਅਤੇ ਜਿਨ੍ਹਾਂ ਦੀਆਂ ਲਿਖਤਾਂ ਮੇਰੀ ਸਮਝ ਨੂੰ, ਮੇਰੇ ਕੰਮ-ਕਾਜੀ ਚਲਨ ਨੂੰ, ਅਤੇ ਮੇਰੀ ਸਾਹਿਤਕ, ਸੱਭਿਆਚਾਰਕ ਅਤੇ ਰਾਜਸੀ ਸੂਝ ਨੂੰ, ਸੇਧ ਦਿੰਦੀਆਂ ਰਹੀਆਂ ਹਨ। ਉਨ੍ਹਾਂ ਦਾ ਸੰਗ-ਸਾਥ ਮੇਰੇ ਲਈ ਉਸ ਰੂਹਾਨੀਅਤ ਵਾਂਗ ਸੀ, ਜਿਸ ਦੇ ਅਸ਼ੀਰਵਾਦ ਨੇ, ਇਸ ਮਿੱਟੀ ਵਿੱਚ ਜਾਨ ਪਾਉਣ ਦਾ ਯਤਨ ਕੀਤਾ।

ਇਹ ਸ਼ਬਦ-ਚਿਤਰ ਉਲੀਕਦਿਆਂ ਮੇਰਾ ਮਕਸਦ, ਇਨ੍ਹਾਂ ਸ਼ਖ਼ਸੀਅਤਾਂ ਦੀਆਂ ਕਾਰਗੁਜ਼ਾਰੀਆਂ ਦਾ ਲੇਖਾ-ਜੋਖਾ ਪੇਸ਼ ਕਰਨਾ ਨਹੀਂ ਸੀ। ਮੈਂ ਸਿਰਫ਼ ਉਨ੍ਹਾਂ ਪਲਾਂ ਨੂੰ ਮੁੜ ਚਿਤਵਣਾ ਚਾਹਿਆ, ਜਿਹੜੇ ਮੈਂ ਉਨ੍ਹਾਂ ਨਾਲ ਬਿਤਾਏ ਸਨ।

ਬਿਤਾਏ ਹੋਏ ਪਲਾਂ ਦੇ ਸਰੂਰ ਨੂੰ, ਸ਼ਬਦ ਪ੍ਰਦਾਨ ਕਰਨ ਦਾ ਇਹ ਕਾਰਜ, ਉਨ੍ਹਾਂ ਮਨੋ-ਬਿੰਬਾਂ ਨੂੰ ਪੁਨਰ-ਸਿਰਜਤ ਕਰਨ ਮਾਤਰ ਹੈ, ਜੋ ਇਨ੍ਹਾਂ ਸ਼ਖ਼ਸੀਅਤਾਂ ਨਾਲ ਵਿਚਰਦੇ ਹੋਏ, ਇਨ੍ਹਾਂ ਨੂੰ ਨਿਹਾਰਦੇ ਹੋਏ, ਇਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਹੋਏ, ਇਨ੍ਹਾਂ ਬਾਰੇ ਸੋਚਦੇ ਹੋਏ ਅਤੇ ਇਨ੍ਹਾਂ ਬਾਰੇ ਹੋਰ ਲੋਕਾਂ ਨਾਲ ਗੱਲਾਂ ਕਰਦੇ ਹੋਏ, ਮੇਰੇ ਮਨ ਵਿੱਚ ਉਸਰਦੇ ਰਹੇ ਸਨ। ਇਹ ਕੋਈ ਕਲਪਿਤ ਕਹਾਣੀਆਂ ਨਹੀ ਹਨ, ਇਹ ਸਿਮਰਤੀਆਂ ਵਿੱਚ ਸਮਾਏ ਹੋਏ ਸੱਚ ਨੂੰ ਸ਼ਬਦਾਂ ਵਿੱਚ ਪ੍ਰੋਣ ਦੀ ਪ੍ਰਕਿਰਿਆ ਹਨ।

ਇਨ੍ਹਾਂ ਸਾਰੀਆਂ ਸ਼ਖ਼ਸੀਅਤਾਂ ਵਿੱਚ ਸਾਂਝੀ ਗੱਲ ਇਹ ਹੈ ਕਿ ਇਹ ਸਾਰੇ

ਸਾਹਿਤਕਾਰ ਸਨ। ਪਰ ਇਹ ਸਾਰੇ ਨਿਰੇ-ਪੁਰੇ ਸਾਹਿਤਕਾਰ ਹੀ ਨਹੀਂ ਸਨ। ਇਨ੍ਹਾਂ ਵਿੱਚ ਕੋਈ ਸੰਪਾਦਕ ਵੀ ਸੀ, ਕੋਈ ਪੱਤਰਕਾਰ ਵੀ ਸੀ, ਕੋਈ ਮੀਡੀਆ ਕਰਮੀ ਵੀ ਸੀ, ਕੋਈ ਰਾਜਸੀ ਆਗੂ ਜਾਂ ਸਮਾਜ ਸੁਧਾਰਕ ਵੀ ਸੀ। ਇਹ ਸਾਰੇ ਦੇ ਸਾਰੇ ਆਪਣੇ-ਆਪ ਵਿੱਚ ਵਿਲੱਖਣ ਸਨ। ਇਨ੍ਹਾਂ ਦੀ ਇਹ ਵਿਲੱਖਣਤਾ ਹੀ, ਜ਼ਿੰਦਗੀ ਵਿੱਚੋਂ ਇਨ੍ਹਾਂ ਦੇ ਗ਼ੈਰ-ਹਾਜ਼ਰ ਹੋ ਜਾਣ ਦੇ ਬਾਵਜੂਦ, ਇਨ੍ਹਾਂ ਨੂੰ ਹਾਜ਼ਰ ਰੱਖਦੀ ਹੈ। ਇਨ੍ਹਾਂ ਦੀ ਇਹ ਹਾਜ਼ਰੀ ਅਕਾਲਿਕ ਹੈ, ਪਾਰਗਾਮੀ ਹੈ।

ਆਪਣੇ ਮਨੋ-ਬਿੰਬਾਂ ਦੀ ਪੁਨਰ ਸਿਰਜਣਾ ਵਿੱਚ ਮੈਂ ਕਿੰਨਾ ਕੁ ਕਾਮਯਾਬ ਹੋਇਆ ਹਾਂ, ਇਸ ਦਾ ਮੈਨੂੰ ਪਤਾ ਨਹੀਂ ਹੈ। ਤੁਹਾਡੇ ਹੁੰਗਾਰੇ ਦੀ ਉਡੀਕ ਰਹੇਗੀ।

ਜਨਵਰੀ, 2024

**-ਡਾ. ਲਖਵਿੰਦਰ ਸਿੰਘ ਜੌਹਲ**

*20, ਪ੍ਰੋਫ਼ੈਸਰ ਕਾਲੋਨੀ,*

*ਵਾਡਾਲਾ ਚੌਕ, ਜਲੰਧਰ -144001*

# ਜਸਵੰਤ ਸਿੰਘ ਕੰਵਲ



(27 ਜੂਨ, 1919 — 1 ਫਰਵਰੀ, 2020)

# ਸੌ ਕੋਹ ਲੰਮੀ ਲੋਹ-ਕਥਾ

ਜਦੋਂ ਅਸੀਂ ਜਸਵੰਤ ਸਿੰਘ ਕੰਵਲ ਦੇ ਜਨਮ ਸ਼ਤਾਬਦੀ ਸਮਾਗਮ ਨੂੰ, ਉਸ ਦੀ ਹਾਜ਼ਰੀ ਵਿਚ ਮਨਾਉਣ ਲਈ, ਉਸ ਦੇ ਪਿੰਡ ਢੁੱਡੀਕੇ ਗਏ ਤਾਂ ਮੈਂ ਸੋਚ ਰਿਹਾ ਸੀ ਕਿ ਉਸ ਦੀ ਸੌ ਸਾਲ ਲੰਮੀ ਜੀਵਨ ਕਥਾ ਨੂੰ, ਕਿਸ ਸੰਗਿਆ ਨਾਲ ਸੰਬੋਧਨ ਕਰਾਂ? ਕਦੇ ਲਗਦਾ ਜਸਵੰਤ ਸਿੰਘ ਕੰਵਲ ਇਕ ਦੰਦ-ਕਥਾ ਹੈ। ਕਦੇ ਲਗਦਾ ਇਹ ਇਕ ਲੋਕ-ਕਥਾ ਹੈ ਤੇ ਫਿਰ ਲਗਦਾ ਅਸਲ ਵਿਚ ਇਹ ਇਕ ਲੋਹ-ਕਥਾ ਹੈ।

ਇਸ ਲੋਹ-ਕਥਾ ਦਾ ਆਗਾਜ਼ 27 ਜੂਨ, 1919 ਨੂੰ ਪਿੰਡ ਢੁੱਡੀਕੇ ਦੇ ਸਰਦਾਰ ਮਾਹਲਾ ਸਿੰਘ ਗਿੱਲ ਦੇ ਘਰ ਤੋਂ ਹੁੰਦਾ ਹੈ। ਸਰਲ-ਸਾਦੇ ਕਿਸਾਨੀ ਮਾਹੌਲ ਵਿਚ ਪੈਦਾ ਹੋਇਆ ਜਸਵੰਤ ਸਿੰਘ ਕੰਵਲ ਪੰਜਾਬੀਅਤ ਦੇ ਸਰਬੰਗੀ ਗੌਰਵ ਦਾ ਪ੍ਰਤੀਕ ਸੀ।ਇਸ ਸ਼ਾਨਾਮੱਤੀ ਸ਼ਖਸੀਅਤ ਦੇ ਵਿਕਾਸ ਦਾ ਅਦਭੁੱਤ ਸਿਲਸਿਲਾ 1943 ਵਿਚ 'ਜੀਵਨ ਕਣੀਆਂ' ਦੀ ਵਾਰਤਕ ਅਤੇ ਕਵਿਤਾ ਦੇ ਸਾਂਝੇ ਸੰਗ੍ਰਹਿ ਤੋਂ ਸ਼ੁਰੂ ਹੋਇਆ। ਅਗਲੇ ਸਾਲ 1944 ਵਿਚ ਆਏ ਉਸ ਦੇ ਪਹਿਲੇ ਹੀ ਨਾਵਲ 'ਸੱਚ ਨੂੰ ਫਾਂਸੀ' ਨਾਲ ਉਹ ਪੰਜਾਬੀ ਗਲਪ ਦੇ ਅਸਮਾਨ ਵਿਚ ਇਕ ਧਰੂ ਤਾਰੇ ਵਾਂਗ ਦਿਸਣ ਲੱਗ ਪਿਆ ਸੀ। ਇਹ ਇਕ ਅਜਿਹੀ ਬੁਲੰਦੀ ਸੀ, ਜਿਥੋਂ ਹੋਰ ਬੁਲੰਦੀਆਂ ਉੱਤੇ ਪਹੁੰਚਣ ਦੇ ਨਵੇਂ ਦਿਸਹੱਦੇ ਪਰਤੱਖ ਸਨ।

ਫਿਰ ਸਾਲ-ਦਰ-ਸਾਲ ਆਈਆਂ ਕਹਾਣੀਆਂ ਅਤੇ ਨਾਵਲਾਂ ਨੇ ਜਸਵੰਤ ਸਿੰਘ ਕੰਵਲ ਨੂੰ ਸਮਕਾਲੀ ਨਵੀਂ ਪੀੜ੍ਹੀ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲਕਾਰ ਬਣਾ ਦਿੱਤਾ। 'ਪਾਲੀ', 'ਪੂਰਨਮਾਸ਼ੀ', 'ਰਾਤ ਬਾਕੀ ਹੈ', 'ਰੂਪਧਾਰਾ', 'ਹਾਣੀ', 'ਮਿੱਤਰ ਪਿਆਰੇ ਨੂੰ', ਉਸ ਦੇ ਉਹ ਨਾਵਲ ਹਨ, ਜਿਨ੍ਹਾਂ ਨੂੰ ਉਸ ਵੇਲੇ ਦੇ ਹਰ ਪਾਠਕ ਨੇ ਨਾ ਸਿਰਫ ਪੜ੍ਹਿਆ ਸਗੋਂ ਮਾਣਿਆ ਵੀ। ਤਤਕਾਲੀ ਨਵੀਂ ਪੀੜ੍ਹੀ ਦਾ ਆਦਰਸ਼ ਬਣੇ, ਇਨ੍ਹਾਂ ਨਾਵਲਾਂ ਨੇ, ਜਸਵੰਤ ਸਿੰਘ ਕੰਵਲ ਦੀ ਉਸ ਪਛਾਣ ਨੂੰ ਹੋਰ ਗੂੜ੍ਹਾ ਕੀਤਾ, ਜਿਹੜੀ ਉਸ ਨੂੰ ਨਾਨਕ ਸਿੰਘ ਦੇ ਸਮਾਜ ਸੁਧਾਰਕ ਆਦਰਸ਼ ਤੋਂ ਨਿਖੇੜ ਕੇ ਪ੍ਰਗਤੀਵਾਦੀ-ਵਿਦਰੋਹੀ ਆਦਰਸ਼ ਨਾਲ ਜੋੜਦੀ ਸੀ। ਪਰ ਉਸ ਦਾ ਇਹ ਪ੍ਰਗਤੀਵਾਦੀ-ਵਿਦਰੋਹੀ ਆਦਰਸ਼ ਸਿੱਕੇਬੰਦ ਕਮਿਊਨਿਸਟ-ਕਥਾ ਤੋਂ ਭਿੰਨ ਹੈ। ਉਸ ਦੇ ਪਾਤਰ ਸਦਾ ਵਿਗਸਦੇ ਵਿਚਾਰਾਂ ਦੇ ਅਜਿਹੇ ਵਾਹਕ ਹਨ ,ਜਿਹੜੇ ਵਿਚਾਰਾਂ ਦੀ ਪੁਖਤਗੀ ਨੂੰ ਸਾਹਿਤਕੀ ਮਾਪਦੰਡਾਂ ਅਨੁਸਾਰ ਢਾਲਦੇ ਦਿੱਸਦੇ ਹਨ। ਪੇਂਡੂ ਜੀਵਨ ਦੀਆਂ ਸਰਲ

ਸਾਦੀਆਂ ਪਿਆਰ ਕਥਾਵਾਂ ਨੂੰ ਸਮਾਜਿਕ ਅਤੇ ਸੱਭਿਆਚਾਰਕ ਤਣਾਅ ਨਾਲ ਜੂਝਦੇ ਪਾਤਰਾਂ ਰਾਹੀਂ ਕਹਾਣੀ-ਰਸ ਦੀ ਪੁੱਠ ਚਾੜ੍ਹ ਕੇ ਰੌਚਿਕ ਬਣਾ ਲੈਣਾ ਅਤੇ ਸਮਾਜ ਨੂੰ ਬਦਲਣ ਦੇ ਸੁਨੇਹੇ ਨਾਲ ਵੀ ਓਤਪੋਤ ਕਰ ਲੈਣਾ ਜਸਵੰਤ ਸਿੰਘ ਕੰਵਲ ਦੇ ਇਨ੍ਹਾਂ ਨਾਵਲਾਂ ਦਾ ਸਹਿਜ ਵਿਧਾ-ਵਿਧਾਨ ਹੈ। ਇਹ ਪੰਜਾਬ ਦੀ ਉਸ ਵਿਦਰੋਹੀ ਪਰੰਪਰਾ ਦਾ ਨਾਵਲੀ ਰੂਪਾਂਤਰਣ ਹੈ, ਜਿਹੜੀ ਮੱਧਕਾਲ ਦੇ ਕਿੱਸਾ ਸਾਹਿਤ ਦਾ ਮੂਲ ਵਿਸ਼ਾ ਰਹੀ ਹੈ। ਪਰ ਇਸ ਦੀ ਮੌਲਿਕਤਾ ਇਹ ਹੈ ਕਿ ਇਸ ਵਿਚ ਸਮਾਜਿਕ ਤਬਦੀਲੀ ਦੀ ਉਹ ਚੇਤਨਾ ਵੀ ਪ੍ਰਵੇਸ਼ ਕਰ ਗਈ, ਜਿਹੜੀ ਆਧੁਨਿਕ ਸਮੇਂ ਦੀ ਲੋੜ ਸੀ। ਇਨ੍ਹਾਂ ਨਾਵਲਾਂ ਦੀ ਬਣਤਰ ਅਤੇ ਬੁਣਤਰ ਉਤੇ ਧਿਆਨ ਕੇਂਦਰਿਤ ਕਰੀਏ ਤਾਂ ਇਹ ਬੇਹੱਦ ਸਾਵੀਂ ਪੱਧਰੀ ਦਿਸਦੀ ਸੀ ਅਤੇ ਇਨ੍ਹਾਂ ਪਾਤਰਾਂ ਦੀ ਉਸਾਰੀ ਉੱਤੇ ਵੀ ਸਰਲ ਸਾਦੀ ਰੁਮਾਨੀਅਤ ਭਾਰੂ ਸੀ। ਇਹੀ ਰੁਮਾਨੀਅਤ ਇਨ੍ਹਾਂ ਨਾਵਲਾਂ ਦੇ ਕਥਾ ਪ੍ਰਵਾਹ ਨੂੰ ਅਤਿ ਪ੍ਰਭਾਵੀ ਬਣਾ ਦਿੰਦੀ ਸੀ। ਸ਼ਾਇਦ ਇਸੇ ਲਈ ਉਹ ਵਧੇਰੇ ਪੜ੍ਹੇ ਜਾਂਦੇ ਸਨ। ਸਾਦੀ ਬਣਤਰ ਅਤੇ ਬੁਣਤਰ ਵਾਲੇ ਨਾਵਲ ਲਿਖਣ ਦੇ ਬਾਵਜੂਦ ਉਹ ਆਪਣੇ ਦੌਰ ਦਾ ਸਭ ਤੋਂ ਵੱਧ ਹਰਮਨ-ਪਿਆਰਾ ਨਾਵਲਕਾਰ ਬਣਿਆ ਰਿਹਾ। ਉਸ ਦੀ ਰੁਮਾਨੀ ਬਿਰਤੀ ਦਾ ਇਕ ਨਿਵੇਕਲਾ ਪਾਸਾਰ ਇਹ ਸੀ ਕਿ ਉਹ ਆਪਣੀਆਂ ਜੜ੍ਹਾਂ, ਆਪਣੀ ਮਿੱਟੀ ਵਿਚ ਤਲਾਸ਼ਣ ਦਾ ਸ਼ੈਦਾਈ ਵੀ ਸੀ। ਨਿਵੇਕਲੀ ਰੁਮਾਨੀਅਤ ਦੇ ਇਸੇ ਤੇਜ਼ ਨੇ ਜਸਵੰਤ ਸਿੰਘ ਕੰਵਲ ਨੂੰ ਬਹੁਤ ਜਲਦੀ ਹੀ ਟਕਸਾਲੀ ਪ੍ਰਗਤੀਵਾਦੀਆਂ ਨਾਲੋਂ ਨਿਖੇੜ ਕੇ ਪੰਜਾਬ ਅਤੇ ਪੰਜਾਬੀਅਤ ਦੇ ਉਨ੍ਹਾਂ ਸੰਕਲਪਾਂ ਦੇ ਨੇੜੇ ਲੈ ਆਂਦਾ, ਜਿਹੜੇ ਪੰਜਾਬੀ ਕੌਮ ਨੂੰ ਉਸ ਦੇ ਮੌਲਿਕ ਜਾਂ ਮੂਲ ਸੁਭਾਅ ਅਨੁਸਾਰ ਵੇਖਣਾ ਅਤੇ ਵਿਸਥਾਰਨਾ ਚਾਹੁੰਦੇ ਸਨ।

ਇਨ੍ਹਾਂ ਦੋਵਾਂ ਪੈਂਤੜਿਆਂ ਦੇ ਵਿਚਕਾਰ ਉਸ ਦਾ ਇਕ ਹੋਰ ਨਾਵਲ 'ਲਹੂ ਦੀ ਲੋਅ' ਵੀ ਹੈ, ਜਿਹੜਾ ਨਕਸਲੀ ਆਗੂ ਹਾਕਮ ਸਿੰਘ ਸਮਾਓਂ ਦੀਆਂ ਜੀਵਨ ਘਟਨਾਵਾਂ ਅਤੇ ਸੰਘਰਸ਼ਾਂ ਦਾ ਨਾਵਲੀਕਰਨ ਹੈ। ਇਹ ਨਾਵਲ ਜਸਵੰਤ ਸਿੰਘ ਕੰਵਲ ਵਲੋਂ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਮੁੜ ਨਿਹਾਰਨ ਦੇ ਯਤਨਾਂ ਦੀ ਸ਼ੁਰੂਆਤ ਸੀ। ਇਸ ਨਾਵਲ ਦੀ ਆਮਦ ਨੇ ਰਵਾਇਤੀ ਪ੍ਰਗਤੀਵਾਦੀਆਂ ਦੀਆਂ ਅੱਖਾਂ ਚੁੰਧਿਆ ਦਿੱਤੀਆਂ। ਜਿਹੜਾ ਜਸਵੰਤ ਸਿੰਘ ਕੰਵਲ ਰੁਮਾਂਟਿਕ ਪ੍ਰਗਤੀਵਾਦੀਆਂ ਦਾ ਚਹੇਤਾ ਸੀ, ਉਹ ਜੁਝਾਰ-ਵਿਦਰੋਹੀ ਅਤੇ ਅਤਿ ਰੁਮਾਂਟਿਕ ਇਨਕਲਾਬੀ ਸਫ਼ਾਂ ਦਾ ਨਾਇਕ ਬਣ ਗਿਆ। ਸੱਤਰਵਿਆਂ ਦੇ ਅਖੀਰ ਵਿਚ ਜਗਤਪੁਰ ਲਿਖਾਰੀ ਸਭਾ ਦਾ ਵਿਸ਼ਾਲ ਸਮਾਗਮ ਮੇਰੇ ਚੇਤਿਆਂ ਵਿੱਚ ਥਹੁਤ ਡੂੰਘਾ ਧੱਸਿਆ ਹੋਇਆ ਹੈ। ਮਹਿੰਦਰ ਦੋਸਾਂਝ ਦੀ ਦੇਖ-ਰੇਖ ਹੇਠ ਹੋਇਆ ਇਹ ਸਮਾਗਮ ਅਦਭੁਤ ਸੀ। ਜਿਸ ਵਿਚ ਜੇਲ੍ਹ ਵਿਚੋਂ ਰਿਹਾਅ ਹੋਣ ਉਪਰੰਤ

"ਲਹੂ ਦੀ ਲੋਅ" ਦਾ ਨਾਇਕ ਹਾਕਮ ਸਿੰਘ ਸਮਾਓਂ ਆਪ ਵੀ ਸ਼ਾਮਿਲ ਹੋਇਆ ਸੀ। ਇਹ ਦਿਨ ਜਸਵੰਤ ਸਿੰਘ ਕੰਵਲ ਦੀ ਲੋਕਪ੍ਰਿਅਤਾ ਦਾ ਸਿਖ਼ਰ ਸਨ। ਇਸ ਵੇਲੇ ਮੈਂ "ਨਵਾਂ ਜ਼ਮਾਨਾ" ਵਿੱਚ ਉਪ ਸੰਪਾਦਕ ਵਜੋਂ ਕੰਮ ਕਰਦਾ ਸਾਂ। "ਨਵਾਂ ਜ਼ਮਾਨਾ" ਦੇ ਪਹਿਲੇ ਸਫ਼ੇ ਉੱਤੇ 'ਲਹੂ ਦੀ ਲੋਅ' ਬਾਰੇ ਮੈਂ ਵੱਡਾ ਲੇਖ ਲਿਖਿਆ। ਜਿਸ ਦਾ ਸਿਰਲੇਖ ਸੀ "ਲਹੂ ਦੀ ਲੋਅ – ਚਾਨਣ ਵੰਡੇ ਕਿ ਹਨ੍ਹੇਰਾ?" ਇਸ ਲੇਖ ਦਾ ਕਾਫ਼ੀ ਚਰਚਾ ਹੋਇਆ। ਰਵਾਇਤੀ ਕਮਿਉਨਿਸਟ ਪਾਰਟੀਆਂ ਦੇ ਆਗੂ ਅਤੇ ਕਾਰਕੁਨ ਜਸਵੰਤ ਸਿੰਘ ਕੰਵਲ ਵਿਰੁੱਧ ਰੋਹ ਨਾਲ ਭਰੇ ਪਏ ਸਨ। ਉਸ ਬਾਰੇ ਇਸ ਤਰ੍ਹਾਂ ਦਾ ਬਹੁਤ ਕੁਝ ਲਿਖਿਆ ਗਿਆ ਸੀ ।ਪਰ ਉਸ ਦੀ ਮਸਤ ਚਾਲ ਨੂੰ ਕੋਈ ਫ਼ਰਕ ਨਾ ਪਿਆ...

ਫਿਰ ਉਸ ਦੇ ਵਿਚਾਰਧਾਰਕ ਸਫ਼ਰ ਨੇ ਇਕ ਹੋਰ ਕਰਵਟ ਲਈ। ਉਹ ਪੰਜਾਬ ਸੰਕਟ ਵਿੱਚ ਸੱਤਾ ਦੇ ਸਿਤਮਾਂ ਨਾਲ ਵਲੂੰਧਰੇ ਜਾ ਰਹੇ ਪੰਜਾਬੀ ਜਜ਼ਬਿਆਂ ਦੀ ਬੁਲੰਦ ਜ਼ੁਬਾਨ ਬਣ ਗਿਆ ...

ਉਸ ਵਲੋਂ ਕੀਤੇ ਗਏ ਇਕ ਹੋਰ ਮਹੱਤਵ ਪੂਰਨ ਸੰਘਰਸ਼ ਦਾ ਜ਼ਿਕਰ ਵੀ ਜ਼ਰੂਰੀ ਹੈ, ਜਿਹੜਾ ਉਸ ਨੇ ਸੱਠਵਿਆਂ ਵਿਚ ਪੰਜਾਬੀ ਭਾਸ਼ਾ ਦੀ ਸਲਾਮਤੀ ਲਈ ਵਿੱਢਿਆ ਸੀ। ਇਹ ਉਹ ਦੌਰ ਸੀ ਜਦੋਂ ਪੰਜਾਬੀਆਂ ਨੂੰ ਉਨ੍ਹਾਂ ਦੀ ਮਾਤਾ ਭਾਸ਼ਾ ਤੋਂ ਵਿਛੁੰਨਣ ਦੀਆਂ ਗਹਿਰੀਆਂ ਸਾਜਿਸ਼ਾਂ ਅਜੇ ਸ਼ੁਰੂ ਹੀ ਹੋਈਆਂ ਸਨ। ਉਸ ਵੇਲੇ ਜਸਵੰਤ ਸਿੰਘ ਕੰਵਲ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਤੋਂ ਵੱਖਰੀਆਂ ਭਾਸ਼ਾ ਕਨਵੈਨਸ਼ਨਾਂ ਦੀ ਇਕ ਲਹਿਰ ਚਲਾਈ ਅਤੇ ਪੰਜਾਬੀ ਭਾਸ਼ਾ ਨੂੰ ਸੰਸਕ੍ਰਿਤ–ਹਿੰਦੀ–ਫ਼ਾਰਸੀ ਦੇ ਪ੍ਰਭਾਵ ਤੋਂ ਬਚਾਉਣ ਲਈ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਦੇ ਅਟੁੱਟ ਰਿਸ਼ਤੇ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਲਈ 'ਜਿਹਾ ਬੋਲੋ ਤੇਹਾ ਲਿਖੋ' ਦਾ ਹੋਕਾ ਦਿੱਤਾ। ਉਸ ਨੇ ਇਸ ਸਿਧਾਂਤ ਨੂੰ ਪੰਜਾਬੀ ਭਾਸ਼ਾ ਅਤੇ ਪੰਜਾਬੀ ਕੌਮ ਦੇ ਅਟੁੱਟ ਰਿਸ਼ਤੇ ਵਜੋਂ ਰੂਪਮਾਨ ਕਰਨ ਦਾ ਸੁਚੇਤ ਯਤਨ ਵੀ ਕੀਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਬਣਾਏ ਗਏ ਸੰਸਕ੍ਰਿਤ–ਹਿੰਦੀ ਪ੍ਰਭਾਵੀ ਪੰਜਾਬੀ 'ਸ਼ਬਦ ਜੋੜ ਕੋਸ਼' ਨੂੰ ਰੱਦ ਕਰਨਾ, ਉਸ ਦਾ ਇਕ ਸਾਹਸੀ ਅਤੇ ਵੱਡਾ ਵਿਦਰੋਹੀ ਫ਼ੈਸਲਾ ਸੀ। ਜਮਾਤਾਂ ਦੇ ਨਜ਼ਰੀਏ ਤੋਂ ਘੱਟ ਪੜ੍ਹੇ–ਲਿਖੇ ਹੋਣ ਦੇ ਬਾਵਜੂਦ, ਅਜਿਹਾ ਦੂਰਅੰਦੇਸ਼ੀ ਵਾਲਾ ਅਕਾਦਮਿਕ ਅਮਲ ਜਸਵੰਤ ਸਿੰਘ ਕੰਵਲ ਦਾ ਉਹ ਹਾਸਲ ਹੈ, ਜਿਹੜਾ ਉਸ ਨੂੰ, ਉਨ੍ਹਾਂ ਪੰਜਾਬੀ ਲੇਖਕਾਂ ਨਾਲੋਂ ਨਿਖੇੜ ਦਿੰਦਾ ਹੈ, ਜਿਹੜੇ ਖੋਪੇ ਲੱਗੇ ਬਲਦ ਵਾਂਗੂ, ਸਾਊ ਬਣੇ ਹੋਏ, ਪਹਿਲਾਂ ਪਈਆਂ ਪੈੜਾਂ ਨੂੰ ਹੀ ਹੋਰ ਗੂੜ੍ਹਾ ਕਰੀ ਜਾਣ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਅਜੇਹਾ ਕਰਨ ਵਿੱਚ ਹੀ ਅ ਆਨੰਦ ਪ੍ਰਾਪਤ ਕਰਦੇ ਸਨ।

ਸਵੈ, ਸਮਾਜ ਅਤੇ ਸੱਤਾ ਨਾਲ ਉਸ ਵਲੋਂ ਲੜੇ ਗਏ ਸਹਿਜ ਸੰਘਰਸ਼ ਦੀਆਂ

ਗਹਿਰੀਆਂ ਪਰਤਾਂ ਨੂੰ ਨਿਹਾਰਨਾ, ਮੈਨੂੰ ਅੱਜ ਵੀ ਅੰਤਾਂ ਦਾ ਸਕੂਨ ਦਿੰਦਾ ਹੈ। ਉਸਨੇ ਤੀਹ ਤੋਂ ਵੱਧ ਨਾਵਲ, ਬਾਰਾਂ ਕਹਾਣੀ ਸੰਗ੍ਰਿਹ, ਕੁਝ ਰੇਖਾ-ਚਿੱਤਰ, ਜੀਵਨ ਯਾਦਾਂ,ਅਤੇ ਦਰਜਨਾਂ ਨਿਬੰਧ ਲਿਖੇ। ਉਸਦੀ ਆਖ਼ਰੀ ਕਿਤਾਬ 2017 ਵਿਚ ਛਪੀ ਸੀ -"ਧੁਰ ਦਰਗਾਹ"।....... ਉਸਦੀ ਇਕ ਹੋਰ ਗੱਲ ਕਮਾਲ ਦੀ ਸੀ -- ਉਹ ਜਦੋਂ ਆਪਣੇ ਸਨੇਹੀਆਂ ਅਤੇ ਦੋਸਤਾਂ ਨੂੰ ਖ਼ਤ ਲਿਖਦਾ ਤਾਂ ਹੇਠਾਂ ਆਪਣਾ ਨਾਮ ਲਿਖਣ ਦੀ ਥਾਂ ਪੈਨ ਨਾਲ ਕਮਲ ਦਾ ਫੁੱਲ ਬਣਾ ਦਿੰਦਾ...

...

ਉਸ ਨੂੰ ਮਿਲਦਿਆਂ ਇਹ ਅਹਿਸਾਸ ਕਦੇ ਨਹੀਂ ਸੀ ਹੁੰਦਾ ਕਿ ਅਸੀਂ ਇਕ ਯੁਗ ਪੁਰਸ਼ ਨੂੰ ਮਿਲ ਰਹੇ ਹਾਂ। 1998 ਵਿੱਚ ਜਦੋਂ "ਤੌਸ਼ਾਲੀ ਦੀ ਹੰਸੋ" ਲਈ ਉਸ ਨੂੰ ਭਾਰਤੀ ਸਾਹਿੱਤ ਅਕਾਦਮੀ ਦਾ ਪੁਰਸਕਾਰ ਮਿਲਿਆ ਤਾਂ ਉਸ ਨਾਲ ਮੈਂ ਦੂਰਦਰਸ਼ਨ ਲਈ ਇਕ ਘੰਟੇ ਦਾ ਰੂਬਰੂ ਰਿਕਾਰਡ ਕੀਤਾ ਸੀ। ਉਸ ਰੂਬਰੂ ਵਿੱਚ ਵੀ ਉਸ ਨੇ ਪੰਜਾਬ ਦੇ ਮਸਲਿਆਂ ਉੱਤੇ ਬੇਹੱਦ ਬੇਬਾਕ ਗੱਲਾਂ ਕੀਤੀਆਂ ਸਨ।.......

ਉਸ ਦੇ ਸੌਵੇਂ ਜਨਮ ਦਿਨ 'ਤੇ ਉਸ ਨੂੰ ਪੰਜਾਬ ਕਲਾ ਪ੍ਰੀਸ਼ਦ ਵਲੋਂ "ਪੰਜਾਬ ਗੌਰਵ ਪੁਰਸਕਾਰ" ਦੇਣ ਲਈ ਜਦੋਂ ਸੁਰਜੀਤ ਪਾਤਰ ਅਤੇ ਮੈਂ ਉਸ ਦੇ ਪਿੰਡ ਢੁੱਡੀਕੇ ਗਏ ਤਾਂ ਆਪਣੇ ਘਰ ਦੇ ਬਾਹਰ ਵਾਲੇ ਹਿੱਸੇ ਵਿਚ ਰੁੱਖਾਂ ਦੀ ਠੰਢੀ ਛਾਵੇਂ ਬੈਠਾ ਉਹ, ਸਾਹਿਤਕਾਰਾਂ ਨੂੰ ਆਪਣੀਆਂ ਯਾਦਾਂ ਸੁਣਾ ਰਿਹਾ ਸੀ। ਪਿੰਡ ਵਿਚ ਹੀ ਬਣੀ ਹੋਈ ਲਾਲਾ ਲਾਜਪਤ ਰਾਏ ਅਤੇ ਹੋਰ ਦੇਸ਼ ਭਗਤਾਂ ਦੀ ਯਾਦਗਾਰ ਵਿਖੇ, ਇਕ ਸਮਾਗਮ ਕਰਕੇ ਪੁਰਸਕਾਰ ਭੇਟ ਕੀਤਾ ਗਿਆ। ਇਸ ਸਮਾਗਮ ਵਿੱਚ ਉਹਨਾਂ ਦੇ ਸਪੁੱਤਰ ਸਰਬਜੀਤ ਸਿੰਘ ਗਿੱਲ, ਉਨ੍ਹਾਂ ਦੀ ਸਪੁੱਤਰੀ ਰੁਪਇੰਦਰਜੀਤ ਕੌਰ , ਉੱਘੇ ਇਤਿਹਾਸਕਾਰ ਉਹਨਾਂ ਦੇ ਦੋਹਤੇ ਸੁਮੇਲ ਸਿੰਘ ਸਿੱਧੂ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਸਾਹਿਤਕਾਰ ਸ਼ਾਮਿਲ ਹੋਏ। ਜਸਵੰਤ ਸਿੰਘ ਕੰਵਲ ਦੇ ਚਿਹਰੇ ਦੀ ਚਮਕ ਅਦਭੁੱਤ ਚਾਨਣ ਬਖੇਰ ਰਹੀ ਸੀ। ਪਰ ਬੋਲਾਂ ਦੀ ਗੜ੍ਹਕ ਗਾਇਬ ਸੀ। ਧੀਮੇ ਬੋਲਾਂ ਵਿੱਚੋਂ ਵੀ, ਪੰਜਾਬ ਦਾ ਦਰਦ ਅਤੇ ਪੰਜਾਬ ਦੇ ਭਵਿੱਖ ਦੀ ਚਿੰਤਾ ਝਰ ਰਹੀ ਅਜੇ ਵੀ ਪਰਤੱਖ ਦਿਸਦੀ ਸੀ। ..........

ਫੇਰ ਅਚਾਨਕ ਖਬਰ ਆਈ...ਉਹ ਬਹੁਤ ਬਿਮਾਰ ਸੀ... ਸੁਮੇਲ ਸਿੱਧੂ ਨੂੰ ਫੋਨ ਕੀਤਾ ਤਾਂ ਉਸਨੇ ਦੱਸਿਆ ਕਿ ਨੀਮ ਬੇਹੋਸ਼ੀ ਦੀ ਹਾਲਤ ਵਿੱਚ ਹਨ। ਪਾਤਰ ਸਾਹਿਬ ਤੇ ਮੈਂ ਚੰਡੀਗੜ੍ਹ ਤੋਂ ਢੁੱਡੀਕੇ ਪਹੁੰਚ ਗਏ। ਘਰ ਦੇ ਪਿਛਲੇ ਕਮਰੇ ਵਿੱਚ ਉਹ ਅਧ-ਸੁੱਤੀ ਜਿਹੀ ਹਾਲਤ ਵਿੱਚ ਸੀ। ਹਾਲ ਚਾਲ ਪੁੱਛਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਸੀ। ਸੁਮੇਲ ਸਾਨੂੰ ਅੰਦਰ ਲੈ ਕੇ ਗਿਆ। ਉਸਨੇ ਉੱਚੀ ਆਵਾਜ਼ ਵਿੱਚ ਕਿਹਾ "ਪਾਤਰ ਸਾਹਿਬ ਅਤੇ

ਜੌਹਲ ਆਏ ਹਨ" ਉਸ ਨੇ ਅੱਖਾਂ ਖੋਲ੍ਹੀਆਂ...ਇਸ਼ਾਰੇ ਨਾਲ ਕੋਲ ਆਉਣ ਲਈ ਕਿਹਾ... ਅਸੀਂ ਕੋਲ ਗਏ...ਉਸ ਨੇ ਉੱਠਣ ਦੀ ਇੱਛਾ ਪ੍ਰਗਟਾਈ... ਅਸੀਂ ਫੜਕੇ ਉਸ ਨੂੰ ਅੱਧਾ ਕੁ ਉਠਾਇਆ...ਰਜਾਈ ਦੇ ਢਾਸਣੇ ਨਾਲ ਉਹ ਅੱਧਾ ਕੁ ਬੈਠ ਗਿਆ ਪਰ ਕੋਈ ਗੱਲ ਨਾ ਕਰ ਸਕਿਆ... ਫੇਰ... ਪਹਿਲੀ ਫ਼ਰਵਰੀ 2020 ਦਾ ਮਨਹੂਸ ਦਿਨ ਉਸ ਦੇ ਚਲੇ ਜਾਣ ਦੀ ਖਬਰ ਲੈਣ ਕੇ ਆਇਆ।......

ਸ਼ਬਦਾਂ ਅਤੇ ਵਿਚਾਰਾਂ ਦਾ ਅਦਭੁੱਤ ਸੰਜੋਅ ਉਸ ਦੀ ਸ਼ਖ਼ਸੀਅਤ ਦਾ ਸਹਿਜ ਸੀ। ਉਸ ਦੀ ਨਿੱਜੀ ਜ਼ਿੰਦਗੀ ਦੇ ਕਿੱਸੇ ਵੀ ਓਨੇ ਹੀ ਨਾਵਲੀ ਹਨ, ਜਿੰਨੀਆਂ ਉਸ ਦੀਆਂ ਲਿਖਤਾਂ। ਕਦੇ ਅਤਿ ਦੇ ਤਣਾਅ ਨਾਲ ਭਰਪੂਰ ਤੇ ਕਦੇ ਅਤਿ ਦੀ ਸਹਿਜਤਾ ਨਾਲ ਸ਼ਾਂਤ। ਉਹ ਪੰਜਾਬੀਅਤ ਦੇ ਦਰਦ ਦਾ ਉਹ ਦਰਿਆ ਸੀ, ਜੋ ਕਦੇ ਪੱਥਰਾਂ ਨਾਲ ਟੱਕਰਾਂ ਮਾਰਦਾ ਹੋਇਆ ਉੱਛਲਦਾ ਹੈ, ਕਿਨਾਰੇ ਤੋੜਦਾ ਹੈ ਤੇ ਕਦੇ ਸ਼ਾਂਤ ਵਗਦਾ ਹੋਇਆ ਰਮਣੀਕ ਵਾਦੀਆਂ ਨੂੰ ਹੋਰ ਸੀਤਲ ਕਰਦਾ ਸੀ। ਉਸ ਦੀ ਸ਼ਖ਼ਸੀਅਤ ਪਿੰਡ ਢੁੱਡੀਕੇ ਦੀ ਜੂਹ ਵਿਚੋਂ ਨਿਕਲੀ ਪੰਜਾਬੀਅਤ ਦੀ ਉਹ ਸਦਾ ਸੀ, ਜਿਹੜੀ ਪੰਜਾਬ ਦੀ ਨਾਬਰੀ-ਪਰੰਪਰਾ ਨੂੰ ਨਿੱਤ ਨਵੇਂ ਪਾਸਾਰ ਅਤੇ ਨਿਖਾਰ ਦਿੰਦੀ ਰਹੀ। ਪੰਜਾਬੀਅਤ ਦੀ ਰੂਹ ਜਸਵੰਤ ਸਿੰਘ ਕੰਵਲ ਦੀ ਰੂਹ ਵਿੱਚ, ਇਸ ਕਦਰ ਰਮ ਚੁੱਕੀ ਸੀ ਕਿ ਦੋਹਾਂ ਨੂੰ ਇਕ ਦੂਸਰੇ ਤੋਂ ਵਿਛੁੰਨਣਾ ਮੁਸ਼ਕਿਲ ਸੀ।

ਸਹਿਜ ਰੂਪ ਵਿਚ ਦਿੱਸਦੀ ਇਹ ਸਾਧਾਰਨ ਕਥਾ, ਅਸਲ ਵਿਚ ਅਸਾਧਾਰਨ ਕਥਾ ਹੈ, ਜਿਸ ਦੀਆਂ ਗਹਿਰੀਆਂ ਪਰਤਾਂ ਨੂੰ ਜਿੰਨਾ ਫਰੋਲੀਏ, ਓਨੀਆਂ ਇਹ ਹੋਰ ਗਹਿਰੀਆਂ ਦਿੱਸਦੀਆਂ ਹਨ। ਜਸਵੰਤ ਸਿੰਘ ਕੰਵਲ ਦੀ ਜੀਵਨ-ਕਥਾ, ਦੰਦ-ਕਥਾ, ਲੋਕ-ਕਥਾ ਅਤੇ ਅਸਾਧਾਰਨ ਲੋਹ-ਕਥਾ ਨੂੰ ਸੌ ਸੌ ਸਲਾਮਾਂ।

••

# ਸੰਤੋਖ ਸਿੰਘ ਧੀਰ



(02 ਦਸੰਬਰ, 1920 — 8 ਫਰਵਰੀ, 2010)

# ਬਾਰੂ ਤਾਂਗੇ ਵਾਲਾ

ਸਾਲ 2020 ਸੰਤੋਖ ਸਿੰਘ ਧੀਰ ਦਾ ਜਨਮ ਸ਼ਤਾਬਦੀ ਸਾਲ ਸੀ। ਬਹੁਤ ਸਾਰੀਆਂ ਸਾਹਿਤ ਸਭਾਵਾਂ ਨੇ ਉਸ ਨੂੰ ਯਾਦ ਕੀਤਾ। ਬਹੁਤ ਸਾਰੇ ਸਮਾਗਮ ਹੋਏ...। ਉਸ ਦੇ ਭਤੀਜੇ ਸੰਜੀਵਨ ਤੇ ਰੰਜੀਵਨ ਲਗਭਗ ਸਾਰੀਆਂ ਵੱਡੀਆਂ ਸੰਸਥਾਵਾਂ ਕੋਲ ਪਹੁੰਚੇ ਤਾਂ ਕਿ ਕੋਈ ਹੋਰ ਵੱਡਾ ਸਮਾਗਮ ਵੀ ਕੀਤਾ ਜਾ ਸਕੇ...... ਪਰ ਹੋ ਨਾ ਸਕਿਆ। ਇਕ ਦਿਨ ਉਸ ਦਾ ਫੋਨ ਆਇਆ, "ਸਾਡੇ ਕੋਲ ਧੀਰ ਸਾਹਿਬ ਦੀ ਡਾਕਟਰ ਮਹਿੰਦਰ ਸਿੰਘ ਰੰਧਾਵਾ ਨਾਲ ਇਕ ਪੁਰਾਣੀ ਤਸਵੀਰ ਹੈ। ਅਸੀਂ ਚਾਹੁੰਦੇ ਹਾਂ ਕਿ ਇਹ ਤਸਵੀਰ ਪੰਜਾਬ ਕਲਾ ਪਰਿਸ਼ਦ ਵਿਚ ਲੱਗੀਆਂ ਹੋਈਆਂ ਹੋਰ ਤਸਵੀਰਾਂ ਨਾਲ ਹੀ ਲਗਾ ਦਿੱਤੀ ਜਾਵੇ ਤਾਂ ਕਿ ਇਹ ਤਸਵੀਰ ਵੀ ਰੰਧਾਵਾ ਫੋਟੋ ਗੈਲਰੀ ਦਾ ਅੰਗ ਬਣ ਜਾਵੇ।" ਅਸੀਂ ਇਕਦਮ ਇਸ ਦੀ ਹਾਮੀ ਭਰ ਦਿੱਤੀ... ਉਹ ਬੜੇ ਸਤਿਕਾਰ ਨਾਲ ਤਸਵੀਰ ਫਰੇਮ ਕਰਾ ਕੇ ਲਿਆਏ ਅਤੇ ਇਹ ਤਸਵੀਰ ਗੈਲਰੀ ਦਾ ਸ਼ਿੰਗਾਰ ਬਣ ਗਈ ਪਰ ਇਸ ਦੀ ਸਥਾਪਨਾ ਲਈ ਕੋਈ ਸਮਾਗਮ ਨਾ ਕੀਤਾ ਜਾ ਸਕਿਆ। ਮੈਂ ਕਈ ਦਿਨਾਂ ਬਾਅਦ ਕਲਾ ਭਵਨ ਗਿਆ, ਨਵੀਂ ਲੱਗੀ ਤਸਵੀਰ ਵੇਖ ਕੇ ਬਹੁਤ ਖ਼ੁਸ਼ ਹੋਇਆ... ਚੌਦਾਂ ਕੁ ਸਾਲ ਪਹਿਲਾਂ ਅੱਠ ਫਰਵਰੀ, 2010 ਨੂੰ ਸੰਤੋਖ ਸਿੰਘ ਧੀਰ ਸਾਥੋਂ ਵਿਛੜ ਗਿਆ ਸੀ। ਏਨੇ ਕੁ ਸਾਲਾਂ ਵਿੱਚ ਹੀ ਪੰਜਾਬੀ ਸਾਹਿਤ ਨੂੰ, ਸੰਸਥਾਵਾਂ ਨੂੰ, ਅਤੇ ਉਸ ਦੇ ਆਲੇ-ਦੁਆਲੇ ਰਹਿਣ ਵਾਲਿਆਂ ਨੂੰ, ਜਿਵੇਂ ਉਹ ਭੁੱਲਣਾ ਸ਼ੁਰੂ ਹੋ ਗਿਆ ਸੀ। ਉਸ ਨੂੰ ਜਿਵੇਂ ਯਾਦ ਕਰਨਾ ਚਾਹੀਦਾ ਹੈ। ਉਵੇਂ ਹੋ ਨਹੀਂ ਰਿਹਾ। ਕਿੰਨੇ ਨਾ-ਸ਼ੁਕਰੇ ਹਾਂ ਅਸੀਂ। ਮੇਰਾ ਮਨ ਬਹੁਤ ਉਦਾਸ ਹੋ ਗਿਆ।'

ਉਹ ਇਕ ਪ੍ਰਤੀਬੱਧ ਰਚਨਾਕਾਰ ਸੀ। ਸਾਹਿਤ, ਜ਼ਿੰਦਗੀ ਅਤੇ ਮਨੁੱਖਤਾ ਪ੍ਰਤੀ ਇਕੋ ਜਿੰਨਾ ਪ੍ਰਤੀਬੱਧ। ਪਰ ਸਾਡੀ ਪ੍ਰਤੀਬੱਧਤਾ ਕਿੱਥੇ ਹੈ?

ਸੰਤੋਖ ਸਿੰਘ ਧੀਰ ਨੂੰ ਪਹਿਲੀ ਵਾਰ ਮੈਂ ਦੁਆਬੇ ਦੀ ਰਾਜਧਾਨੀ ਵਜੋਂ ਜਾਣੇ ਜਾਂਦੇ ਆਪਣੇ ਪਿੰਡ ਜੰਡਿਆਲਾ ਮੰਜਕੀ ਵਿਖੇ ਹੀ ਮਿਲਿਆ ਸੀ। ਅਸੀਂ ਨੌਜਵਾਨ ਸਭਾ ਵਲੋਂ ਕਵੀ ਦਰਬਾਰ ਕਰਵਾਇਆ ਸੀ। ਇਹ 1972 ਦੀ ਇਕ ਰਾਤ ਸੀ। ਇਸ ਕਵੀ ਦਰਬਾਰ ਵਿੱਚ ਸੰਤੋਖ ਸਿੰਘ ਧੀਰ ਨੇ ਨਵੇਂ ਬਣੇ ਦੇਸ਼ ਬੰਗਲਾ ਦੇਸ਼ ਬਾਰੇ ਕਵਿਤਾ ਪੜ੍ਹੀ। ਕਵਿਤਾ ਦਾ ਸਿਰਲੇਖ ਸੀ 'ਰੌਸ਼ਨ ਆਰਾ'। ਉਸ ਦੀ ਵਾਰ-ਵਾਰ ਤਣ ਰਹੀ ਉਂਗਲੀ ਬੰਗਲਾ ਦੇਸ਼ ਦੇ

ਲੋਕਾਂ ਵਲੋਂ ਕੀਤੀਆਂ ਗਈਆਂ ਕੁਰਬਾਨੀਆਂ ਦਾ ਝੰਡਾ ਬੁਲੰਦ ਕਰ ਰਹੀ ਸੀ। ਭਾਰਤ ਦੀ ਹਿੰਮਤ ਦੀ ਸ਼ਲਾਘਾ ਅਤੇ ਬੰਗਲਾ ਯੋਧਿਆਂ ਪ੍ਰਤੀ ਹਮਦਰਦੀ ਨਾਲ ਭਰੀ ਹੋਈ ਇਹ ਕਵਿਤਾ ਪੜ੍ਹ ਕੇ ਧੀਰ ਸਾਹਿਬ ਬੈਠੇ ਤਾਂ ਮੋਹਨਜੀਤ ਦੀ ਵਾਰੀ ਆਈ। ਉਸ ਨੇ ਜੋ ਕਵਿਤਾ ਪੜ੍ਹੀ ਉਸ ਦੇ ਬੋਲ ਕੁਝ ਇਸ ਤਰ੍ਹਾਂ ਸਨः–

ਆਹ ਲੈ ਚੁੱਕ
ਆਪਣੀ ਹਮਦਰਦੀ ਦੀ
ਰਬੜ ਦੀ ਗੁੱਡੀ
ਮੈਨੂੰ ਨਹੀਂ ਚਾਹੀਦਾ
ਤੇਰੇ ਤਰਸ ਦਾ
ਕੱਚ ਦਾ ਲੂੰਬੜ...

ਮੈਨੂੰ ਲੱਗਿਆ ਉਹ ਸੰਤੋਖ ਸਿੰਘ ਧੀਰ ਨੂੰ ਕਹਿ ਰਿਹਾ ਹੈ... ਤੱਤੇ ਦਿਨਾਂ ਵਿੱਚ ਧੀਰ ਦੀ ਠੰਢੀ ਕਵਿਤਾ ਹੋਰ ਵੀ ਠਰ ਗਈ ਸੀ...

ਇਸ ਕਵੀ ਦਰਬਾਰ ਵਿੱਚ ਹੀ ਮੈਨੂੰ ਪਹਿਲੀ ਵਾਰ ਪਤਾ ਲੱਗਾ ਕਿ ਸੰਤੋਖ ਸਿੰਘ ਧੀਰ ਕਵੀ ਵੀ ਹੈ। ਮੈਂ ਸਕੂਲ ਦੇ ਪਾਠਕ੍ਰਮ ਵਿੱਚ ਉਸ ਦੀ ਕਹਾਣੀ 'ਸਵੇਰ ਹੋਣ ਤੱਕ' ਪੜ੍ਹ ਚੁੱਕਿਆ ਸਾਂ। ਇਹ ਕਹਾਣੀ ਮੈਂ ਆਪਣੀ ਅਨਪੜ੍ਹ ਮਾਂ ਨੂੰ ਕਈ ਵਾਰ ਉੱਚੀ ਉੱਚੀ ਪੜ੍ਹ ਕੇ ਸੁਣਾਉਂਦਾ ਰਿਹਾ ਸਾਂ। ਸਾਨੂੰ ਇਹ ਕਹਾਣੀ ਆਪਣੇ ਪਰਿਵਾਰ ਦੀ ਹੀ ਕਹਾਣੀ ਲਗਦੀ... ...ਉਸ ਦੇ ਪਾਤਰਾਂ ਦੀ ਹੋਣੀ ਹੀ ਸਾਡੀ ਹੋਣੀ ਸੀ। ਸਧਾਰਨ ਪੇਂਡੂਆਂ ਦੀ ਹੋਣੀ... ...

ਪੜ੍ਹਾਈ ਵਿੱਚੇ ਛੱਡ ਕੇ ਮੈਂ 'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਆ ਗਿਆ ਤਾਂ ਸੰਤੋਖ ਸਿੰਘ ਧੀਰ ਨਾਲ ਮੁਲਾਕਾਤਾਂ ਦਾ ਸਿਲਸਿਲਾ ਆਮ ਹੋ ਗਿਆ। ਉਹਨਾਂ ਦੀ ਵੱਡੀ ਧੀ ਨਵਰੂਪ ਦੇ ਜੀਵਨ ਸਾਥੀ ਅਤੇ ਸਾਡੇ ਸਹਿਕਰਮੀ ਬਲਜੀਤ ਪੰਨੂੰ ਦੀ ਸੜਕ ਹਾਦਸੇ ਵਿੱਚ ਹੋਈ ਭਿਆਨਕ ਮੌਤ ਨੇ, ਸਾਨੂੰ ਸਭ ਨੂੰ ਝੰਜੋੜ ਸੁਟਿਆ ਸੀ। ਧੀਰ ਸਾਹਿਬ ਪੂਰੀ ਤਰਾਂ ਟੁੱਟ ਗਏ ਸਨ। ਹਾਦਸੇ ਤੋਂ ਕਈ ਮਹੀਨੇ ਬਾਅਦ ਤੱਕ ਵੀ, ਉਨ੍ਹਾਂ ਨੂੰ 'ਨਵਾਂ ਜ਼ਮਾਨਾ' ਦੀ ਮੇਜ਼ ਤੇ ਬੈਠੇ ਪਰਲ ਪਰਲ ਹੰਝੂੰ ਵਹਾਉਂਦੇ ਮੈਂ ਕਈ ਵਾਰ ਵੇਖਿਆ ਸੀ...

ਪੰਜਾਬ ਸੰਕਟ ਦੇ ਦਿਨਾਂ ਵਿੱਚ ਉਹ ਬਹੁਤ ਪ੍ਰੇਸ਼ਾਨ ਸੀ ਅਤੇ ਕਵਿਤਾ ਉੱਤੇ ਵਧੇਰੇ ਕੇਂਦਰਿਤ ਹੋ ਰਿਹਾ ਸੀ। ਇਨ੍ਹਾਂ ਦਿਨਾਂ ਵਿਚ ਹੀ ਉਸ ਨੇ ਆਪਣੀ ਬੁਲੰਦ ਕਵਿਤਾ ਬੜਾ 'ਬਦਮਾਸ਼ ਹੈ ਔਰੰਗਜ਼ੇਬ' ਲਿਖੀ ਸੀ... ...

ਇਹ ਕਵਿਤਾ ਉਹ ਆਪ ਲੈ ਕੇ 'ਨਵਾਂ ਜ਼ਮਾਨਾ' ਆਏ ਸਨ। ਮੈਂ ਇਹ ਕਵਿਤਾ 'ਨਵਾਂ ਜ਼ਮਾਨਾ' ਦੇ ਮੈਗਜ਼ੀਨ ਵਿੱਚ ਛਾਪੀ ਸੀ।ਸਹਿਮੇ ਹੋਏ ਦਿਨਾਂ ਵਿੱਚ ਵੀ ਦਹਾੜਦੀ ਹੋਈ ਅਜਿਹੀ ਕਵਿਤਾ, ਕਵੀ ਦੀ ਜ਼ਮੀਰ ਦਾ ਉਹ ਸੱਚ ਸੀ,ਜੋ ਵਿਚਾਰਧਾਰਾ ਦੀ ਧਾਰ ਹੀ ਕਿਸੇ ਸੱਚੇ-ਸੁੱਚੇ ਇਨਸਾਨ ਨੂੰ ਬਖ਼ਸ਼ਦੀ ਹੈ। ਇਹੀ ਸੱਚ ਸੰਤੋਖ ਸਿੰਘ ਧੀਰ ਦੀ ਪਛਾਣ ਸੀ। ਜੋ ਹਮੇਸ਼ਾ ਉਸ ਦੇ ਨਾਲ-ਨਾਲ ਰਿਹਾ।

ਉਹ ਮਾਰਕਸਵਾਦੀ,ਲੈਲਿਨਵਾਦੀ, ਸਮਾਜਵਾਦੀ, ਪ੍ਰਗਤੀਵਾਦੀ ਸਭ ਕੁਝ ਸੀ, ਪਰ ਜ਼ਿੰਦਗੀ ਦੀਆਂ ਅਥਾਹ ਦੁਸ਼ਵਾਰੀਆਂ ਦੇ ਬਾਵਜੂਦ ਉਹ ਸਮਝੌਤਾਵਾਦੀ ਨਹੀਂ ਸੀ। ਜ਼ਿੰਦਗੀ ਨੂੰ ਜਿਊਣ ਦੇ ਉਸ ਦੇ ਆਪਣੇ ਅਸੂਲ ਸਨ। ਇਨ੍ਹਾਂ ਅਸੂਲਾਂ ਨੂੰ ਹਰ ਹਾਲਤ ਵਿੱਚ ਨਿਭਾਉਣ ਲਈ ਉਹ ਜਨੂੰਨ ਹੀ ਹੱਦ ਤੱਕ ਲੜਾਈ ਲੜਦਾ ਸੀ। ਅਜਿਹੀ ਲੜਾਈ ਉਸ ਨੇ ਪੰਜਾਬ ਸਰਕਾਰ ਦੇ 'ਜਾਗ੍ਰਿਤੀ' ਰਸਾਲੇ ਨਾਲ ਵੀ ਲੜੀ, ਭਾਸ਼ਾ ਵਿਭਾਗ ਨਾਲ ਵੀ ਲੜੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਵੀ ਲੜੀ, ਲਾਹੌਰ ਬੁੱਕ ਸ਼ਾਪ ਵਾਲੇ ਜੀਵਨ ਸਿੰਘ ਨਾਲ ਵੀ ਲੜੀ ਅਤੇ ਦੂਰਦਰਸ਼ਨ ਨਾਲ ਵੀ ਲੜੀ।

'ਜਾਗ੍ਰਿਤੀ' ਰਸਾਲੇ ਉੱਤੇ ਉਸ ਨੇ ਆਪਣੀਆਂ ਰਚਨਾਵਾਂ ਨੂੰ ਤੋੜ-ਮਰੋੜ ਕੇ ਛਾਪਣ ਦਾ ਮੁਕੱਦਮਾ ਕੀਤਾ ਸੀ। ਪਹਿਲੀ ਵਾਰ ਇਹ ਮੁਕੱਦਮਾ ਉਹ ਹਾਰ ਗਿਆ ਸੀ। ਜਿਸ ਵਿਚ ਉਸ ਨੇ ਦੋ ਲੱਖ ਰੁਪਏ ਦਾ ਹਰਜਾਨਾ ਮੰਗਿਆ ਸੀ। ਫੇਰ ਉਸ ਨੇ ਸਿਰਫ਼ ਇਕ ਰੁਪਏ ਦੇ ਹਰਜਾਨੇ ਲਈ ਮੁਕੱਦਮਾ ਕੀਤਾ। ਉਸ ਨੇ ਉਂਗਲੀ ਖੜੀ ਕਰ ਕੇ ਕਿਹਾ "ਗੱਲ ਪੈਸੇ ਦੀ ਨਹੀਂ ਅਸੂਲ ਦੀ ਹੈ। ਇਕ ਲੇਖਕ ਦੀ ਖ਼ੁਦਦਾਰੀ ਦਾ ਸਵਾਲ ਹੈ। ਮੈਂ ਪਿੱਛੇ ਨਹੀਂ ਹਟਾਂਗਾ।" ਇਸ ਮੁਕੱਦਮੇ ਵਿਚ ਜਾਗ੍ਰਿਤੀ ਦੇ ਸੰਪਾਦਕ ਸੁਖਪਾਲਵੀਰ ਸਿੰਘ ਹਸਰਤ ਨੂੰ ਗਵਾਹੀ ਲਈ ਆਉਣਾ ਪੈਂਦਾ। ਪ੍ਰੋ. ਤਰਸੇਮ ਬਾਹੀਆ, ਪ੍ਰੋ. ਦਰਸ਼ਨ ਸਿੰਘ (ਖੰਨਾ) ਅਤੇ ਰਿਪਦੁਮਣ ਸਿੰਘ ਰੂਪ ਧੀਰ ਸਾਹਿਬ ਵਲੋਂ ਗਵਾਹੀਆਂ ਦੇਣ ਲਈ ਆਉਂਦੇ... ਸਾਲਾਂ ਤੱਕ ਮੁਕੱਦਮਾ ਚੱਲਿਆ ਤੇ ਆਖ਼ਰ ਸਰਕਾਰ ਹਾਰ ਗਈ। ਧੀਰ ਸਾਹਿਬ ਜਿੱਤ ਗਏ। ਇਹ ਜਿੱਤ ਬੇਅਸੂਲੀ ਉੱਤੇ ਅਸੂਲ ਦੀ ਜਿੱਤ ਸੀ। ਉਨ੍ਹਾਂ ਨੂੰ ਇਕ ਰੁਪਈਆ ਹਰਜਾਨਾ ਮਿਲ ਗਿਆ ਸੀ, ਉਹ ਬਹੁਤ ਖ਼ੁਸ਼ ਸਨ...

ਮੈਂ ਉਨਾਂ ਦੀ ਕਿਤਾਬ 'ਸਿੰਘਾਵਲੀ ਦਾ "ਨਵਾਂ ਜ਼ਮਾਨਾ" ਵਿੱਚ ਰੀਵਿਊ ਕੀਤਾ।ਕੁਝ ਦਿਨਾਂ ਬਾਅਦ ਉਹ 'ਨਵਾਂ ਜ਼ਮਾਨਾ' ਆਏ ਤਾਂ ਮੈਨੂੰ ਕਹਿਣ ਲੱਗੇ...... "ਡਾਕਟਰ ਅਤਰ ਸਿੰਘ ਤੋਂ ਬਾਅਦ ਜੇਕਰ ਪੰਜਾਬੀ ਕਵਿਤਾ ਨੂੰ ਸਮਝਣ ਦੀ ਕਿਸੇ ਕੋਲ

ਸਮਰੱਥਾ ਹੈ ਤਾਂ ਇਹ ਲਖਵਿੰਦਰ ਜੌਹਲ ਹੀ ਹੈ।"

ਮੈਂ ਉਨ੍ਹਾਂ ਦੀ ਇਸ ਉਪ-ਭਾਵੁਕਤਾ ਨੂੰ ਕਾਫ਼ੀ ਦੇਰ ਤੱਕ ਮਾਣਿਆ। ਮੈਂ ਨਿੰਮ੍ਹਾ-ਨਿੰਮ੍ਹਾ ਮੁਸਕਰਾ ਰਿਹਾ ਸਾਂ। ਉਹ ਬੋਲ ਰਹੇ ਸਨ... "ਤੂੰ ਮੇਰਾ ਯਕੀਨ ਨਹੀਂ ਕਰ ਰਿਹਾ। ਮੈਂ ਸੁਆਰਥ ਵਿੱਚੋਂ ਨਹੀਂ ਬੋਲ ਰਿਹਾ, ਸੱਚ ਬੋਲ ਰਿਹਾ ਹਾਂ......" ਫੇਰ ਅਸੀਂ ਦੋਵੇਂ ਚੁੱਪ ਕਰ ਗਏ......

ਪਿਤਾ ਈਸ਼ਰ ਸਿੰਘ ਦਰਦ ਦੇ ਘਰ ਮਾਤਾ ਜਮਨਾ ਦੇਵੀ ਦੀ ਕੁੱਖੋਂ ਪਿੰਡ ਬੱਸੀ ਪਠਾਣਾਂ ਜ਼ਿਲ੍ਹਾ ਪਟਿਆਲਾ (ਮੌਜੂਦਾ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ) ਵਿਖੇ ਦੋ ਦਸੰਬਰ, 1920 ਨੂੰ ਉਨ੍ਹਾਂ ਦਾ ਜਨਮ ਹੋਇਆ। ਇਹ ਉਨ੍ਹਾਂ ਦਾ ਨਾਨਕਾ ਪਿੰਡ ਸੀ। ਉਨ੍ਹਾਂ ਦਾ ਅਸਲ ਪਿੰਡ ਡਡਹੇੜੀ, ਜ਼ਿਲ੍ਹਾ ਲੁਧਿਆਣਾ ਸੀ। ਦਰਜੀ ਦਾ ਕੰਮ ਕਰਦਾ ਉਨਾਂ ਦਾ ਪਰਿਵਾਰ, ਆਰਥਿਕ ਪੱਖੋਂ ਏਨਾ ਕਮਜ਼ੋਰ ਸੀ ਕਿ ਧੀਰ ਸਾਹਿਬ ਉੱਚ ਸਿੱਖਿਆ ਤੱਕ ਨਾ ਪਹੁੰਚ ਸਕੇ। ਉਨ੍ਹਾਂ ਨੇ 1945 ਵਿੱਚ ਗਿਆਨੀ ਕੀਤੀ ਅਤੇ ਉਸ ਤੋਂ ਪਹਿਲਾਂ 1942 ਵਿੱਚ ਦਸਵੀਂ (ਸਿਰਫ਼ ਅੰਗਰੇਜ਼ੀ) ਪਾਸ ਕੀਤੀ ਸੀ। ਕੁਝ ਦੇਰ ਸਕੂਲ ਵਿੱਚ ਪੜ੍ਹਾਇਆ ਵੀ। ਪਰ ਫੇਰ ਸਾਰੀ ਉਮਰ ਕੋਈ ਨੌਕਰੀ ਨਾ ਕੀਤੀ।... ਉਹ 'ਪਹੁ ਫੁਟਾਲਾ', 'ਧਰਤੀ ਮੰਗਦੀ ਮੀਂਹ ਵੇ', 'ਪੱਤਝੜੇ ਪੁਰਾਣੇ', 'ਬਿਰਹੜੇ', 'ਅੱਗ ਦੇ ਪੱਤੇ', 'ਕਾਲੀ ਬਰਛੀ', 'ਸੰਜੀਵਨੀ', 'ਸਿੰਘਾਵਲੀ', 'ਆਉਣ ਵਾਲਾ ਸੂਰਜ', 'ਜਦੋਂ ਅਸੀਂ ਆਵਾਂਗੇ', 'ਪੈਰ', 'ਝੱਖੜ ਝੁੱਲਣ', 'ਕੋਧਰੇ ਦਾ ਮਹਾਂ ਗੀਤ' ਆਦਿ ਕਾਵਿ-ਕਿਤਾਬਾਂ ਅਤੇ 'ਸਿੱਟਿਆਂ ਦੀ ਛਾਂ', 'ਸਵੇਰ ਹੋਣ ਤੱਕ', 'ਸਾਂਝੀ ਕੰਧ', 'ਸ਼ਰਾਬ ਦਾ ਗਲਾਸ', 'ਸ਼ੇਰਾਂ ਦੀ ਆਵਾਜ਼', 'ਉਸ਼ਾ ਭੈਣ ਜੀ ਚੁੱਪ ਸਨ', 'ਪੱਖੀ', ਆਦਿ ਕਹਾਣੀ-ਸੰਗ੍ਰਹਿਾਂ ਦਾ ਲੇਖਕ ਸੀ।

ਇਸ ਦੇ ਨਾਲ-ਨਾਲ ਉਸ ਨੇ ਲਗਭਗ ਅੱਧੀ ਦਰਜਨ ਨਾਵਲ ਅਤੇ ਇਕ ਸਫ਼ਰਨਾਮਾ (ਮੇਰੀ ਇੰਗਲੈਂਡ ਯਾਤਰਾ) ਵੀ ਲਿਖਿਆ। ਕਬੀਰ ਰਚਨਾਵਲੀ ਦਾ ਅਨੁਵਾਦ ਕਰਨ ਦਾ ਮਾਣ ਵੀ ਉਸ ਨੂੰ ਪ੍ਰਾਪਤ ਹੈ।

ਪੰਜਾਬ ਸਰਕਾਰ ਦੇ ਸ਼੍ਰੋਮਣੀ ਪੁਰਸਕਾਰ ਅਤੇ 'ਪੱਖੀ' ਕਹਾਣੀ ਸੰਗ੍ਰਹਿ ਉੱਤੇ ਭਾਰਤੀ ਸਾਹਿਤ ਅਕਾਦਮੀ ਦੇ ਪੁਰਸਕਾਰ (1996) ਸਮੇਤ ਬਹੁਤ ਸਾਰੇ ਵੱਕਾਰੀ ਪੁਰਸਕਾਰ ਪ੍ਰਾਪਤ ਕਰਨ ਵਾਲਾ ਸੰਤੋਖ ਸਿੰਘ ਧੀਰ ਆਪਣੇ-ਆਪ ਨੂੰ ਕਹਾਣੀਕਾਰ ਜਾਂ ਕਵੀ ਕਹਿਲਾਉਣ ਨਾਲੋਂ ਇਕ ਲੇਖਕ ਕਹਿਲਾਉਣਾ ਵਧੇਰੇ ਪਸੰਦ ਕਰਦਾ ਸੀ। ਜਾਣਿਆ ਉਹ ਕਹਾਣੀਕਾਰ ਵਜੋਂ ਜਾਂਦਾ ਸੀ, ਪਰ ਉਸ ਦਾ ਪਹਿਲਾ ਪਿਆਰ ਕਵਿਤਾ ਨਾਲ ਸੀ।

ਇਸਦੇ ਬਾਵਜੂਦ ਕਿ ਉਹ ਜ਼ਿੰਦਗੀ ਵਿੱਚ ਕਦੇ ਕਵੀ ਬਣਨਾ ਨਹੀਂ ਚਾਹੁੰਦਾ ਸੀ, ਬਲਕਿ ਸ਼ੁਰੂ ਵਿੱਚ ਕਵੀ ਹੋਣ ਨੂੰ ਹਿਕਾਰਤ ਦੀ ਨਜ਼ਰ ਨਾਲ ਵੇਖਦਾ ਸੀ। ਉਸ ਨੇ ਆਪਣੀ ਸਵੈ-ਜੀਵਨੀ 'ਮੇਰੀ ਕਲਮ' ਵਿੱਚ ਲਿਖਿਆ ਸੀ:-

"ਮੇਰੇ ਪਿਤਾ ਜੀ ਨੂੰ ਸ਼ੌਕ ਸੀ ਕਿ ਮੈਂ ਵੀ ਕਵਿਤਾ ਲਿਖਣ ਲੱਗਾਂ। ਪਰ ਮੈਂ ਕਵਿਤਾ ਲਿਖਣ ਨੂੰ ਕੋਈ ਚੰਗਾ ਨਹੀਂ ਸਾਂ ਸਮਝਦਾ ਹੁੰਦਾ।... ...ਮੇਰੇ ਪਿਤਾ ਜੀ ਜਿਵੇਂ ਮੈਨੂੰ ਕਵੀ ਦੇਖਣਾ ਚਾਹੁੰਦੇ ਹੀ ਸਨ, ਉਹ ਆਪ ਕਵਿਤਾ ਲਿਖ ਕੇ ਮੇਰੇ ਨਾਂ ਨਾਲ ਛਪਵਾਂਉਂਦੇ ਰਹਿੰਦੇ- ਵਲੋਂ: ਕਾਕਾ ਸੰਤੋਖ ਸਿੰਘ ਧੀਰ ਸਪੁੱਤਰ ਗਿਆਨੀ ਈਸ਼ਰ ਸਿੰਘ ਦਰਦ।" ਮੇਰਾ ਨਾਮ ਧੀਰ ਵੀ ਮੇਰੇ ਪਿਤਾ ਜੀ ਨੇ ਹੀ ਰੱਖ ਦਿੱਤਾ ਸੀ ਪਰ ਮੈਨੂੰ ਇਹ ਤਖ਼ਲਸ ਵੀ ਕੋਈ ਚੰਗਾ ਨਹੀਂ ਲਗਦਾ ਹੁੰਦਾ... ...ਮੈਨੂੰ ਆਪਣੇ-ਆਪ ਤੇ ਇਹ ਠੋਸਿਆ ਜਿਹਾ ਜਾਪਦਾ..."

ਸੰਤੋਖ ਸਿੰਘ ਧੀਰ ਦੀ ਇਹ ਫ਼ਿਤਰਤ ਜਿਵੇਂ ਸਾਰੀ ਉਮਰ ਹੀ ਉਸ ਦੇ ਨਾਲ-ਨਾਲ ਰਹੀ। ਉਹ ਹਰ ਕਾਰਜ ਬਹੁਤ ਸਫਲਤਾ ਨਾਲ ਕਰ ਕੇ ਵੀ ਉਸ ਤੋਂ ਅਸੰਤੁਸ਼ਟ ਰਹਿੰਦਾ। ਉਪਰਾਮ ਰਹਿੰਦਾ, ਉਦਾਸ ਰਹਿੰਦਾ... ... ਇਸੇ ਕਸ਼ਮਕਸ਼ ਵਿੱਚ ਉਹ ਮਨੋਰੋਗੀ ਹੋ ਗਿਆ। ਕਈ ਕਈ ਵਾਰ ਉਸ ਨੂੰ ਕਈ ਕਈ ਦਿਨ ਹਸਪਤਾਲਾਂ ਵਿੱਚ ਰਹਿਣਾ ਪਿਆ। ਉਹ ਹਮੇਸ਼ਾ ਡਾਕਟਰ ਜਸਵੰਤ ਸਿੰਘ ਨੇਕੀ ਦਾ ਰਿਣੀ ਰਿਹਾ। ਜਿਸ ਨੇ ਉਸ ਦੀ ਮਨੋਅਵਸਥਾ ਨੂੰ ਵਾਰ-ਵਾਰ ਲਿਖਣਯੋਗਤਾ ਵੱਲ ਮੋੜ ਲਿਆਂਦਾ ਸੀ।... ...

ਉਸ ਦੇ ਆਪਣੇ ਦੱਸਣ ਮੁਤਾਬਕ 1956 ਵਿੱਚ ਜਦੋਂ 'ਪ੍ਰੀਤਲੜੀ' ਵਿੱਚ ਉਸ ਦੀ ਕਵਿਤਾ 'ਨਿੱਕੀ ਸਲੇਟੀ ਸੜਕ ਦਾ ਟੋਟਾ' ਛਪੀ ਤਾਂ ਉਹ ਦਿਨਾਂ ਵਿੱਚ ਹੀ ਇਕ ਮਸ਼ਹੂਰ ਕਵੀ ਬਣ ਗਿਆ ਸੀ। ਹਾਲਾਂਕਿ ਕਹਾਣੀਕਾਰ ਵਜੋਂ ਉਹ ਪਹਿਲਾਂ ਹੀ ਮਸ਼ਹੂਰ ਸੀ। ਕਹਿਣ ਨੂੰ ਧੀਰ ਦੀ ਇਹ ਕਵਿਤਾ 'ਪਿਆਰ ਕਵਿਤਾ' ਸੀ:-

ਇਹ ਦੁਨੀਆ ਤਾਂ ਬੜੀ ਪਿਆਰੀ
ਇਹ ਦੁਨੀਆ ਫੁੱਲਾਂ ਦੀ ਖਾਰੀ
ਇਸ ਦੁਨੀਆ ਵਿੱਚ ਦੇਸ ਸੱਜਣ ਦਾ
ਦੇਸ ਕਿ ਜਿਸ ਦੀ ਧੂੜ ਗ਼ੁਲਾਬੀ
ਦੇਸ ਕਿ ਜਿਥੇ ਝੁੰਡ ਅੰਬੀਆਂ ਦੇ
... ... ... ... ... ... ...

ਪਰ ਮੈਂ ਸ਼ਕ ਕਰਦਾ ਹਾਂ :–

ਉਸ ਦੁਨੀਆ ਵਿੱਚ ਰੱਤ ਵਹੇਗੀ
ਜਿਸ ਦੁਨੀਆ ਵਿੱਚ ਦੇਸ ਸੱਜਣ ਦਾ?
ਲਹੂਆਂ ਦੇ ਵਿੱਚ ਡੁੱਬ ਜਾਵੇਗਾ
ਨਿੱਕੀ ਸਲੇਟੀ ਸੜਕ ਦਾ ਟੋਟਾ

–ਪਰ ਨਹੀਂ ਇਹ ਹੋਵੇਗਾ ਨਹੀਂ ਕਿਉਂਕਿ ਅਸੀਂ ਜਾਗ੍ਰਿਤ ਹਾਂ...

ਜਦ ਤਕ ਸਾਡਾ ਸੀਸ ਤਲੀ 'ਤੇ
ਇਹ ਅਣਹੋਣੀ ਹੋ ਨਹੀਂ ਸਕਦੀ
ਜਦ ਤੱਕ ਦਿਲ ਆਸ਼ਕ ਦਾ ਧੜਕੇ
ਪਿਆਰ ਦੀ ਸੁੱਤੀ ਧਰਤੀ ਉੱਤੇ
ਬੂੰਦ ਲਹੂ ਦੀ ਚੋ ਨਹੀਂ ਸਕਦੀ।

ਕਹਿਣ ਨੂੰ ਇਹ ਕਵਿਤਾ ਇਕ ਵਿਓਂਤਬੱਧ ਕਵਿਤਾ ਹੈ।ਪਰ ਇਸ ਵਿਓਂਤਬੰਦੀ ਦੀ ਹਕੀਕਤ ਅਜੀਬ ਹੈ। ਕਵਿਤਾ ਪਿਆਰ–ਭਾਵਨਾ ਤੋਂ ਸ਼ੁਰੂ ਹੋ ਕੇ ਅਮਨ ਦੇ ਸੁਨੇਹੇ ਤੱਕ ਪਹੁੰਚਦੀ ਹੈ।

ਸੰਤੋਖ ਸਿੰਘ ਧੀਰ ਆਪਣੀ ਇਸ ਕਵਿਤਾ ਨੂੰ ਆਪਣੀਆਂ ਪ੍ਰਤੀਨਿਧ ਰਚਨਾਵਾਂ ਵਿੱਚ ਸ਼ਾਮਿਲ ਕਰਦਾ ਹੋਇਆ, ਆਪਣੇ ਰਚਨ–ਸਿਧਾਂਤ ਦਾ ਬਾਖ਼ੂਬੀ ਵਰਣਨ ਕਰਦਾ ਹੈ:–

"ਮੈਂ ਪਿਆਰ ਦਾ ਕਵੀ ਨਹੀਂ, ਇਨਕਲਾਬੀ ਕਵੀ ਸਾਂ, ਤੇ ਦੁਨੀਆ ਭਰ ਦੀ ਰਾਜਨੀਤੀ ਨਾਲ ਜੁੜਿਆ ਹੋਇਆ ਕਵੀ ਸਾਂ, ਇਸ ਲਈ ਇਹ ਕਵਿਤਾ, ਜੋ ਮੈਂ ਪਿਆਰ ਦੀ ਕਵਿਤਾ ਲਿਖਣ ਲਈ ਹੀ ਆਪਣੀ ਕਲਮ ਚੁੱਕੀ ਸੀ, ਅਮਨ ਵਲ ਨੂੰ ਮੁੜ ਗਈ, ਇਹ ਮੈਂ ਆਪ ਨਹੀਂ ਮੋੜੀ ਸਗੋਂ ਆਪਣੇ ਆਪ ਹੀ ਮੁੜੀ। ਮੈਂ ਤਾਂ ਇਸ ਦੇ ਪਿੱਛੇ ਪਿੱਛੇ ਇਸ ਨਾਲ ਮੁੜਦਾ ਚਲਾ ਗਿਆ।" (ਮੇਰੀ ਕਲਮ, ਪੰਨਾ 71)

ਇਹ ਅਚੰਭੇ ਭਰੀ ਗੱਲ ਹੈ ਕਿ ਇਕ ਸਿੱਕੇਬੰਦ ਕਮਿਊਨਿਸਟ ਲੇਖਕ ਆਪਣੀ ਕਵਿਤਾ ਬਾਰੇ ਇਹ ਕਹੇ ਕਿ ਮੈਂ ਆਪਣੀ ਕਵਿਤਾ ਨੂੰ ਅਮਨ ਦੇ ਸੁਨੇਹੇ ਵੱਲ "ਆਪ ਨਹੀਂ ਮੋੜਿਆ ਸਗੋਂ ਇਹ ਆਪਣੇ–ਆਪ ਹੀ ਮੁੜੀ। ਮੈਂ ਤਾਂ ਇਸ ਦੇ ਪਿੱਛੇ ਪਿੱਛੇ ਇਸ ਨਾਲ ਮੁੜਦਾ ਚਲਾ ਗਿਆ।" ਧੀਰ ਦੀ ਇਹੀ ਇਮਾਨਦਾਰੀ ਉਸ ਨੂੰ ਵੱਡਾ ਲੇਖਕ

ਬਣਾਉਂਦੀ ਹੈ।

ਉਹ 'ਇਕ ਸਧਾਰਨ ਆਦਮੀ' ਲਿਖਣ ਵਾਲਾ ਇਕ ਸਧਾਰਨ ਲੇਖਕ ਨਹੀਂ ਸੀ।ਉਹ ਨਿੱਕੇ ਨਿੱਕੇ ਵਾਕਾਂ ਨਾਲ ਵੱਡੀਆਂ ਰਚਨਾਵਾਂ ਸਿਰਜਣ ਦਾ ਮਹਿਰ ਸੀ।ਉਸ ਲਈ ਲੇਖਕ ਹੋਣ ਦਾ ਮਤਲਬ ਇਕ ਯੋਧਾ ਹੋਣਾ ਸੀ। ਜਿਸ ਕੋਲ ਕਲਮ ਦਾ ਹਥਿਆਰ ਸੀ... ਉਸ ਦੇ ਆਪਣੀ ਲੇਖਣੀ ਬਾਰੇ ਬਿਆਨ ਪੜ੍ਹਦਿਆਂ ਰੌਂਗਟੇ ਖੜ੍ਹੇ ਹੋ ਜਾਂਦੇ ਹਨः-

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਜ਼ਫ਼ਰਨਾਮਾ ਤੀਰ ਦੀ ਨੋਕ ਨਾਲ ਲਿਖਿਆ ਸੀ...ਇਸੇ ਲਈ ਜ਼ਫ਼ਰਨਾਮਾ ਖੰਜਰ ਵਾਂਗ ਔਰੰਗਜ਼ੇਬ ਦੇ ਦਿਲ ਵਿਚ ਜਾ ਕੇ ਵੱਜਾ ਸੀ।ਸਿਪਾਹੀ ਆਪਣੇ ਮੋਰਚੇ ਉੱਤੇ ਬੰਦੂਕ ਫੜ ਕੇ ਬਹਿੰਦਾ ਹੈ, ਮੈਂ ਆਪਣੇ ਮੋਰਚੇ ਉੱਤੇ ਕਲਮ ਫੜੀ ਬੈਠਾ ਹਾਂ।"

...ਉਹ ਆਪਣੀਆਂ ਪਹਿਲੀਆਂ ਦੋ ਕਹਾਣੀਆਂ 'ਕੁਆਰੀ ਪ੍ਰੀਤ' ਅਤੇ 'ਦੋ ਚਿੱਠੀਆਂ' ਨੂੰ ਆਪਣੀਆਂ ਸ੍ਰੇਸ਼ਟ ਕਹਾਣੀਆਂ ਮੰਨਦਾ ਹੋਇਆ ਦੇਸ਼ ਦੀ ਵੰਡ ਬਾਰੇ ਲਿਖੀ ਹੋਈ ਆਪਣੀ ਕਹਾਣੀ 'ਮੇਰਾ ਉਜੜਿਆ ਗਵਾਂਢੀ' ਨੂੰ ਵੀ ਆਪਣੀਆਂ ਵਧੀਆ ਕਹਾਣੀਆਂ ਵਿੱਚ ਗਿਣਦਾ ਸੀ। ਪਰ ਮੇਰੀ ਨਜ਼ਰ, ਉਸ ਦੀਆਂ 'ਸਵੇਰ ਹੋਣ ਤੱਕ', 'ਇਕ ਸਾਧਾਰਨ ਆਦਮੀ', 'ਕੋਈ ਇਕ ਸਵਾਰ', 'ਸਾਂਝੀ ਕੰਧ' ਅਤੇ 'ਮੰਗੋ' ਉੱਤੇ ਵਧੇਰੇ ਟਿਕਦੀ ਹੈ।

...ਦੂਰਦਰਸ਼ਨ ਉੱਤੇ ਉਸ ਦੀਆਂ ਤਿੰਨ ਕਹਾਣੀਆਂ ਉੱਤੇ ਟੈਲੀ ਫਿਲਮਾਂ ਬਣਨ ਦਾ ਮੈਂ ਗਵਾਹ ਹਾਂ। ਜਿਨ੍ਹਾਂ ਵਿੱਚੋਂ 'ਮੰਗੋ' ਸਭ ਤੋਂ ਸਫ਼ਲ ਟੈਲੀ ਫਿਲਮ ਸੀ। ਇਹ ਦੂਰਦਰਸ਼ਨ ਦੀ ਆਪਣੀ ਪ੍ਰੋਡਕਸ਼ਨ ਸੀ। ਸੁਰਿੰਦਰ ਸ਼ਰਮਾ ਇਸ ਦੇ ਨਿਰਮਾਤਾ-ਨਿਰਦੇਸ਼ਕ ਸਨ ਅਤੇ ਸੰਵਾਦ ਸਵਰਗੀ ਮਾਸਟਰ ਤਰਲੋਚਨ (ਮਾਛੀਵਾੜਾ-ਸਮਰਾਲਾ) ਨੇ ਲਿਖੇ ਸਨ। ਸੁਦੇਸ਼ ਕਲਿਆਣ ਅਤੇ ਹਰਸ਼ਰਨ ਕੌਰ ਪਿੰਕੀ ਦੀਆਂ ਆਵਾਜ਼ਾਂ ਵਿੱਚ 'ਮੰਗੋ' ਅਤੇ 'ਸੋਮਾ' ਨਾਮ ਦੀਆਂ ਬੇਜ਼ੁਬਾਨ ਗਊਆਂ ਦੇ ਸੰਵਾਦ ਕਮਾਲ ਦੇ ਸਨ... 'ਸਾਂਝੀ ਕੰਧ' ਅਤੇ 'ਇਕ ਸਾਧਾਰਨ ਆਦਮੀ' ਦੂਰਦਰਸ਼ਨ ਨੇ ਬਾਹਰਲੇ ਪ੍ਰੋਡਿਊਸਰਾਂ ਤੋਂ ਕਮਿਸ਼ਨਡ ਕੈਟੀਗਰੀ ਵਿੱਚ ਕਰਵਾਈਆਂ ਸਨ। ਇਨ੍ਹਾਂ ਦੋਵਾਂ ਪ੍ਰੋਡਿਊਸਰਾਂ ਨਾਲ ਸੰਤੋਖ ਸਿੰਘ ਧੀਰ ਦਾ ਝਗੜਾ ਹੋ ਗਿਆ ਸੀ। ਪੈਸੇ ਦੇ ਲੈਣ-ਦੇਣ ਬਾਰੇ। 'ਸਾਂਝੀ ਕੰਧ' ਦਾ ਝਗੜਾ ਦੂਰਦਰਸ਼ਨ ਦੇ ਵੱਡੇ

ਅਧਿਕਾਰੀ ਅਲਬੇਲ ਸਿੰਘ ਗਰੇਵਾਲ ਨੇ ਨਬੇੜਿਆ ਸੀ ਅਤੇ 'ਇਕ ਸਾਧਾਰਨ ਆਦਮੀ' ਦਾ ਸਾਲਸੀ ਮੈਨੂੰ ਬਣਾਇਆ ਗਿਆ ਸੀ।

ਇਸ ਟੈਲੀਫਿਲਮ ਦਾ ਨਿਰਮਾਤਾ ਨਿਰਦੇਸ਼ਕ ਸਰਦੂਲ ਸਿੰਘ ਅਟਵਾਲ ਸੀ, ਜਿਸ ਨੂੰ ਦੂਰਦਰਸ਼ਨ ਨੇ ਉੱਕੇ ਪੁੱਕੇ ਤਿੰਨ ਲੱਖ ਰੁਪਏ ਦੇਣੇ ਸਨ ਅਤੇ ਇਕ ਘੰਟੇ ਦੀ ਤਿਆਰ ਟੈਲੀ ਫ਼ਿਲਮ ਲੈਣੀ ਸੀ। ਲੇਖਕ, ਅਦਾਕਾਰਾਂ ਅਤੇ ਟੈਕਨੀਸ਼ਨਾਂ ਨੂੰ ਸਾਰੀ ਅਦਾਇਗੀ ਉਸ ਨੇ ਕਰਨੀ ਸੀ। ... ...ਉਹ ਕਿਸੇ ਵੀ ਪੰਜਾਬੀ ਕਹਾਣੀ ਉੱਤੇ ਟੈਲੀ ਫ਼ਿਲਮ ਬਣਾ ਸਕਦਾ ਸੀ। ਮੈਂ ਉਸ ਨੂੰ ਸੁਝਾਅ ਦਿੱਤਾ ਕਿ ਉਹ ਧੀਰ ਸਾਹਿਬ ਦੀ 'ਇਕ ਸਾਧਾਰਨ ਆਦਮੀ' ਨੂੰ ਚੁਣ ਲਵੇ। ਕਹਾਣੀ ਚੁਣੀ ਗਈ, ਮੈਂ ਤੇ ਸੁਖਬੀਰ ਬੋਲੀਨਾ ਕਹਾਣੀ ਦੇ ਰਾਈਟਸ ਲੈਣ ਲਈ ਸਰਦੂਲ ਅਟਵਾਲ ਨਾਲ ਧੀਰ ਸਾਹਿਬ ਦੇ ਘਰ ਮੁਹਾਲੀ ਗਏ...ਧੀਰ ਸਾਹਿਬ ਨੂੰ ਅਸੀਂ ਟੈਲੀ ਫ਼ਿਲਮ ਬਾਰੇ ਦੱਸਿਆ, ਉਨ੍ਹਾਂ ਨੇ ਬੜੇ ਚਾਅ ਨਾਲ ਕਹਾਣੀ ਦੇ ਅਧਿਕਾਰ ਸਰਦੂਲ ਸਿੰਘ ਅਟਵਾਲ ਨੂੰ ਦੇ ਦਿੱਤੇ। ਰਾਇਲਟੀ ਵਜੋਂ ਦਸ ਹਜ਼ਾਰ ਰੁਪਏ ਦਿੱਤੇ ਜਾਣੇ ਸਨ, ਇਕ ਹਜ਼ਾਰ ਰੁਪਿਆ ਪੇਸ਼ਗੀ ਦੇ ਦਿੱਤਾ ਗਿਆ। ਬਾਕੀ ਦੂਰਦਰਸ਼ਨ ਦੇ ਅਸੂਲਾਂ ਅਨੁਸਾਰ 40%+40%+20% ਦੇ ਹਿਸਾਬ ਨਾਲ ਪੈਸੇ ਮਿਲਣੇ ਸਨ। ਟੈਲੀ ਫ਼ਿਲਮ ਤਿਆਰ ਹੋ ਗਈ। ਅਖ਼ਬਾਰਾਂ ਵਿੱਚ ਇਸ ਦੇ ਮੁਕੰਮਲ ਹੋਣ ਦੀਆਂ ਖ਼ਬਰਾਂ ਛਪਣ ਲੱਗੀਆਂ। ਵਾਅਦੇ ਅਨੁਸਾਰ ਸਰਦੂਲ ਅਟਵਾਲ ਜਦੋਂ ਸੱਤ ਹਜ਼ਾਰ ਰੁਪਏ ਧੀਰ ਸਾਹਿਬ ਨੂੰ ਦੇਣ ਗਿਆ ਤਾਂ ਧੀਰ ਸਾਹਿਬ ਲੋਹੇ ਲਾਖੇ ਹੋ ਗਏ। ਕਹਿਣ ਲੱਗੇ ਸੱਤ ਹਜ਼ਾਰ ਹੀ ਕਿਉਂ? ਉਸ ਨੇ ਯਾਦ ਕਰਵਾਇਆ ਕਿ ਅਸੀਂ ਤੁਹਾਨੂੰ ਕੁੱਲ ਦਸ ਹਜ਼ਾਰ ਦੇਣੇ ਹਨ, ਇਕ ਹਜ਼ਾਰ ਰੁਪਿਆ ਅਸੀਂ ਦੇ ਗਏ ਸਾਂ।ਸੱਤ ਹਜ਼ਾਰ ਦੇਣ ਨਾਲ 80% ਹੋ ਜਾਵੇਗਾ। ਬਾਕੀ 20% ਰਾਸ਼ੀ ਯਾਨੀ ਦੋ ਹਜ਼ਾਰ ਰੁਪਏ ਟੈਲੀਕਾਸਟ ਤੋਂ ਬਾਅਦ ਦਿੱਤਾ ਜਾਵੇਗਾ। ਜਿਵੇਂ ਅਸੂਲ ਹੈ। ਧੀਰ ਸਾਹਿਬ ਕਹਿਣ ਲੱਗੇ "ਮੈਨੂੰ ਕਿਸੇ ਨੇ ਦੱਸਿਆ ਹੈ ਕਿ ਲੇਖਕ ਨੂੰ ਕੁੱਲ ਰਕਮ ਦਾ ਪੰਜ ਪ੍ਰਤੀਸ਼ਤ ਮਿਲਣਾ ਚਾਹੀਦਾ ਹੈ। ਮੈਂ ਕੁੱਲ ਦਸ ਨਹੀਂ ਪੰਦਰਾਂ ਹਜ਼ਾਰ ਰੁਪਿਆ ਲਵਾਂਗਾ... ...ਨਹੀ ਤਾਂ ਮੈਂ ਇਸ ਨੂੰ ਪ੍ਰਸਾਰਿਤ ਨਹੀਂ ਹੋਣ ਦਿਆਂਗਾ।"

... ...ਸਰਦੂਲ ਨੇ ਵਾਪਸ ਆ ਕੇ ਮੈਨੂੰ ਦੱਸਿਆ। ਮੈਂ ਸਰਸਰੀ ਕਿਹਾ ਕੋਈ ਗੱਲ ਨਹੀਂ। ਆਪਾਂ ਗੱਲ ਕਰ ਲਵਾਂਗੇ...... ਤਿੰਨ ਦਿਨਾਂ ਵਿੱਚ ਹੀ ਦੂਰਦਰਸ਼ਨ ਨੂੰ ਧੀਰ ਸਾਹਿਬ ਦੀ ਵਕੀਲ ਰਾਹੀਂ ਰਜਿਸਟਰਡ ਚਿੱਠੀ ਆ ਗਈ। ਜਿਸ ਵਿਚ ਲਿਖਿਆ ਸੀ, "ਮੈਨੂੰ ਪੂਰੀ ਅਦਾਇਗੀ ਹੋਣ ਤੱਕ ਟੈਲੀ ਫਿਲਮ ਪ੍ਰਸਾਰਿਤ ਨਾ ਕੀਤੀ ਜਾਵੇ।"

ਭਾਵੇਂ ਦੂਰਦਰਸ਼ਨ ਦਾ ਇਸ ਨਾਲ ਸਿੱਧਾ ਕੋਈ ਸੰਬੰਧ ਨਹੀਂ ਸੀ ਪਰ ਆਖ਼ਰਕਾਰ ਇਹ ਦੂਰਦਰਸ਼ਨ ਦਾ ਹੀ ਮਸਲਾ ਸੀ। ਡਾਇਰੈਕਟਰ ਨੇ ਮੈਨੂੰ ਬੁਲਾਇਆ ਅਤੇ ਕਿਹਾ ਕਿਸੇ ਵੀ ਤਰ੍ਹਾਂ ਇਸ ਮਸਲੇ ਨੂੰ ਹੱਲ ਕਰਵਾਓ। ਮੇਰੇ ਲਈ ਧਰਮ ਸੰਕਟ ਸੀ। ਦਸ ਹਜ਼ਾਰ ਦੀ ਗੱਲ ਮੇਰੇ ਸਾਹਮਣੇ ਹੋਈ ਸੀ। ਪਰ ਪੰਦਰਾਂ ਹਜ਼ਾਰ ਲੇਖਕ ਨੂੰ, ਤੇ ਉਹ ਵੀ ਧੀਰ ਸਾਹਿਬ ਨੂੰ ਮਿਲ ਜਾਵੇ, ਇਹ ਮੇਰੀ ਵੀ ਤਮੰਨਾ ਸੀ। ਬੜੀ ਮੁਸ਼ਕਿਲ ਨਾਲ ਮੈਂ ਪ੍ਰੋਡਿਊਸਰ ਨੂੰ ਮਨਾਇਆ ਕਿ ਹੁਣ ਇਸ ਤੋਂ ਬਿਨਾਂ ਕੋਈ ਹੋਰ ਰਸਤਾ ਨਹੀਂ ਹੈ। ਦੂਰਦਰਸ਼ਨ ਦੇ ਵਕਾਰ ਦਾ ਸਵਾਲ ਵੀ ਹੈ ਅਤੇ ਲੇਖਕ ਦੀ ਖ਼ੁਦਦਾਰੀ ਦਾ ਵੀ...

... ...ਅਸੀਂ ਤਿੰਨੇ, ਸਰਦੂਲ, ਸੁਖਬੀਰ ਅਤੇ ਮੈਂ , ਫੇਰ ਮੁਹਾਲੀ ਗਏ ਅਤੇ ਧੀਰ ਸਾਹਿਬ ਦਾ ਪੂਰਾ ਹਿਸਾਬ ਕਰਕੇ , ਉਨ੍ਹਾਂ ਤੋਂ ਪੱਤਰ ਲਿਖਵਾ ਲਿਆਏ ਕਿ 'ਪੈਸੇ ਮਿਲ ਗਏ ਹਨ, ਟੈਲੀ ਫ਼ਿਲਮ ਪ੍ਰਸਾਰਿਤ ਕਰ ਦਿੱਤੀ ਜਾਵੇ...

ਫੇਰ ਲੰਮੇ ਸਮੇਂ ਤੱਕ ਉਹ ਦੂਰਦਰਸ਼ਨ ਦੇ ਕਿਸੇ ਪ੍ਰੋਗਰਾਮ ਵਿੱਚ ਨਾ ਆਏ।...ਕਦੇ ਸਿਹਤ ਦਾ ਬਹਾਨਾ, ਕਦੇ ਰੁੱਝੇ ਹੋਣ ਦਾ... ਕਾਫ਼ੀ ਸਮੇਂ ਬਾਅਦ ਇਕ ਮੁਲਾਕਾਤ ਲਈ ਮੈਂ ਉਨ੍ਹਾਂ ਨੂੰ ਬੁਲਾਉਣ ਵਿੱਚ ਕਾਮਯਾਬ ਹੋ ਗਿਆ... ਮੇਰੇ ਕਮਰੇ ਵਿੱਚ ਬੈਠੇ ਚਾਹ ਪੀਂਦੇ ਹੋਏ ਮੈਨੂੰ ਕਹਿਣ ਲੱਗੇ, "ਜੌਹਲ ਪਤਾ ਨਹੀਂ ਕੀ ਗੱਲ ਆ ਜਿਹੜੀਆਂ ਤੁਸੀਂ ਵੱਖ-ਵੱਖ ਪ੍ਰੋਗਰਾਮਾਂ ਵਿੱਚ ਹਾਸੇ ਵਾਲੀਆਂ ਸਕਿਟਾਂ ਜੇਹੀਆਂ ਪੇਸ਼ ਕਰਦੇ ਹੋ, ਇਨ੍ਹਾਂ ਨੂੰ ਵੇਖ-ਸੁਣ ਕੇ ਮੈਨੂੰ ਹਾਸਾ ਨਹੀਂ ਆਉਂਦਾ।"...

... ...ਮੈਂ ਉਨ੍ਹਾਂ ਦੀ ਗੱਲ ਸੁਣ ਕੇ ਹੱਸ ਪਿਆ। ਉਹ ਗੰਭੀਰ ਹੋ ਗਏ। ਮੈਂ ਕਿਹਾ, 'ਦਰਸ਼ਕ ਤਾਂ ਹੱਸ ਹੱਸ ਕਮਲੇ ਹੋ ਜਾਂਦੇ ਆ।' ... ...ਉਹ ਉੱਚੀ ਉੱਚੀ ਹੱਸੇ, 'ਦਰਸ਼ਕ ਤਾਂ ਹੈਨ ਈ ਕਮਲੇ...ਹੂੰ'

ਫੇਰ ਮੈਂ ਚੁੱਪ ਹੋ ਗਿਆ...

ਇਹ ਉਨ੍ਹਾਂ ਨਾਲ ਮੇਰੀ ਆਖ਼ਰੀ ਮੁਲਾਕਾਤ ਸੀ। ਫੇਰ ਮੇਰੀ ਬਦਲੀ ਗਵਾਲੀਅਰ ਹੋ ਗਈ। ਪੰਜਾਬ ਨਾਲੋਂ ਮੇਰਾ ਰਾਬਤਾ ਟੁੱਟ ਗਿਆ। ਉਥੋਂ ਮੈਂ ਦਿੱਲੀ ਹੁੰਦਾ ਹੋਇਆ ਪੰਜ ਸਾਲਾਂ ਬਾਅਦ ਜੁਲਾਈ 2005 ਵਿੱਚ ਵਾਪਸ ਜਲੰਧਰ ਦੂਰਦਰਸ਼ਨ ਪਰਤਿਆ ਤਾਂ ਫੇਰ ਮੈਂ ਉਨ੍ਹਾਂ ਨਾਲ ਸੰਪਰਕ ਕੀਤਾ... ਪਰ ਉਨ੍ਹਾਂ ਦੀ ਸਿਹਤ ਸਫ਼ਰ ਜੋਗੀ ਨਹੀਂ ਸੀ। ਉਨ੍ਹਾਂ ਦੀ ਖਿਝ, ਚਿੜਚਿੜਾਪਨ, ਹਰ ਕਿਸੇ ਨਾਲ ਕੋਰਾਪਨ, ਉਨ੍ਹਾਂ ਦੀ ਉਹ ਮਜਬੂਰੀ ਸੀ, ਜਿਸ ਦੀ ਕੋਈ ਪਰਿਭਾਸ਼ਾ ਨਹੀਂ ਹੋ ਸਕਦੀ।

ਅੱਠ ਫਰਵਰੀ, 2010 ਨੂੰ ਉਹ ਚਲੇ ਗਏ...

ਪ੍ਰਗਤੀ ਦਾ ਪੁਜਾਰੀ ਸੰਤੋਖ ਸਿੰਘ ਧੀਰ ਇਕ ਸੰਘਰਸ਼ੀ ਸ਼ਖ਼ਸੀਅਤ ਸੀ, ਜਿਸ ਨੇ ਕਿਹਾ ਸੀ:-

"ਕਲਮ ਮੇਰੀ ਤੀਰ ਵੀ
ਤਲਵਾਰ ਵੀ
ਲਹਿਲਹਾਂਦੀ ਫਸਲ ਵੀ
ਲਾਲ ਸੂਹੀ ਅੱਗ ਵੀ
ਮਿੱਲ ਦਾ ਪਹੀਆ ਵੀ
ਬਣ ਜਾਂਦੀ ਹੈ ਇਹ
ਹਲ ਦੀ ਤਿੱਖੀ ਨੋਕ ਵੀ..."

ਅਮਨ ਲਹਿਰ ਦੇ ਇਸ ਸੰਗਰਾਮੀ ਯੋਧੇ ਨੇ ਆਪਣੇ-ਆਪ ਨੂੰ ਪਰਿਭਾਸ਼ਿਤ ਕਰਦਿਆਂ ਕਦੇ ਕਿਹਾ ਸੀ—"ਮੈਂ ਗੁਰੂ ਨਾਨਕ ਦਾ ਸਿੱਖ ਵੀ ਹਾਂ ਅਤੇ ਲੈਨਿਨ ਦਾ ਸਿਪਾਹੀ ਵੀ ਹਾਂ।"

ਜ਼ਿੰਦਗੀ ਭਰ ਤੰਗੀਆਂ ਤੁਰਸ਼ੀਆਂ ਨਾਲ ਜੂਝਦੀ ਇਹ ਸ਼ਖ਼ਸੀਅਤ ਪੰਜਾਬੀ ਦਾ ਇਕੋ ਇਕ ਕੁਲਵਕਤੀ ਲੇਖਕ ਸੀ। ਇਕ ਪ੍ਰਤੀਬੱਧ ਲੇਖਕ, ਜਿਸ ਦਾ ਕਮਿਊਨਿਸਟ ਫਲਸਫ਼ੇ ਵਿੱਚ ਅਟੁੱਟ ਵਿਸ਼ਵਾਸ ਸੀ ਅਤੇ ਇਹ ਵਿਸ਼ਵਾਸ ਸੋਵੀਅਤ ਰੂਸ ਦੇ ਟੁੱਟ ਜਾਣ 'ਤੇ ਵੀ ਨਹੀਂ ਟੁੱਟਾ ਸੀ, ਯਾਦ ਆਉਂਦੀ ਹੈ ਉਸ ਦੀ ਕਵਿਤਾ, ਜੋ ਉਸ ਨੇ ਆਪਣੀ ਹੀ ਕਹਾਣੀ 'ਕੋਈ ਇਕ ਸਵਾਰ' ਦੇ ਮੁੱਖ ਪਾਤਰ ਬਾਰੂ ਤਾਂਗੇ ਵਾਲਾ ਨਾਲ ਆਪਣੀ ਤੁਲਣਾ ਦੇ ਕੇ ਲਿਖੀ ਸੀ। ਉਸ ਦਾ ਇਸ ਕਵਿਤਾ ਬਾਰੇ ਹਲਫ਼ੀਆ ਬਿਆਨ ਇਸ ਤਰ੍ਹਾਂ ਹੈ:-

"ਬਾਰੂ ਦਾ ਦੂਜਾ ਨਾਂ 'ਸੰਘਰਸ਼' ਰੱਖਣਾ ਚਾਹਾਂਗਾ।... ਬਾਰੂ ਹਾਰ ਜਾਂਦਾ ਹੈ ਤਾਂ ਅੱਡੇ ਵਿੱਚ ਫੇਰ ਪਰੈਣੀ ਉੱਚੀ ਕਰਕੇ ਖੰਨੇ ਦਾ ਹੋਕਾ ਦਿੰਦਾ ਹੈ। ਮੈਂ ਆਪਣਾ ਸਾਹਿਤ ਭਾਵੇਂ ਕਲਮ ਨਾਲ ਲਿਖਦਾ ਹਾਂ, ਪਰ ਅਸਲ ਵਿੱਚ ਮੈਂ ਬਾਰੂ ਦੀ 'ਪਰੈਣੀ' ਨਾਲ ਲਿਖਦਾ ਹਾਂ। ਪਰੈਣੀ ਅੱਗੇ ਲੱਗੀ ਆਰ ਮੇਰੀ ਕਲਮ ਦੀ ਨੋਕ ਹੈ... ਮੇਰਾ ਬਾਰੂ ਮਰਿਆ ਨਹੀਂ, ਜ਼ਿੰਦਾ ਹੈ... ਉਸ ਦੀ ਕਹਾਣੀ ਮੈਂ 1954 ਵਿਚ ਲਿਖੀ ਸੀ, ਹੁਣ 38 ਵਰ੍ਹੇ ਬਾਅਦ 1992 ਵਿੱਚ ਇਹ ਕਵਿਤਾ ਲਿਖ ਰਿਹਾ ਹਾਂ... ਮੈਂ ਹਾਂ ਬਾਰੂ ਤਾਂਗੇ ਵਾਲਾ... ਭਾਵੇਂ ਹਾਰ ਚੁੱਕਾ ਹਾਂ ਪਰ

ਹਾਰ ਕੇ ਵੀ ਮੈਂ ਹਾਰਾਂਗਾ ਨਹੀਂ... ਇਹ ਕਵਿਤਾ ਮੈਂ ਸੋਵੀਅਤ ਰੂਸ ਦੇ ਟੁੱਟਣ ਮਗਰੋਂ ਲਿਖੀ ਹੈ":-

"ਟੁੱਟ ਗਿਆ ਮੈਂ ਭਾਵੇਂ ਸਾਰਾ
ਪਰ ਮੈਂ ਬਾਰੂ ਤਾਂਗੇ ਵਾਲਾ
ਹਾਰ ਗਿਆ ਪਰ ਹਾਰ ਨਾ ਮੰਨਾਂ
ਮੁੜ ਕੇ ਮੁੱਢ ਸੰਗਰਾਮ ਦਾ ਬੰਨ੍ਹਾਂ
ਛਾਂਟਾ ਚੁੱਕ ਆਕਾਸ਼ ਵੰਗਾਰਾਂ
ਫਿਰ ਸੰਸਾਰ ਨੂੰ ਹੋਕੇ ਲਾਵਾਂ
... ... ... ... ... ... ...
ਅੱਡਾ ਵਸਦਾ ਘਣਾ ਘਨ੍ਹੇਰਾ
ਮੇਰਾ ਟਾਂਗਾ ਮੇਰਾ ਹੀ ਮੇਰਾ
ਮੇਰਾ ਛਾਂਟਾ ਅੰਬਰ ਛੂਹੇ
ਪੁੱਜਣਾ ਮੈਂ ਚਾਨਣ ਦੇ ਬੂਹੇ
ਮੈਂ ਹਾਂ ਬਾਰੂ ਤਾਂਗੇ ਵਾਲਾ

ਸਾਹਿਤ ਦੇ ਸੰਤੋਖ ਸਿੰਘ ਧੀਰ ਅਤੇ ਜ਼ਿੰਦਗੀ ਦੇ 'ਬਾਰੂ ਤਾਂਗੇ ਵਾਲੇ', 'ਸਵੇਰ ਹੋਣ ਤੱਕ' ਮੁੜ-ਮੁੜ ਜੰਮਦੇ ਰਹਿਣਗੇ।

●●

# ਜਗਜੀਤ ਸਿੰਘ ਆਨੰਦ



**(28 ਦਸੰਬਰ, 1921 — 19 ਜੂਨ, 2015)**

# ਸਖ਼ਤ ਸੁਭਾਅ ਵਾਲਾ ਨਰਮ ਦਿਲ ਇਨਸਾਨ

ਜਗਜੀਤ ਸਿੰਘ ਆਨੰਦ ਪੰਜਾਬੀ ਪੱਤਰਕਾਰੀ ਦਾ ਨਿਵੇਕਲਾ ਹਸਤਾਖਰ ਹੈ, ਜਿਸ ਦਾ ਕੋਈ ਹੋਰ ਸਾਨੀ ਨਹੀਂ ਹੈ। ਗਹਿਰ-ਗੰਭੀਰ ਮੁੱਦਿਆਂ ਨੂੰ ਸਿਧਾਂਤਕ ਅਤੇ ਮਾਨਵੀ ਜਜ਼ਬਿਆਂ ਦੇ ਜਾਵੀਏ ਤੋਂ ਘੋਖਣਾ, ਵਿਚਾਰਨਾ ਅਤੇ ਉਹਨਾਂ ਮੁੱਦਿਆਂ ਦੇ ਦਲੀਲ ਜ਼ਾਫਤਾ ਹੱਲ ਪੇਸ਼ ਕਰਨਾ ਉਸ ਦੀ ਪੱਤਰਕਾਰੀ ਦੇ ਮੀਰੀ ਗੁਣ ਸਨ। 1963 ਤੋਂ 2015 ਤੱਕ ਰੋਜ਼ਾਨਾ 'ਨਵਾਂ ਜ਼ਮਾਨਾ' ਦੀ ਮੁੱਖ ਸੰਪਾਦਕੀ ਦਾ ਸਫਰ ਉਸ ਦੀ ਜ਼ਿੰਦਗੀ ਦਾ ਸ਼ਾਨਾ-ਮੱਤਾ ਸਫਰ ਹੈ, ਜਿਸ ਦੇ ਅਨੇਕਾਂ ਪੜਾਅ ਹਨ-ਅਨੇਕਾਂ ਵਿਸਥਾਰ ਹਨ ਅਤੇ ਅਨੇਕਾਂ ਰੰਗ ਹਨ। ਬੌਧਿਕ ਪੁਖਤਗੀ ਅਤੇ ਜਜ਼ਬਾਤੀ ਜਿਗਰੇ ਵਾਲੀ ਉਸ ਦੀ ਅਦਭੁੱਤ ਸ਼ਖਸੀਅਤ ਬਾਰੇ ਕਦੇ ਕਾਮਰੇਡ ਸੋਹਣ ਸਿੰਘ ਜੋਸ਼ ਨੇ ਕਿਹਾ ਸੀ:-

'ਜੇਕਰ ਆਨੰਦ ਨੂੰ ਆਪਣੇ ਗੁੱਸੇ ਉੱਤੇ ਕਾਬੂ ਪਾ ਲੈਣ ਦੀ ਮੁਹਾਰਤ ਹੁੰਦੀ ਤਾਂ ਪੰਡਤ ਨਹਿਰੂ ਤੋਂ ਬਾਅਦ ਇਹ ਦੇਸ਼ ਦੀ ਸਭ ਤੋਂ ਵੱਡੀ ਰਾਜਨੀਤਕ ਸ਼ਖਸੀਅਤ ਹੁੰਦੀ ਅਤੇ ਇਸ ਦਾ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪਹੁੰਚਣਾ ਵੀ ਸੰਭਵ ਹੁੰਦਾ।'

ਜੋ ਲੋਕ ਕਾਮਰੇਡ ਆਨੰਦ ਨੂੰ ਨੇੜੇ ਤੋਂ ਜਾਣਦੇ ਸਨ, ਉਹਨਾਂ ਨੂੰ ਇਸ ਕਿਆਸ-ਅਰਾਈ ਵਿੱਚੋਂ ਸੱਚ ਨਜ਼ਰ ਆਏਗਾ। ਮੈਂ ਕਾਮਰੇਡ ਆਨੰਦ ਨੂੰ ਪਹਿਲੀ ਵਾਰ ਉਦੋਂ ਦੇਖਿਆ, ਜਦੋਂ ਉਹ ਮੇਰੇ ਪਿੰਡ ਜੰਡਿਆਲਾ (ਮੰਜਕੀ) ਦੇ ਝੰਡਿਆਂ ਵਾਲੇ ਚੌਕ ਵਿੱਚ ਕਾਮਰੇਡ ਇੰਦਰਜੀਤ ਗੁਪਤਾ ਦੇ ਅੰਗਰੇਜ਼ੀ ਭਾਸ਼ਣ ਦਾ ਨਾਲੋ-ਨਾਲ ਉਲੱਥਾ ਕਰ ਰਿਹਾ ਸੀ। 1972 ਦੀ ਇਹ ਰਾਤ ਮੇਰੇ ਲਈ ਚਮਤਕਾਰੀ ਰਾਤ ਸੀ। ਮੈਂ ਗਿਆਰ੍ਹਵੀਂ ਜਮਾਤ ਦਾ ਵਿਦਿਆਰਥੀ ਸਾਂ। ਨੌਜਵਾਨ ਸਭਾ ਦਾ ਕਾਰਕੁਨ ਸਾਂ। ਇੰਦਰਜੀਤ ਗੁਪਤਾ ਦੇ ਬੰਗਲਾ ਅੰਦਾਜ਼ ਵਿੱਚ ਉਚਾਰੇ ਜਾ ਰਹੇ ਅੰਗਰੇਜ਼ੀ ਵਾਕਾਂ ਨੂੰ ਰਸ-ਭਰੀ ਪੰਜਾਬੀ ਵਿੱਚ ਕਾਮਰੇਡ ਆਨੰਦ ਵੱਲੋਂ ਉਲੱਥਾ ਕਰ-ਕਰ ਕੇ ਉਚਾਰੇ ਜਾਣਾ ਅਤੇ ਜਲਸੇ ਵਿੱਚ ਹਾਜ਼ਰ ਪਿੰਡ ਵਾਸੀਆਂ ਦਾ ਸੰਨਾਟੇ ਭਰੀ ਚੁੱਪ ਵਿੱਚ ਸੁਣਨਾ ਅਤੇ ਸਮੇਂ-ਸਮੇਂ ਤਾੜੀਆਂ ਵਜਾਉਣਾ ਮੈਨੂੰ

ਕਾਫੀ ਭਾਵੁਕ ਅਤੇ ਪ੍ਰਭਾਵਿਤ ਕਰ ਗਿਆ ਸੀ। ਉਸ ਜਲਸੇ ਦਾ ਸਟੇਜ ਸਕੱਤਰ ਮੈਂ ਸੀ ਤੇ ਫੇਰ ਜਦੋਂ 1976 ਤੋਂ 1984 ਤੱਕ ਮੈਂ 'ਨਵਾਂ ਜ਼ਮਾਨਾ' ਦਾ ਉੱਪ ਸੰਪਾਦਕ ਬਣ ਕੇ ਕਾਮਰੇਡ ਆਨੰਦ ਦੀ ਛਤਰ-ਛਾਇਆ ਹੇਠ ਆ ਗਿਆ ਤਾਂ ਕਾਮਰੇਡ ਆਨੰਦ ਮੈਨੂੰ ਅਕਸਰ ਆਖਦੇ, 'ਤੂੰ ਮੈਨੂੰ ਹਮੇਸ਼ਾ ਉਹੀ ਅਲੂਆਂ ਮੁੰਡਾ ਦਿੱਸਦੈਂ,ਜੋ ਝੰਡਿਆਂ ਵਾਲੇ ਚੌਕ ਦੇ ਜਲਸੇ ਦੀ ਸਟੇਜ ਸਕੱਤਰੀ ਕਰ ਰਿਹਾ ਸੀ।' ਮੈਂ ਫੁੱਲ ਕੇ ਕੁੱਪਾ ਹੋ ਜਾਂਦਾ।

'ਨਵਾਂ ਜ਼ਮਾਨਾ' ਵਿੱਚ ਮੇਰੀ ਡਿਊਟੀ ਮੁੱਖ ਰੂਪ ਵਿੱਚ ਅੰਦਰਲੇ ਸਫਿਆਂ ਦੀਆਂ ਖਬਰਾਂ ਉੱਤੇ ਹੁੰਦੀ ਅਤੇ ਨਾਲ-ਨਾਲ ਮੈਂ ਐਤਵਾਰ ਵਾਲਾ ਸਾਹਿਤਕ ਅੰਕ ਵੀ ਵੇਖਦਾ, ਜਿਸ ਨੂੰ ਅੱਜਕੱਲ੍ਹ 'ਐਤਵਾਰਤਾ' ਕਿਹਾ ਜਾਂਦਾ ਹੈ। ਇਸ ਕਰਕੇ ਮੇਰਾ ਸਿੱਧਾ ਵਾਸਤਾ ਸੁਰਜਣ ਜ਼ੀਰਵੀ, ਕਾਮਰੇਡ ਸਰਵਣ, ਬੰਤ ਰਾਏਪੁਰ ਅਤੇ ਗੁਰਮੀਤ ਨਾਲ ਰਹਿੰਦਾ ਸੀ, ਪਰ ਕਦੇ-ਕਦਾਈਂ ਸੰਪਾਦਕੀ ਲਿਖਾਉਣ ਵੇਲੇ ਕਾਮਰੇਡ ਆਨੰਦ ਮੈਨੂੰ ਵੀ ਬੁਲਾ ਲੈਂਦੇ, ਪਰ ਇਹ ਉਦੋਂ ਹੀ ਹੁੰਦਾ, ਜਦੋਂ ਦਲਬੀਰ ਜਾਂ ਗੁਰਮੀਤ ਕਿਤੇ ਹੋਰ ਰੁੱਝੇ ਹੁੰਦੇ। ਕਾਮਰੇਡ ਆਨੰਦ ਸਵੇਰੇ ਸਵੇਰੇ ਕੱਛ ਵਿੱਚ ਅਖਬਾਰਾਂ ਫੜੀ ਸੰਪਾਦਕੀ ਕਮਰੇ ਦੇ ਅੱਗੋਂ ਦੀ ਗੁਜ਼ਰਦੇ ਹੋਏ, ਆਪਣੀ ਕੈਬਿਨ ਵੱਲ ਜਾਂਦੇ ਤਾਂ ਅਸੀਂ ਸਾਰੇ ਗੰਭੀਰ ਮੁਦਰਾ ਵਿੱਚ ਆ ਜਾਂਦੇ। ਸਾਨੂੰ ਪਤਾ ਹੁੰਦਾ ਕਿ ਹੁਣੇ ਬਾਬਾ ਬੰਨੋਆਣਾ ਕੈਬਿਨ ਛੱਡ ਕੇ ਸਾਡੇ ਕਮਰੇ ਵਿੱਚ ਪਹੁੰਚ ਜਾਵੇਗਾ। ਇਹ ਲੱਗਭੱਗ ਰੋਜ਼ ਦਾ ਅਮਲ ਸੀ। ਬਾਬਾ ਬੰਨੋਆਣਾ ਸਾਡੇ ਤੱਕ ਜਾਂ ਤਾਂ ਬਹੁਤ ਖੁਸ਼-ਮਿਜਾਜ਼ੀ ਵਿੱਚ ਪਹੁੰਚਦੇ ਅਤੇ ਜਾਂ ਫਿਰ ਉੱਚੀ-ਉੱਚੀ ਬੋਲਦੇ ਅਤੇ ਖਿੱਝੀ ਹੋਈ ਅਵਸਥਾ ਵਿੱਚ। ਬਾਬਾ ਬੰਨੋਆਣਾ ਦੀ ਮਨੋ-ਅਵਸਥਾ ਕਾਮਰੇਡ ਆਨੰਦ ਦੇ ਮੂਡ ਉੱਤੇ ਨਿਰਭਰ ਕਰਦੀ ਸੀ। ਇਸ ਦਾ ਸਿੱਧਾ ਸੰਬੰਧ ਦੋਹਾਂ ਦੀ ਆਪਸੀ ਵਾਰਤਾ ਵਿੱਚ ਸਹਿਮਤੀ-ਅਸਹਿਮਤੀ ਨਾਲ ਜੁੜਿਆ ਹੋਇਆ ਸੀ।

ਇਹ ਸਾਲ ਦੇਸ਼ ਵਿੱਚ ਐਮਰਜੈਂਸੀ-ਜਨਤਾ ਪਾਰਟੀ ਦੀ ਸਰਕਾਰ-ਇੰਦਰਾ ਗਾਂਧੀ ਦੀ ਵਾਪਸੀ ਅਤੇ ਫਿਰ ਪੰਜਾਬ ਸੰਕਟ ਦੇ ਸਾਲ ਸਨ। ਭਾਰਤੀ ਕਮਿਊਨਿਸਟ ਪਾਰਟੀ, ਕੌਮੀ ਜਮਹੂਰੀ ਫਰੰਟ ਦੀ ਉਸਾਰੀ ਅਧੀਨ ਕਾਮਰੇਡ ਪੀ ਸੀ ਜੋਸ਼ੀ, ਐੱਸ ਏ ਡਾਂਗੇ ਅਤੇ ਮੋਹਿਤ ਸੇਨ ਦੀ ਸਿਧਾਂਤਕ ਲਾਈਨ ਅਧੀਨ ਕਾਂਗਰਸ ਨਾਲ ਭਿਆਲੀ ਦੇ ਪਾਰਲੀਮੈਂਟਰੀ ਦਾਅਪੇਚਾਂ ਵਿੱਚੀਂ ਗੁਜ਼ਰ ਰਹੀ ਸੀ। ਪਾਰਟੀ ਅੰਦਰ ਕਾਮਰੇਡ ਆਨੰਦ ਦਾ ਧੜਾ ਇਸ ਲਾਈਨ ਦਾ ਕੱਟੜ ਹਮਾਇਤੀ ਸੀ, ਪਰ ਜਲੰਧਰ ਜ਼ਿਲ੍ਹੇ ਦੇ ਹੋਰ ਪਾਰਟੀ ਆਗੂ ਇਸ ਲਾਈਨ ਦੇ ਕੱਟੜ ਵਿਰੋਧੀ ਸਨ। ਚੰਡੀਗੜ੍ਹ (ਕਾਮਰੇਡ ਮਲਹੋਤਰਾ), ਜਲੰਧਰ

(ਕਾਮਰੇਡ ਆਨੰਦ) ਅਤੇ ਅੰਮ੍ਰਿਤਸਰ (ਕਾਮਰੇਡ ਸੱਤਪਾਲ ਡਾਂਗ) ਵਿੱਚ ਅਜੀਬ ਤਰ੍ਹਾਂ ਦੀ ਕਸ਼ਮਕਸ਼ ਅਕਸਰ ਚਲਦੀ ਰਹਿੰਦੀ, ਜਿਸ ਵਿੱਚ ਕਦੇ-ਕਦੇ ਸਾਡੇ ਵਰਗੇ ਨਿੱਕੇ-ਮੋਟੇ ਦਾਣੇ ਵੀ ਪੀਸੇ ਜਾਂਦੇ।

ਜਦੋਂ 1979 ਵਿੱਚ ਕੁਝ ਪਰਿਵਾਰਕ ਅਤੇ ਕੁਝ ਜੰਡਿਆਲੇ ਦੇ ਸਥਾਨਕ ਕਾਰਨਾਂ ਕਰਕੇ ਮੈਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇਣਾ ਪਿਆ ਤਾਂ ਚੰਡੀਗੜ੍ਹ ਤੱਕ ਗੱਲ ਚੱਲੀ ਕਿ ਇਸ ਨੇ ਪਾਰਟੀ ਛੱਡੀ ਹੈ, ਇਸ ਨੂੰ ਅਖਬਾਰ ਵਿੱਚੋਂ ਵੀ ਕੱਢਿਆ ਜਾਵੇ, ਤਾਂ ਕਾਮਰੇਡ ਆਨੰਦ, ਸੁਰਜਨ ਜ਼ੀਰਵੀ ਅਤੇ ਬਾਬਾ ਬੰਨੋਆਣਾ ਦੀ ਤ੍ਰਿਵੈਣੀ ਨੇ ਅਜਿਹਾ ਨਾ ਹੋਣ ਦਿੱਤਾ। ਮੈਂ 1979 ਵਿੱਚ ਪਾਰਟੀ ਛੱਡ ਕੇ ਵੀ 1984 ਦੇ ਅਪ੍ਰੈਲ ਮਹੀਨੇ ਤੱਕ 'ਨਵਾਂ ਜ਼ਮਾਨਾ' ਦੀ ਮੇਜ਼ ਉੱਤੇ ਟਿਕਿਆ ਰਿਹਾ। ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀਆਂ ਸਰਗਰਮੀਆਂ ਵਿੱਚ ਮੈਨੂੰ ਕਾਮਰੇਡ ਆਨੰਦ ਅਤੇ ਬਾਬਾ ਬੰਨੋਆਣਾ ਨੇ ਇੱਕ ਯੋਜਨਾ ਅਧੀਨ ਹੀ ਸਰਗਰਮ ਕੀਤਾ ਸੀ। ਕਾਮਰੇਡ ਆਨੰਦ ਮੈਨੂੰ ਆਪਣੀ ਕੈਬਿਨ ਵਿੱਚ ਬੁਲਾ ਕੇ ਸਾਹਿਤਕ ਜਥੇਬੰਦੀਆਂ ਵਿੱਚ ਕੰਮ ਕਰਨ ਦੇ ਦਾਅਪੇਚ ਸਮਝਾਉਂਦੇ। ਉਹ ਜੋ-ਜੋ ਬੋਲਦੇ, ਮੈਂ ਡਾਇਰੀ ਵਿੱਚ ਲਿਖਣ ਦਾ ਯਤਨ ਕਰਦਾ। ਇੱਕ ਦਿਨ ਜਦੋਂ ਉਹ ਮੈਨੂੰ ਕੁਝ ਨੁਕਤੇ ਦਸ ਰਹੇ ਸਨ, ਅਤੇ ਮੈਂ ਨਾਲੋ-ਨਾਲ ਡਾਇਰੀ ਵਿੱਚ ਲਿਖ ਰਿਹਾ ਸਾਂ ਤਾਂ ਅਚਾਨਕ ਮੇਰੇ ਹੱਥੋਂ ਉਨ੍ਹਾਂ ਨੇ ਡਾਇਰੀ ਫੜ ਲਈ, ਪੜ੍ਹ ਕੇ ਉੱਚੀ-ਉੱਚੀ ਹੱਸੇ। ਉਨ੍ਹਾਂ ਸ਼ਬਦ 'ਟੈਕਟੀਕਲ' ਬੋਲਿਆ ਸੀ, ਜਿਸ ਨੂੰ ਮੈਂ 'ਟੈਕਨੀਕਲ' ਲਿਖਿਆ ਸੀ-ਫੇਰ ਕਿੰਨੀ ਦੇਰ ਉਹ ਇਸ ਸ਼ਬਦ ਦੀ ਵਿਆਖਿਆ ਕਰਦੇ ਰਹੇ।

ਮੇਰੀ ਸ਼ਖਸੀਅਤ ਦੇ ਵਿਕਾਸ ਵਿੱਚ ਕਾਮਰੇਡ ਆਨੰਦ ਦੇ ਯੋਗਦਾਨ ਦਾ ਲੇਖਾ-ਜੋਖਾ ਕਰਨਾ ਹੋਵੇ ਤਾਂ ਮੇਰੀ ਵਿਚਰਨ ਕਲਾ ਅਤੇ ਲਿਖਣ ਕਲਾ, ਮੈਨੂੰ ਉਨ੍ਹਾਂ ਦੀ ਹੀ ਦੇਣ ਦਿਸਦੀ ਹੈ। ਲੰਮੇ ਗੁੰਝਲਦਾਰ ਦਿਸਦੇ ਫਿਕਰੇ ਨੂੰ, ਸਰਲ ਭਾਸ਼ਾ ਵਿੱਚ ਲਪੇਟ ਕੇ, ਕਾਗਜ਼ ਉੱਤੇ ਉਤਾਰਨ ਦੀ ਅਜਬ ਸ਼ੈਲੀ, ਉਨ੍ਹਾਂ ਦੀ ਵਾਰਤਕ ਕਲਾ ਦਾ ਮੀਰੀ ਗੁਣ ਸੀ। 'ਨਵਾਂ ਜ਼ਮਾਨਾ' ਵਿੱਚ ਲਿਖੇ ਉਨ੍ਹਾਂ ਦੇ ਸੰਪਾਦਕੀ ਦੂਸਰੇ ਦਿਨ ਹੋਰ ਅਖਬਾਰਾਂ ਦੇ ਮੁੱਖ ਲੇਖਾਂ ਵਜੋਂ ਛਪੇ ਹੋਏ ਵੀ ਅਕਸਰ ਦਿਸ ਜਾਂਦੇ ਸਨ।

ਵਿਚਾਰ ਅਤੇ ਕਲਮ ਦੇ ਇਸ ਧਨੀ ਦੀ ਕਾਮਯਾਬੀ ਦੀ ਕਹਾਣੀ 28 ਦਸੰਬਰ 1921 ਤੋਂ ਤਰਨ ਤਾਰਨ ਤੋਂ ਸ਼ੁਰੂ ਹੋਈ ਸੀ। ਉਸ ਨੇ ਸਰਦਾਰ ਮਹਿਤਾਬ ਸਿੰਘ ਅਤੇ

ਸਰਦਾਰਨੀ ਤੇਜਵੰਤ ਕੌਰ ਦੇ ਘਰ ਜਨਮ ਲਿਆ। ਤਰਨ ਤਾਰਨ ਦੇ ਗੁਰੂ ਅਰਜਨ ਦੇਵ ਸਕੂਲ, ਜਿੱਥੇ ਉਹਨਾਂ ਦੇ ਪਿਤਾ ਜੀ ਹੈੱਡਮਾਸਟਰ ਸਨ, ਤੋਂ ਹੀ ਦਸਵੀਂ ਪਾਸ ਕਰਕੇ ਕਾਮਰੇਡ ਆਨੰਦ ਕ੍ਰਿਸਚੀਅਨ ਕਾਲਜ ਲਾਹੌਰ ਵਿਖੇ ਦਾਖਲ ਹੋ ਗਏ ਤੇ ਫਿਰ ਸਿੱਖ ਨੈਸ਼ਨਲ ਕਾਲਜ ਲਾਹੌਰ ਗਏ। ਜਿਥੇ ਉਹ ਸਟੂਡੈਂਟਸ ਯੂਨੀਅਨ ਦੇ ਜਨਰਲ ਸਕੱਤਰ ਬਣੇ। 1938 ਤੋਂ 1941 ਤੱਕ ਇਸ ਕਾਲਜ ਵਿੱਚ ਪੜ੍ਹੇ ਅਤੇ ਨਵਤੇਜ ਸਿੰਘ (ਪ੍ਰੀਤਲੜੀ) ਨਾਲ ਉਹਨਾਂ ਦੀ ਦੋਸਤੀ ਵੀ ਇਥੇ ਹੀ ਪਈ। ਦੋਵਾਂ ਦੋਸਤਾਂ ਨੇ ਰਲ ਕੇ ਬਾਅਦ ਵਿੱਚ ਵਾਸੀ ਲਿਊਸਕਾ ਦੇ ਰੂਸੀ ਨਾਵਲ 'ਰੇਨਬੋ' ਦਾ ਪੰਜਾਬੀ ਅਨੁਵਾਦ ਵੀ ਕੀਤਾ ਸੀ, ਜਿਸ ਵਿੱਚ ਦੂਸਰੇ ਮਹਾਂਯੁੱਧ ਦੌਰਾਨ ਹਿਟਲਰ ਦੇ ਜ਼ੁਲਮਾਂ ਦੀ ਕਹਾਣੀ ਦਰਜ ਹੈ। ਇਸ ਨਾਵਲ ਦੀ ਕਹਾਣੀ ਯੂਕਰੇਨ ਦੇ ਇੱਕ ਪਿੰਡ ਵਿੱਚ ਨਾਜ਼ੀਆਂ ਵਿਰੁੱਧ ਲੜੀ ਗਈ ਲੜਾਈ ਦਾ ਵਰਨਣ ਹੈ। ਨਵਤੇਜ ਨਾਲ ਉਸ ਦੀ ਦੋਸਤੀ 'ਪ੍ਰੀਤਲੜੀ' ਪਰਵਾਰ ਨਾਲ ਗਹਿਰੀ ਦੋਸਤੀ ਵਜੋਂ ਵਿਕਸਤ ਹੋਈ ਅਤੇ ਉਰਮਿਲਾ ਨਾਲ ਵਿਆਹ ਬੰਧਨ ਤੱਕ ਵੀ ਅੱਪੜ ਗਈ। ਇਹ ਵਿਆਹ 1951 ਵਿੱਚ ਹੋਇਆ ਅਤੇ ਪਰਵਾਰ ਵਿੱਚ ਸੁਕੀਰਤ ਅਤੇ ਸੁਅੰਗਨਾ ਦੀ ਆਮਦ ਹੋਈ।

ਪੱਤਰਕਾਰੀ ਅਤੇ ਸਾਹਿਤਕਾਰੀ ਦਾ ਸੁੰਦਰ ਸੁਮੇਲ ਜਗਜੀਤ ਸਿੰਘ ਆਨੰਦ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਬਾਨੀ ਮੈਂਬਰਾਂ ਵਿੱਚੋਂ ਸਨ, ਜਿਸ ਦੀ ਸਥਾਪਨਾ 1956 ਵਿੱਚ ਕੀਤੀ ਗਈ ਸੀ। ਇਸ ਬਹੁ-ਪਸਾਰੀ ਸ਼ਖਸੀਅਤ ਨੇ ਸਾਹਿਤ, ਪੱਤਰਕਾਰੀ ਅਤੇ ਰਾਜਨੀਤਕ ਵਿਸ਼ਿਆਂ ਉੱਤੇ ਤੀਹ ਤੋਂ ਵੱਧ ਕਿਤਾਬਾਂ ਲਿਖੀਆਂ ਅਤੇ ਅਨੁਵਾਦ ਕੀਤੀਆਂ ਸਨ। ਇਹਨਾਂ ਵਿੱਚ ਸੂਝ ਸੰਚਾਰ (1970), ਸੂਝ ਦਾ ਸਫਰ (1974), ਪੰਜਾਬ ਦੀ ਤ੍ਰਾਸਦੀ (1986), ਚੇਤੇ ਦੀ ਚੰਗੇਰ 'ਚੋਂ (1991), ਕਮਿਊਨਿਸਟ ਲਹਿਰ ਦੇ ਅੰਗ-ਸੰਗ (2008) ਅਤੇ ਚੇਤਾ ਚੋਗ ਚੁਗੇ (2010) ਸ਼ਾਮਲ ਹਨ।

ਇਸ ਤੋਂ ਪਿੱਛੇ ਜਾਈਏ ਤਾਂ ਉਸ ਨੇ 1946 ਵਿੱਚ "ਕਮਿਊਨਿਸਟ ਪਾਰਟੀ ਦਾ ਇਤਿਹਾਸ", 1961 ਵਿੱਚ "ਕਾਰਲ ਮਾਰਕਸ ਦੀ ਜੀਵਨੀ", 1963 ਵਿੱਚ "ਫਲਸਫੇ ਦੀ ਕੰਗਾਲੀ", 1964 ਵਿੱਚ "ਸੋਸ਼ਲਿਜ਼ਮ ਅਤੇ ਕਮਿਊਨਿਜ਼ਮ", 1965 ਵਿੱਚ "ਮਾਰਕਸਵਾਦ-ਲੈਨਿਨਵਾਦ ਦੇ ਮੂਲ ਸਿਧਾਂਤ" ਅਨੁਵਾਦ ਕਰਨ ਦੇ ਨਿਵੇਕਲੇ ਕਾਰਜ ਕੀਤੇ ਸਨ। ਸਾਹਿਤਕ ਕਿਰਤਾਂ ਦੀ ਲੜੀ ਵਿੱਚ "ਬਘਿਆੜਾਂ ਦੇ ਵੱਸ", "ਨਵੀਂ ਧਰਤੀ ਨਵੇਂ ਸਿਆੜ", "ਧਰਤੀ ਦਾ ਜਾਇਆ" ਅਤੇ ਜੂਲੀਅਸ ਫਿਊਚਕ ਦੀ ਬਹੁ-ਚਰਚਿਤ

ਕਿਤਾਬ-"ਫਾਂਸੀ ਦੇ ਤਖਤੇ ਤੋਂ" ਵਰਗੀਆਂ ਕਿਤਾਬਾਂ ਦੇ ਅਨੁਵਾਦ ਵੀ ਕਾਮਰੇਡ ਆਨੰਦ ਦੀ ਅਨੁਵਾਦ ਸ਼ੈਲੀ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ।

ਪੰਜਾਬ ਵਿੱਚ ਅਮਨ ਲਹਿਰ ਦੇ ਉਸਰੱਈਏ ਵਜੋਂ ਜਾਣੇ ਜਾਂਦੇ ਜਗਜੀਤ ਸਿੰਘ ਆਨੰਦ ਸਿਰਫ ਵੀਹ ਸਾਲ ਦੀ ਉਮਰ ਵਿੱਚ ਹੀ ਕਮਿਊਨਿਸਟ ਪਾਰਟੀ ਦੀ ਸੂਬਾ ਕਮੇਟੀ ਦੇ ਮੈਂਬਰ ਬਣ ਗਏ ਸਨ। ਆਜ਼ਾਦੀ ਦੇ ਸੰਘਰਸ਼ ਵਿੱਚ ਵਿਦਿਆਰਥੀ ਆਗੂ ਵਜੋਂ ਸ਼ਾਮਲ ਹੋਣ, 'ਕਿਰਤੀ' ਰਸਾਲੇ ਨਾਲ ਜੁੜਨ ਅਤੇ ਸੋਹਣ ਸਿੰਘ ਜੋਸ਼ ਅਤੇ ਅਰਜਨ ਸਿੰਘ ਗੜਗੱਜ ਵਰਗੇ ਮਾਰਸ਼ਲ ਦੇਸ਼ ਭਗਤਾਂ ਦੀ ਸੰਗਤ ਨੇ, ਉਨ੍ਹਾਂ ਨੂੰ ਧਾਰਮਕ ਕੱਟੜਤਾ ਤੋਂ ਨਿਰਲੇਪ, ਧਰਮ-ਨਿਰਪੱਖ, ਸਿਧਾਂਤਾਂ ਦਾ ਨਿਧੜਕ ਯੋਧਾ ਬਣਾ ਦਿੱਤਾ ਸੀ। ਉਨ੍ਹਾਂ ਦਾ ਸੰਪਾਦਕੀ ਸਫਰ ਉਰਦੂ ਹਫਤਾਵਰ ਰਸਾਲੇ 'ਜੰਗ-ਏ-ਆਜ਼ਾਦੀ' ਤੋਂ ਸ਼ੁਰੂ ਹੋ ਕੇ 'ਨਵਾਂ ਜ਼ਮਾਨਾ' ਤੱਕ ਪਹੁੰਚਿਆ ਸੀ। ਜਲੰਧਰ ਤੋਂ 'ਨਯਾ ਜ਼ਮਾਨਾ' ਛਪਣਾ ਸ਼ੁਰੂ ਹੋਇਆ ਤਾਂ ਇਸ ਦੇ ਸੰਪਾਦਕ ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਟੀਕਾ ਰਾਮ ਸੁਖਨ ਸਨ ਅਤੇ ਸੰਪਾਦਕੀ ਮੰਡਲ ਵਿੱਚ ਅਰਜਨ ਸਿੰਘ ਗੜਗੱਜ ਅਤੇ ਸੁਰਜਨ ਸਿੰਘ ਜ਼ੀਰਵੀ ਵੀ ਸਨ। ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਇਸੇ ਦਾ ਨਾਂਅ ਬਦਲ ਕੇ 'ਨਵਾਂ ਜ਼ਮਾਨਾ' ਕਰ ਦਿੱਤਾ ਗਿਆ ਸੀ। 1956 ਵਿੱਚ ਇਸ ਦੇ ਮੁੱਖ ਸੰਪਾਦਕ ਕਾਮਰੇਡ ਸੋਹਣ ਸਿੰਘ ਜੋਸ਼ ਬਣੇ ਸਨ ਤੇ ਫਿਰ 1963 ਤੋਂ ਕਾਮਰੇਡ ਆਨੰਦ ਨੇ ਇਸ ਦੀ ਵਾਗਡੋਰ ਸੰਭਾਲੀ।

ਉਨ੍ਹਾਂ ਨੂੰ "ਸੋਵੀਅਤ ਲੈਂਡ ਨਹਿਰੂ ਪੁਰਸਕਾਰ" ਅਤੇ ਪੰਜਾਬ ਸਰਕਾਰ ਦਾ "ਸ਼੍ਰੋਮਣੀ ਪੱਤਰਕਾਰ ਪੁਰਸਕਾਰ" ਵਰਗੇ ਵੱਕਾਰੀ ਪੁਰਸਕਾਰ ਵੀ ਮਿਲੇ। ਉਹ ਉੱਤਰੀ ਭਾਰਤ ਰੇਲਵੇ ਇੰਪਲਾਈਜ਼ ਯੂਨੀਅਨ ਦੇ ਪ੍ਰਧਾਨ ਵੀ ਰਹੇ। ਆਲ ਇੰਡੀਆ ਯੂਨੀਵਰਸਿਟੀ ਅਤੇ ਕਾਲਜ ਇੰਪਲਾਈਜ਼ ਫੈਡਰੇਸ਼ਨ ਦੇ ਕਾਰਜਕਾਰੀ ਪ੍ਰਧਾਨ ਵੀ ਰਹੇ ਅਤੇ 1974 ਤੋਂ 1980 ਤੱਕ ਰਾਜ ਸਭਾ ਦੇ ਮੈਂਬਰ ਵੀ ਰਹੇ। ਰਾਜ ਸਭਾ ਦੇ ਮੈਂਬਰ ਹੁੰਦਿਆਂ ਪੰਜਾਬ ਦੇ ਮਸਲਿਆਂ ਉੱਤੇ ਉਹਨਾ ਵੱਲੋਂ ਉਠਾਏ ਗਏ ਸਵਾਲ ਅਤੇ ਦਿੱਤੇ ਗਏ ਭਾਸ਼ਣ ਯਾਦਗਾਰੀ ਹਨ।

ਪੰਜਾਬ ਸੰਕਟ ਦਾ ਦੌਰ ਉਹਨਾਂ ਦੀ ਜ਼ਿੰਦਗੀ ਦਾ ਵੰਗਾਰਾਂ ਭਰਿਆ ਦੌਰ ਸੀ। ਉਹਨਾਂ ਦੇ ਘਰ ਅਤੇ ਦਫਤਰ ਵਿੱਚ ਸੁਰੱਖਿਆ ਦਾ ਸਖਤ ਪਹਿਰਾ ਸੀ। ਉਹ ਪੁਲਸ ਦੀ ਛਤਰ-ਛਾਇਆ ਵਿੱਚ ਹੀ ਦਫਤਰ ਆਉਂਦੇ। ਜਿੰਨੀਆਂ ਸਖਤ ਵੰਗਾਰਾਂ ਸਨ, ਓਨੀ ਤਿੱਖੀ ਉਹਨਾਂ ਦੀ ਕਲਮ ਸੀ। ਹਰ ਹਫਤੇ ਕੋਈ ਨਾ ਕੋਈ ਧਮਕੀ ਭਰਿਆ ਪੱਤਰ 'ਨਵਾਂ

ਜ਼ਮਾਨਾ' ਦੀ ਡਾਕ ਵਿੱਚ ਆ ਧਮਕਦਾ ਸੀ। ਲਿਖਿਆ ਹੁੰਦਾਂ 'ਨਵਾਂ ਜ਼ਮਾਨਾ' ਛਾਪਣਾ ਬੰਦ ਕਰ ਦਿਓ, ਨਹੀਂ ਤਾਂ ਸੋਧ ਦਿੱਤੇ ਜਾਓਗੇ।' ਪਰ ਜਗਜੀਤ ਸਿੰਘ ਆਨੰਦ ਨੇ 'ਨਵਾਂ ਜ਼ਮਾਨਾ' ਦੀ ਵਿਚਾਰਧਾਰਕ ਬੁਲੰਦੀ ਨੂੰ ਕੋਈ ਆਂਚ ਨਾ ਆਉਣ ਦਿੱਤੀ ਅਤੇ ਧਮਕੀਆਂ ਦੇ ਜਵਾਬ ਵਿੱਚ ਸਖ਼ਤ ਸੰਪਾਦਕੀ ਲਿਖਿਆ:-

'ਮੈਂ ਮੌਤ ਦੀਆਂ ਧਮਕੀਆਂ ਅਤੇ ਅੱਤਵਾਦੀਆਂ ਦੀਆਂ ਭਬਕੀਆਂ ਤੋਂ ਡਰਨ ਵਾਲਾ ਨਹੀਂ ਹਾਂ, ਮੈਂ ਪ੍ਰੈੱਸ ਦੀ ਆਜ਼ਾਦੀ ਦਾ ਝੰਡਾ ਹਰ ਕੀਮਤ ਉੱਤੇ ਬੁਲੰਦ ਰੱਖਾਂਗਾ।'

ਇਹ ਦਿਨ ਬਹੁਤ ਸਹਿਮ ਭਰੇ ਸਨ। ਕਮਿਊਨਿਸਟ ਕਾਰਕੁਨਾਂ, ਆਗੂਆਂ ਅਤੇ ਪੱਤਰਕਾਰਾਂ ਉੱਤੇ ਇੱਕ ਤੋਂ ਬਾਅਦ ਇੱਕ ਹਮਲਿਆਂ ਦੀਆਂ ਖਬਰਾਂ ਦਿਲ ਕੰਬਾ ਦਿੰਦੀਆਂ ਸਨ, ਪਰ 'ਨਵਾਂ ਜ਼ਮਾਨਾ' ਦੀ ਛੱਤ ਉੱਤੇ ਅਖਬਾਰਾਂ ਵਿਛਾ ਕੇ ਸੌਣ ਵਾਲੇ, ਅਸੀਂ ਸਵੇਰ ਹੁੰਦਿਆਂ ਹੀ ਨਵੀਂਆਂ ਖਬਰਾਂ ਦੀ ਉਡੀਕ ਵਿੱਚ, ਉਸੇ ਤਰ੍ਹਾਂ ਤਾਇਨਾਤ ਹੁੰਦੇ। ਦਸ ਕੁ ਵਜੇ ਬਾਬਾ ਬੰਨੋਆਣਾ ਆ ਜਾਂਦੇ, ਗਿਆਰਾਂ ਕੁ ਵਜੇ ਕਾਮਰੇਡ ਆਨੰਦ ਪਹੁੰਚ ਜਾਂਦੇ। ਟੈਲੀ ਪ੍ਰਿੰਟਰ ਦੀ ਟਿੱਕ-ਟਿੱਕ ਵਿੱਚ ਹਾਸੇ-ਕਿਲਕਾਰੀਆਂ ਵੀ ਰਲਣ ਲੱਗ ਪੈਂਦੇ। ਡਾਕ ਖੁੱਲ੍ਹਣੀ ਸ਼ੁਰੂ ਹੋ ਜਾਂਦੀ। ਅੰਦਰਲੇ ਸਫੇ ਲੱਗਭੱਗ ਤਿਆਰ ਹੋ ਜਾਂਦੇ ਤਾਂ ਦੋ ਕੁ ਵਜੇ ਜ਼ੀਰਵੀ ਸਾਹਿਬ ਆ ਕੇ ਸ਼ਾਮ ਦੇ ਸਫਿਆਂ ਦੀ ਕਮਾਂਡ ਸੰਭਾਲ ਲੈਂਦੇ। ਸੰਪਾਦਕੀ ਤੋਂ ਵਿਹਲੇ ਹੋ ਕੇ, ਕਦੇ-ਕਦੇ ਕਾਮਰੇਡ ਆਨੰਦ ਖਬਰਾਂ ਵਾਲੇ ਪਾਸੇ ਆ ਜਾਂਦੇ, ਪਰ ਖੜੇ-ਖੜੇ ਹੀ ਜ਼ੀਰਵੀ ਸਾਹਿਬ ਤੋਂ ਦੋ ਕੁ ਚੁਟਕਲੇ ਸੁਣਦੇ, ਉੱਚੀ-ਉੱਚੀ ਹੱਸਦੇ ਤੇ ਫਿਰ ਜ਼ੀਰਵੀ ਸਾਹਿਬ ਨੂੰ ਇਸ਼ਾਰੇ ਨਾਲ ਬੁਲਾ ਕੇ ਲੈ ਜਾਂਦੇ, ਸ਼ਾਇਦ ਕੋਈ ਜ਼ਰੂਰੀ ਸਲਾਹ ਕਰਨ ਵਾਸਤੇ।

ਕਾਮਰੇਡ ਆਨੰਦ ਦੀ ਅਜਿਹੀ ਦਿਨ-ਚਰਿਆ (ਰੁਟੀਨ) ਦਾ ਮੈਂ ਸਾਢੇ ਸੱਤ ਸਾਲ ਗਵਾਹ ਰਿਹਾ ਹਾਂ। ਇਹਨਾਂ ਵਿੱਚ ਕੁਝ ਉਹ ਦਿਨ ਵੀ ਸ਼ਾਮਲ ਹਨ, ਜਦੋਂ ਉਹ ਘਰ ਤੋਂ ਹੀ ਸੰਪਾਦਕੀ ਲਿਖ ਕੇ ਭੇਜਦੇ ਸਨ ਜਾਂ ਸਾਡੇ ਵਿੱਚੋਂ ਕੋਈ ਡਿਕਟੇਸ਼ਨ ਲੈਣ ਲਈ ਉਹਨਾਂ ਦੇ ਮਾਡਲ ਟਾਊਨ ਸਥਿਤ ਘਰ ਜਾਂਦਾ ਸੀ।

ਪੰਜਾਬੀ ਬੋਲਣ ਅਤੇ ਲਿਖਣ ਦੀ ਬੇਮਿਸਾਲ ਮੁਹਾਰਤ ਵਾਲੇ ਕਾਮਰੇਡ ਆਨੰਦ ਸ਼ਬਦ-ਜੋੜਾਂ ਬਾਰੇ ਬੇਹੱਦ ਚੇਤੰਨ ਸਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਤਿਆਰ ਕੀਤੇ ਗਏ 'ਸ਼ਬਦ-ਜੋੜ ਕੋਸ਼' ਦੀ ਸੰਪਾਦਨਾ ਵਿੱਚ ਉਨ੍ਹਾਂ ਦਾ ਵੱਡਾ ਯੋਗਦਾਨ ਸੀ। ਡਾਕਟਰ ਹਰਕੀਰਤ ਸਿੰਘ ਨਾਲ ਇੱਕ-ਇੱਕ ਸ਼ਬਦ ਜੋੜ ਉੱਤੇ, ਘੰਟਿਆਂਬੱਧੀ ਸਿਰ ਜੋੜ ਕੇ ਵਿਚਾਰਾਂ ਕਰਦਿਆਂ, ਮੈਂ ਉਹਨਾ ਨੂੰ ਆਪ ਵੇਖਿਆ ਸੀ।

ਇੱਕ ਦਿਨ ਸਵੇਰੇ-ਸਵੇਰੇ ਉਹ ਆਪਣੀ ਕੈਬਿਨ ਵੱਲ ਸਿੱਧੇ ਲੰਘਣ ਦੀ ਬਜਾਏ, ਖ਼ਬਰਾਂ ਵਾਲੇ ਮੇਜ਼ ਕੋਲ ਆ ਰੁਕੇ ਤੇ ਵੱਡੀ ਸਾਰੀ ਮੁਸਕਾਨ ਬਿਖੇਰਦੇ ਹੋਏ, ਮੇਰੇ ਵੱਲ ਅੱਖ ਦਾ ਇਸ਼ਾਰਾ ਕਰਕੇ ਕਹਿਣ ਲੱਗੇ- "ਰਾਤੀਂ ਪਹਿਲੇ ਸਫੇ ਉੱਤੇ ਤੂੰ ਸੀ"-ਮੈਂ ਉੱਠ ਕੇ ਖੜਾ ਹੋਇਆ ਤੇ ਕਿਹਾ 'ਹਾਂ ਜੀ' -"ਤਾਂ ਹੀ 'ਹਾਵੜਾ ਮੇਲ' ਨੂੰ 'ਹਾਬੜਾ ਮੇਲ' ਲਿਖਿਆ ਹੋਇਆ, ਅਖਬਾਰ ਵੇਖਦਿਆਂ ਹੀ ਮੈਨੂੰ ਪਤਾ ਲੱਗ ਗਿਆ ਸੀ ਕਿ ਕੋਈ ਦੁਆਬੀਆ ਹੀ 'ਵ' ਨੂੰ 'ਬ' ਲਿਖ ਸਕਦੈ।"

ਮੈਂ ਕੱਚਾ ਜਿਹਾ ਹੋ ਕੇ ਸੌਰੀ ਕਿਹਾ ਤੇ ਉਹ ਹੱਸਦੇ-ਹੱਸਦੇ, ਮੈਨੂੰ ਬੈਠਣ ਲਈ ਕਹਿ ਕੇ ਆਪਣੀ ਕੈਬਿਨ ਵੱਲ ਚਲੇ ਗਏ। ਅਖ਼ਬਾਰ ਵਿੱਚ ਛਪੀ 'ਬ' ਅਤੇ 'ਵ' ਦੀ ਇੱਕ ਗਲਤੀ ਨੇ ਉਹਨਾਂ ਨੂੰ ਪਰੇਸ਼ਾਨ ਕਰ ਦਿੱਤਾ ਸੀ ਅਤੇ ਮੈਨੂੰ ਕੱਖੋਂ ਹੌਲਾ।

ਆਪਣੀ ਭਾਸ਼ਾ, ਆਪਣੀ ਵਿਚਾਰਧਾਰਾ, ਆਪਣੇ ਕਿੱਤੇ ਅਤੇ ਆਪਣੇ ਇਸ਼ਟ ਪ੍ਰਤੀ ਇਮਾਨਦਾਰ ਰਹਿਣ ਦੇ ਮੁੱਢਲੇ ਸਬਕ ਕਾਮਰੇਡ ਆਨੰਦ ਵਰਗੀਆਂ ਸ਼ਖਸੀਅਤਾਂ ਤੋਂ ਸਿੱਖੇ ਹੋਣ ਕਰਕੇ ਹੀ, ਮੇਰੀ ਪੀੜ੍ਹੀ ਦੇ ਬਹੁਗਿਣਤੀ ਵਿਅਕਤੀ ਸਮਾਜ ਸੱਭਿਆਚਾਰ ਦੀ ਪ੍ਰਗਤੀ ਵਿੱਚ, ਉਹ ਯੋਗਦਾਨ ਪਾਉਣ ਦੇ ਸਮਰੱਥ ਹੋ ਸਕੇ ਹਨ, ਜਿਸ ਦੀ ਜ਼ਰੂਰਤ ਸੀ। ਵਿਚਾਰ ਅਤੇ ਵਿਹਾਰ ਵਿੱਚ ਸਮਤੋਲ ਬਣਾ ਸਕਣ ਦੀ ਸੋਝੀ ਵਾਸਤੇ, ਉਮਰਾਂ ਦਰਕਾਰ ਹੁੰਦੀਆਂ ਹਨ, ਪਰ ਜੇਕਰ ਤੁਹਾਡੇ ਸਾਹਮਣੇ ਕੋਈ ਰੋਲ ਮਾਡਲ ਹੋਵੇ ਤਾਂ ਲੰਮੇ ਰਸਤੇ ਵੀ ਤਹਿ ਕਰਕੇ, ਜੇਬਾਂ ਵਿੱਚ ਪਾਉਣੇ ਸਹਿਜ ਹੋ ਜਾਂਦੇ ਹਨ। ਬੋਲਣ, ਲਿਖਣ ਅਤੇ ਵਿਚਰਨ ਵਿੱਚ ਉਹ ਮੇਰੇ ਰੋਲ ਮਾਡਲ ਸਨ।

ਜਗਜੀਤ ਸਿੰਘ ਆਨੰਦ ਵਰਗੀਆਂ ਸ਼ਖਸੀਅਤਾਂ ਨੂੰ ਪੜ੍ਹਨਾ, ਉਨ੍ਹਾਂ ਦੀਆਂ ਲਿਖਤਾਂ ਵਿੱਚੀਂ ਗੁਜ਼ਰਨਾ, ਉਨ੍ਹਾਂ ਨੂੰ ਜਾਨਣ ਵਾਲਿਆਂ ਨਾਲ, ਉਨ੍ਹਾਂ ਬਾਰੇ ਗੱਲਾਂ ਕਰਨਾ, ਕਿਸੇ ਪਰੀ-ਕਥਾ ਵਰਗਾ ਹੈ। ਪਾਰਟੀ ਪਾਲੇਟਿਕਸ ਤੋਂ ਪਾਰ ਤੱਕ ਫੈਲੀਆਂ ਹੋਈਆਂ, ਉਨ੍ਹਾਂ ਦੀਆਂ ਦੋਸਤੀਆਂ, ਉਨ੍ਹਾਂ ਦੀ ਜਜ਼ਬਾਤੀ ਅਮੀਰੀ ਦੀਆਂ ਗਵਾਹ ਸਨ। ਉਹ ਇੱਕੋ ਸਮੇਂ ਬਹੁਤ ਸਖਤ ਸੁਭਾਅ ਅਤੇ ਬਹੁਤ ਨਰਮ ਦਿਲ ਵਾਲੇ ਇਨਸਾਨ ਸਨ। ਕੱਟੜ ਵਿਚਾਰਧਾਰਾਈ ਦਿਮਾਗ ਅਤੇ ਕੋਮਲ ਜਜ਼ਬਿਆਂ ਵਾਲੇ ਦਿਲ ਦਾ ਅਦਭੁੱਤ ਸੁਮੇਲ ਬਹੁਤ ਵਿਰਲਾ ਹੁੰਦਾ ਹੈ, ਪਰ ਜਗਜੀਤ ਸਿੰਘ ਆਨੰਦ ਅਜਿਹੇ ਸੁਮੇਲ ਦਾ ਹੀ ਨਾਂਅ ਹੈ।

••

# ਸੁਰਜਨ ਸਿੰਘ ਜ਼ੀਰਵੀ




(01 ਦਸੰਬਰ, 1929 — 25 ਅਕਤੂਬਰ, 2023)

# ਜਿਉਂਦੀ ਜਾਗਦੀ ਦੰਦ ਕਥਾ

ਸੁਰਜਨ ਸਿੰਘ ਜ਼ੀਰਵੀ ਇਕ ਦੰਦ ਕਥਾ ਹੈ। ਜਿਉਂਦੀ ਜਾਗਦੀ ਦੰਦ ਕਥਾ। ਜੋ ਦੇਸ਼ਕਾਲ, ਹੱਦਾਂ, ਸਰਹੱਦਾਂ, ਭਾਸ਼ਾਵਾਂ ਦੀਆਂ ਵਲਗਣਾਂ ਨਹੀਂ ਕਬੂਲਦੀ। ਕਿਸੇ ਅਖ਼ਬਾਰ ਦੀ ਖ਼ਬਰਾਂ ਘੜ੍ਹਣ ਵਾਲੀ ਮੇਜ਼ ਉੱਤੇ ਸਰਬਉੱਚ ਕੁਰਸੀ ਨੂੰ ਲਗਭਗ ਚਾਲੀ ਸਾਲਾਂ ਤੱਕ ਇਕਸਾਰਤਾ ਨਾਲ ਸੰਭਾਲੀ ਰੱਖਣਾ ਸੌਖਾ ਨਹੀਂ ਹੁੰਦਾ। ... ਪਰ ਸੁਰਜਨ ਸਿੰਘ ਜ਼ੀਰਵੀ ਨੇ ਇਸ ਨੂੰ ਕਰ ਵਿਖਾਇਆ। ਪੂਰਾਂ ਦੇ ਪੂਰ ਪੱਤਰਕਾਰ ਇਸ ਮੇਜ਼ ਉੱਪਰ ਆਏ ਅਤੇ ਪੱਤਰਕਾਰੀ ਦੇ ਨਿਪੁੰਨ ਖਿਡਾਰੀ ਬਣ ਬਣ ਕੇ, ਦੇਸ਼-ਵਿਦੇਸ਼ ਵਿਚ ਫੈਲ ਗਏ।... ... ਉੱਤਰੀ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚੋਂ ਛਪਣ ਵਾਲੀਆਂ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਦੀਆਂ ਅਖ਼ਬਾਰਾਂ ਅਤੇ ਵੀਕਲੀ, ਮਾਸਿਕ ਜਾਂ ਤ੍ਰੈਮਾਸਿਕ ਰਸਾਲਿਆਂ ਵਿੱਚੋਂ ਕੋਈ ਵਿਰਲਾ ਹੀ ਹੋਏਗਾ, ਜਿਸ ਦੇ ਕਰਮੀਆਂ ਵਿੱਚ ਸੁਰਜਨ ਜ਼ੀਰਵੀ ਦਾ ਕੋਈ ਸ਼ਾਗਿਰਦ ਨਾ ਹੋਵੇ। ਉਹ ਲੋਕ-ਪੱਖੀ ਪ੍ਰਤੀਬੱਧ ਪੱਤਰਕਾਰੀ ਦਾ ਪ੍ਰਤੀਕ ਸੀ, ਜਿਸ ਨੂੰ ਉਸ ਨੇ ਆਪਣੀ ਮਿਹਨਤ, ਨੇਕਦਿਲੀ, ਸਿਰੜ, ਸੁਹਿਰਦਤਾ ਅਤੇ ਇਮਾਨਦਾਰੀ ਨਾਲ ਸਹਿਜ ਰੂਪ ਵਿੱਚ ਹੀ ਸਿਰਜ ਲਿਆ ਸੀ। ਉਸ ਦੇ ਦਿਲ-ਦਿਮਾਗ਼ ਵਿੱਚ ਕੋਈ ਮਣੀ ਸੀ, ਜਿਸ ਦੀ ਚਮਕ ਮਾਨਸਿਕ ਹਨ੍ਹੇਰਿਆਂ ਨੂੰ ਚੀਰਦੀ ਹੋਈ, ਸਾਹਮਣੇ ਬੈਠਣ ਵਾਲਿਆਂ ਨੂੰ, ਧੁਰ ਅੰਦਰ ਤੱਕ ਚਮਕਾ ਦਿੰਦੀ ਸੀ।

ਮੈਂ 25 ਸਤੰਬਰ, 1976 ਨੂੰ ਕਾਲਜ ਦੀ ਪੜ੍ਹਾਈ ਵਿੱਚੇ ਛੱਡ ਕੇ ਘਰ ਦੀਆਂ ਆਰਥਿਕ ਮਜਬੂਰੀਆਂ ਉੱਤੇ ਕਾਬੂ ਪਾਉਣ ਦੇ ਯਤਨਾਂ ਅਧੀਨ ਜ਼ੀਰਵੀ ਸਾਹਿਬ ਦੀ ਸ਼ਰਨ ਵਿੱਚ ਆ ਗਿਆ ਸਾਂ। ਇਸ ਬ੍ਰਹਿਮੰਡ ਵਿੱਚ ਉਸ ਵੇਲੇ ਬਲਜੀਤ ਪੰਨੂੰ, ਦਲਬੀਰ, ਬੰਤ ਰਾਏਪੁਰ, ਕਾਮਰੇਡ ਸਰਵਣ ਅਤੇ ਗੁਰਮੀਤ ਵਰਗੇ ਰੌਸ਼ਨ ਸਿਤਾਰੇ ਘੁੰਮ ਰਹੇ ਸਨ... ਮੁੱਖ ਸੰਪਾਦਕ ਜਗਜੀਤ ਸਿੰਘ ਆਨੰਦ, ਜਨਰਲ ਮੈਨੇਜਰ ਕ੍ਰਿਸ਼ਨ ਭਾਰਦਵਾਜ, ਸੰਪਾਦਕੀ ਸਫ਼ੇ ਦੇ ਕਰਤਾ-ਧਰਤਾ ਬਾਬਾ ਗੁਰਬਖ਼ਸ਼ ਸਿੰਘ ਬੰਨੋਆਣਾ ਅਤੇ ਪ੍ਰੈੱਸ ਮੈਨੇਜਰ

ਪ੍ਰੀਤਮ ਸਿੰਘ ਕਵੀ (ਨਾਮਧਾਰੀ) ਦੇ ਰੂਪ ਵਿੱਚ ਵਿਚਾਰਾਂ ਅਤੇ ਵਿਹਾਰਾਂ ਦੀ ਵੰਨ-ਸੁਵੰਨਤਾ, ਇਸ ਦਫ਼ਤਰ ਦੀ ਨਿਵੇਕਲੀ ਆਭਾ ਸੀ। ਨਵੇਂ ਰੰਗਰੂਟਾਂ ਵਿੱਚ ਮੇਰੇ ਸਮੇਤ ਬਲਦੇਵ ਬਾਜਵਾ, ਜਗਜੀਤ, ਮੁਖਤਾਰ ਟੌਂਗ, ਪਰਮਜੀਤ ਵਿਰਕ, ਬਖ਼ਸ਼ਿੰਦਰ, ਪਵਨ ਕਾਲੀਆ, ਰੇਸ਼ਮ, ਰਵਿੰਦਰ ਨੰਨਰਾ, ਲਾਭ ਸਿੰਘ, ਗੁਰਮੇਲ ਸਰਾ ਅਤੇ ਕੁਲਵੰਤ ਸ਼ਾਮਿਲ ਸਨ। ਜ਼ੀਰਵੀ ਸਾਹਿਬ ਦੀ ਹਾਜ਼ਰੀ ਭਰਨ ਲਈ ਲਗਭਗ ਰੋਜ਼ ਆਉਣ ਵਾਲਿਆਂ ਵਿੱਚ ਦਰਸ਼ਨ ਸਿੰਘ ਹਵਾਲਦਾਰ, ਪ੍ਰੋ. ਜਗਦੀਸ਼ ਸਿੰਘ, ਜਸਬੀਰ ਸਿੰਘ ਛਾਬੜਾ (ਅਸ਼ੋਕ), ਨੌਨਿਹਾਲ ਸਿੰਘ ਅਤੇ ਜਗਦੀਸ਼ ਸਿੰਘ ਵਰਿਆਮ ਆਦਿ ਸ਼ਾਮਿਲ ਸਨ। ਹਰ ਕਿਸੇ ਦੇ ਆਉਣ ਦਾ ਆਪੋ-ਆਪਣਾ ਸਮਾਂ ਸੀ। ਸੰਪਾਦਕੀ-ਮੇਜ਼ ਦੁਆਲੇ ਲੱਗੀਆਂ ਕੁਰਸੀਆਂ ਵਿੱਚੋਂ ਇਕ ਕੁਰਸੀ ਹਮੇਸ਼ਾ, ਇਨ੍ਹਾਂ ਬਾਹਰੋਂ ਆਉਣ ਵਾਲੇ ਸ਼ੁੱਭਚਿੰਤਕਾਂ ਲਈ ਰਾਖਵੀਂ ਹੀ ਰਹਿੰਦੀ। ਜਗਦੀਸ਼ ਸਿੰਘ ਵਰਿਆਮ ਲਗਭਗ ਚਾਰ ਕੁ ਵਜੇ ਆਉਂਦੇ। ਜਦੋਂ ਵੀ ਆਉਂਦੇ ਪੰਜ ਪੀਰ ਤੋਂ ਮੰਗਵਾ ਕੇ, ਸਾਰੇ ਸਟਾਫ਼ ਨੂੰ ਜਲੇਬੀਆਂ ਖੁਆ ਕੇ ਜਾਂਦੇ। ਦਫ਼ਤਰ ਦਾ ਸੇਵਾਦਾਰ ਉਨ੍ਹਾਂ ਤੋਂ ਪੈਸੇ ਪਕੜਦਾ ਅਤੇ ਸਾਈਕਲ ਚੁੱਕ ਕੇ ਜਲੇਬੀਆਂ ਲੈਣ ਚਲਾ ਜਾਂਦਾ। ਅਸੀਂ ਖ਼ਬਰਾਂ ਘੜਦੇ ਘੜਦੇ ਜਲੇਬੀਆਂ ਖਾਂਦੇ ਅਤੇ ਉਂਗਲਾਂ ਚੱਟਦੇ ਚੱਟਦੇ... ਖ਼ਬਰਾਂ ਨੂੰ ਵੀ ਰਸੀਲੀਆਂ ਕਰੀ ਜਾਂਦੇ। ਜ਼ੀਰਵੀ ਸਾਹਿਬ ਦੇ ਚੁਟਕਲੇ ਬਾਦਸੂਤਰ ਆਪਣਾ ਰੰਗ ਬੰਨ੍ਹਦੇ ਰਹਿੰਦੇ... ਜਦੋਂ ਜ਼ੀਰਵੀ ਸਾਹਿਬ ਦੇ ਪਿਤਾ ਜੀ ਦਾ ਦੇਹਾਂਤ ਹੋਇਆ ਤਾਂ ਉਹ ਕਈ ਦਿਨ ਦਫ਼ਤਰ ਨਾ ਆਏ। ਜਗਦੀਸ਼ ਸਿੰਘ ਵਰਿਆਮ ਆਏ ਤਾਂ ਇਹ ਪੁੱਛ ਕੇ ਚਲੇ ਗਏ ਕਿ ਜ਼ੀਰਵੀ ਸਾਹਿਬ ਕਦੋਂ ਤੱਕ ਛੁੱਟੀ 'ਤੇ ਹਨ। ਅਸੀਂ ਸਾਰੇ ਲਗਭਗ ਦਸ ਦਿਨਾਂ ਤੱਕ ਜਲੇਬੀਆਂ ਨਾ ਖਾ ਸਕੇ... ਭੋਗ ਤੋਂ ਬਾਅਦ ਅਗਲੇ ਦਿਨ ਦੁਪਹਿਰ ਬਾਅਦ ਦੋ ਵਜੇ ਜ਼ੀਰਵੀ ਸਾਹਿਬ ਡਿਊਟੀ ਉੱਤੇ ਆਣ ਹਾਜ਼ਰ ਹੋਏ। ਚਾਰ ਕੁ ਵਜੇ ਜਗਦੀਸ਼ ਸਿੰਘ ਵੀ ਪਹੁੰਚ ਗਏ। ਮਾਹੌਲ ਇਕਦਮ ਗ਼ਮਗੀਨ ਸੀ। ਜਗਦੀਸ਼ ਸਿੰਘ ਨੇ ਕੁਰਸੀ 'ਤੇ ਬੈਠਦਿਆਂ ਹੀ ਕਿਹਾ... "ਪਿਤਾ ਜੀ ਦਾ ਸੁਣ ਕੇ ਬਹੁਤ ਅਫ਼ਸੋਸ ਹੋਇਆ ਜ਼ੀਰਵੀ ਜੀ।" ਜ਼ੀਰਵੀ ਸਾਹਿਬ ਨੇ ਮੂੰਹ ਉਤਾਂਹ ਚੁੱਕਿਆ, ਸਾਰੇ ਸਟਾਫ਼ ਵਲ ਵੇਖਿਆ ਤੇ ਬੋਲੇ, "ਸੰਤ ਜੀ ਪਹਿਲਾਂ ਜਲੇਬੀਆਂ ਮੰਗਵਾਓ, ਅਫ਼ਸੋਸ ਤਾਂ ਬਾਅਦ ਵਿੱਚ ਵੀ ਹੁੰਦਾ ਰਹੇਗਾ।" ਚਾਰੇ ਪਾਸੇ ਹਾਸਾ ਪਸਰ ਗਿਆ। ਗ਼ਮਗੀਨ ਮਾਹੌਲ ਇਕਦਮ ਖਿੜ ਗਿਆ ਸੀ।

ਜ਼ਿੰਦਾਦਿਲ ਜ਼ੀਰਵੀ ਵਿੱਚ ਕੋਈ ਉਚੇਚ ਨਹੀਂ ਸੀ। ਉਹ ਸਾਹਮਣੇ ਬੈਠੇ

ਸੰਪਾਦਕਾਂ ਨੂੰ ਕੋਈ ਉਪਦੇਸ਼ ਨਹੀਂ ਦਿੰਦੇ ਸਨ। ਵਿਚਾਰ ਘੋਟ-ਘੋਟ ਕੇ ਸਾਡੇ ਦਿਮਾਗ਼ਾਂ ਵਿੱਚ ਪਾਉਣ ਦਾ ਯਤਨ ਨਹੀਂ ਕਰਦੇ ਸਨ।ਉਨ੍ਹਾਂ ਦੇ ਵਿਚਾਰ, ਉਨ੍ਹਾਂ ਦੇ ਵਿਹਾਰ ਵਿੱਚ ਹੀ ਵਿਦਮਾਨ ਸਨ। ਸਾਦਗੀ, ਸਹਿਜਤਾ, ਸਿਦਕਦਿਲੀ, ਸਿਰੜ, ਸੁਹਿਰਦਤਾ ਵਰਗੇ ਸ਼ਬਦ ਅਤੇ ਸੰਕਲਪ ਉਨ੍ਹਾਂ ਦੀ ਜੀਵਨ ਸ਼ੈਲੀ ਵਿੱਚ ਰਚੇ ਹੋਏ ਸਨ। ਉਹ ਕੁਝ ਵੀ ਕਹਿਣ ਦੀ ਬਜਾਏ, ਉਸ ਤਰ੍ਹਾਂ ਦਾ ਵਿਚਰਨਾ ਪਸੰਦ ਕਰਦੇ ਸਨ।

...ਇਕ ਦਿਨ ਉਰਮਿਲਾ ਆਨੰਦ ਲੰਘਦੇ ਲੰਘਦੇ ਸੰਪਾਦਕੀ ਮੇਜ਼ ਉੱਤੇ ਰੁਕ ਗਏ... ਉਰਮਿਲਾ ਜੀ ਕਈ ਦਿਨਾਂ ਬਾਅਦ ਦਫ਼ਤਰ ਆਏ ਸਨ। ਕਹਿਣ ਲੱਗੇ, "ਵੇ ਜ਼ੀਰਵੀ ਲਗਦੈ ਤੂੰ ਕੁਝ ਮੋਟਾ ਹੋ ਗਿਐਂ... ਪੇਟ ਘਟਾ ਆਪਣਾ, ਚੰਗਾ ਨਹੀਂ ਲੱਗਦਾ...।" ਜ਼ੀਰਵੀ ਸਾਹਿਬ ਮੁਸਕਰਾਏ, ਕਹਿਣ ਲੱਗੇ, "ਮੀਲ੍ਹਾ ਜੀ (ਉਰਮਿਲਾ ਜੀ ਦਾ ਛੋਟਾ ਨਾਂਅ ਮੀਲ੍ਹਾ ਸੀ) ਇਹ ਮਰਦਾਂ ਦਾ ਪੇਟ ਐ, ਵਧ ਗਿਆ ਤਾਂ ਵਧ ਗਿਆ, ਇਹ ਕੋਈ ਔਰਤਾਂ ਦਾ ਪੇਟ ਥੋੜ੍ਹੋ ਆ, ਕਦੇ ਵਧ ਗਿਆ, ਕਦੇ ਘਟ ਗਿਆ।" ਸਾਰੇ ਪਾਸੇ ਹਾਸਾ ਸੀ... ਉਰਮਿਲਾ ਜੀ ਸਿਰਫ਼ ਏਨਾ ਕਹਿ ਕੇ ਕਮਰੇ 'ਚੋਂ ਬਾਹਰ ਨਿਕਲ ਗਏ "ਮਰ ਜਾਣਾ ਜ਼ੀਰਵੀ ਕਦੇ ਸੀਰੀਅਸ ਹੁੰਦਾ ਈ ਨਹੀਂ"... ਉਹ ਚਲੇ ਗਏ ਤਾਂ ਜ਼ੀਰਵੀ ਸਾਹਿਬ ਕਹਿੰਦੈਂ "ਲੈ ਦੱਸ ਏਨੀ ਸੀਰੀਅਸ ਗੱਲ ਨੂੰ ਵੀ ਮਜ਼ਾਕ ਸਮਝ ਗਈ।" ਅਸੀਂ ਸਾਰੇ ਫੇਰ ਹੱਸ ਪਏ...।ਹਾਸਾ ਚਲਦਾ ਰਹਿੰਦਾ, ਸਫ਼ੇ ਬਣਦੇ ਰਹਿੰਦੇ, ਅਖ਼ਬਾਰ ਛਪਦਾ ਰਹਿੰਦਾ, ਦਿਨ ਛਿਪਦੇ ਰਹਿੰਦੇ, ਚੜ੍ਹਦੇ ਰਹਿੰਦੇ...

ਏਨੇ ਹਾਸੇ ਠੱਠੇ ਨੂੰ ਪ੍ਰਣਾਇਆ ਹੋਇਆ ਜ਼ੀਰਵੀ ਧੁਰ ਅੰਦਰੋਂ ਬਹੁਤ ਉਦਾਸ ਸੀ। ਭਾਰਤੀ ਕਮਿਊਨਿਸਟ ਪਾਰਟੀ ਦੀ ਅੰਦਰੂਨੀ ਖਿੱਚੋਤਾਣ ਤੋਂ ਇਕਦਮ ਅਬਾਜ਼ਾਰ ਅਤੇ ਪੰਜਾਬ ਦੀ ਵਿਗੜ ਰਹੀ ਹਾਲਤ ਤੋਂ ਪ੍ਰੇਸ਼ਾਨ। ਕਾਮਰੇਡ ਅਵਤਾਰ ਸਿੰਘ ਮਲਹੋਤਰਾ, ਕਾਮਰੇਡ ਜਗਜੀਤ ਸਿੰਘ ਆਨੰਦ ਅਤੇ ਕਾਮਰੇਡ ਸਤਪਾਲ ਡਾਂਗ ਪਾਰਟੀ ਅੰਦਰ ਤਿੰਨ ਵੱਖ-ਵੱਖ ਧਰੁਵਾਂ ਦੇ ਨਾਮ ਸਨ।ਇਕ ਚੌਥਾ ਧਰੁਵ ਲਾਲ ਪਾਰਟੀ ਵਾਲਿਆਂ ਦਾ ਨਵਾਂ ਰੂਪ ਵੀ ਸੀ, ਜਿਸ ਵਿੱਚ ਚੈਨ ਸਿੰਘ ਚੈਨ ਉੱਘੇ ਸਨ। ਇਹ ਧੜਾ ਕਦੇ ਇਕ ਪਾਸੇ ਅਤੇ ਕਦੇ ਦੂਸਰੇ ਜਾਂ ਤੀਸਰੇ ਪਾਸੇ ਨਾਲ ਮਿਲਦਾ-ਵਿਛੜਦਾ ਰਹਿੰਦਾ ਸੀ।ਹਰ ਸੂਬਾ ਕਾਨਫਰੰਸ ਤੋਂ ਪਹਿਲਾਂ ਇਹ ਖਿੱਚੋਤਾਣ ਕਾਫ਼ੀ ਤਿੱਖੀ ਹੋ ਜਾਂਦੀ। ਤਹਿਸੀਲ ਅਤੇ ਜ਼ਿਲ੍ਹਾ ਕੌਂਸਿਲਾਂ ਤੱਕ ਵੀ ਇਸ ਦਾ ਅਸਰ ਬਹੁਤ ਗਹਿਰਾ ਹੁੰਦਾ। ... ਜ਼ੀਰਵੀ ਸਾਹਿਬ ਇਸ ਤੋਂ ਨਿਰਲੇਪ ਰਹਿੰਦੇ

ਹੋਏ, 'ਨਵਾਂ ਜ਼ਮਾਨਾ' ਦੀਆਂ ਖ਼ਬਰਾਂ ਵਿੱਚ ਤਵਾਜ਼ਨ ਬਿਠਾਉਣ ਦਾ ਯਤਨ ਕਰਦੇ ਰਹਿੰਦੇ। ਫੇਰ ਵੀ ਓਲਾਂਭੇ ਇਥੋਂ ਤੱਕ ਆ ਜਾਂਦੇ ਕਿ ਕਾਮਰੇਡ ਮਲਹੋਤਰਾ ਦਾ ਬਿਆਨ ਪਹਿਲੇ ਸਫ਼ੇ ਉੱਤੇ ਹੀ ਪੂਰਾ ਕਿਉਂ ਨਹੀਂ ਛਾਪਿਆ, ਉਸ ਦਾ 'ਬਖ਼ੀਆ' ਛੇਵੇਂ ਸਫ਼ੇ ਉੱਤੇ ਵਧੇਰੇ ਕਿਉਂ ਕੱਢ ਦਿੱਤਾ. ਉਸ ਦਾ ਸਿਰਲੇਖ "ਇਹ ਕਿਉਂ ਨਹੀਂ ਕੱਢਿਆ?" ਆਹ ਕਿਉਂ ਕੱਢਿਆ?

ਕਦੇ ਸਤਪਾਲ ਡਾਂਗ ਦੀ ਲੰਮੀ ਰੋਸਾ-ਚਿੱਠੀ ਪਹੁੰਚ ਜਾਂਦੀ। ਕਦੇ-ਕਦੇ ਜਗਜੀਤ ਸਿੰਘ ਆਨੰਦ ਦਾ ਪਾਰਾ ਹੀ ਅਸਮਾਨੇ ਚੜ੍ਹ ਜਾਂਦਾ। ਉਹ ਉੱਚੀ-ਉੱਚੀ ਬੋਲਦੇ ਹੋਏ, ਇਧਰ ਆਉਂਦੇ, ਜ਼ੋਰ-ਜ਼ੋਰ ਨਾਲ ਮੇਜ਼ ਉੱਤੇ ਹੱਥ ਮਾਰਦੇ। ਕੱਛ ਵਿਚਲੀਆਂ ਅਖ਼ਬਾਰਾਂ ਕੱਢ ਕੇ ਮੇਜ਼ ਉੱਤੇ ਫਟਾਕ ਦੇਣੇ ਮਾਰਦੇ... ਇਕ ਚੁੱਪ ਪਸਰ ਜਾਂਦੀ...। ਜ਼ੀਰਵੀ ਸਾਹਿਬ ਹਲਕੀ ਜਿਹੀ ਹੂੰਗਰ ਮਾਰਦੇ... 'ਮੈਂ ਜੋ ਠੀਕ ਸਮਝਦਾ ਸੀ ਕਰ ਦਿੱਤਾ... ਹੋਰ ਮੈਂ ਕੁਝ ਨਹੀਂ ਕਹਿਣਾ।' ਆਨੰਦ ਸਾਹਿਬ ਬੇਬਸੀ ਦਾ ਲੰਮਾ ਹਾਉਕਾ ਭਰਦੇ... ਬੁੜ-ਬੁੜ ਕਰਦੇ...ਖਿਲਰੀਆਂ ਅਖ਼ਬਾਰਾਂ ਇਕੱਠੀਆਂ ਕਰਦੇ... ਉਸੇ ਤਰ੍ਹਾਂ ਕੱਛ ਵਿੱਚ ਦਿੰਦੇ ਅਤੇ ਆਪਣੇ ਕਮਰੇ ਵੱਲ ਚਲੇ ਜਾਂਦੇ... ਜ਼ੀਰਵੀ ਸਾਹਿਬ ਟੈਲੀਪ੍ਰਿੰਟਰ ਦੇ ਸਲੱਗ ਪੜ੍ਹਨ ਵਿਚ ਰੁੱਝ ਜਾਂਦੇ। ਉਨ੍ਹਾਂ ਦੀ ਕੁਰਸੀ ਦੇ ਖੱਬੇ ਹੱਥ ਛੱਤ ਵਿੱਚੋਂ ਕੱਢੇ ਗਏ ਮਘੋਰੇ ਵਿਚੀਂ ਥੱਲਿਓਂ ਕੰਪੋਜ਼ ਹੋ ਕੇ ਆਏ, ਪਰੂਫ਼ਾਂ ਦੀ ਭਰੀ ਬਾਲਟੀ ਝਾਕਣ ਲੱਗ ਜਾਂਦੀ... ਫੋਰਮੈਨ ਰੱਸੀ ਹਿਲਾ ਕੇ ਘੰਟੀ ਵਜਾਉਂਦਾ, ਜਿਸ ਦੀ ਟੁਣਕਾਰ ਮਾਹੌਲ ਨੂੰ ਨਵਾਂ ਰੰਗ ਦੇ ਦਿੰਦੀ...ਅਸੀਂ ਆਪੋ-ਆਪਣੀਆਂ ਖ਼ਬਰਾਂ ਅਤੇ ਪਰੂਫ਼ਾਂ ਵਿੱਚ ਗੁਆਚ ਜਾਂਦੇ..ਕੁਝ ਹੀ ਪਲਾਂ ਵਿਚ ਆਨੰਦ ਸਾਹਿਬ ਠੰਢੇ ਜਿਹੇ ਹੋ ਕੇ ਵਾਪਸ ਆਉਂਦੇ,ਕਿਸੇ ਨਵੇਂ ਮਸਲੇ ਉੱਤੇ ਜ਼ੀਰਵੀ ਸਾਹਿਬ ਦੀ ਰਾਏ ਪੁੱਛਦੇ, ਸਥਿਤੀ ਆਮ ਵਾਂਗ ਹੋ ਜਾਂਦੀ। ਜਿਵੇਂ ਕੁਝ ਹੋਇਆ ਹੀ ਨਹੀਂ ਸੀ...

1979 ਵਿੱਚ ਪਾਰਟੀ ਦੀ ਜ਼ਿਲ੍ਹਾ ਕੌਂਸਿਲ ਦੇ ਇਜਲਾਸ ਤੋਂ ਪਹਿਲਾਂ ਤੱਕ ਮੈਂ ਪਾਰਟੀ ਦੀ ਜੰਡਿਆਲਾ ਬਰਾਂਚ ਦਾ ਸਕੱਤਰ ਸਾਂ। ਮੇਰੇ ਪਿਤਾ ਜੀ ਦੀ ਲੜਾਈ ਪਾਰਟੀ ਆਗੂਆਂ ਨਾਲ ਏਨੀ ਭਖ ਗਈ ਸੀ ਕਿ ਬਹੁਗਿਣਤੀ ਦੇ ਫ਼ੈਸਲੇ ਨਾਲ, ਉਨ੍ਹਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ। ਮੈਂ ਪਾਰਟੀ ਦਾ ਸਕੱਤਰ ਸਾਂ, ਇਹ ਫ਼ੈਸਲਾ ਕਾਇਦੇ ਅਨੁਸਾਰ ਮੈਨੂੰ ਆਪ ਲਿਖਣਾ ਅਤੇ ਜਾਰੀ ਕਰਨਾ ਪਿਆ। ਪਰ ਮੈਂ ਇਸ ਨੂੰ ਸਹਿਣ ਨਾ ਕਰ ਸਕਿਆ। ਹਫ਼ਤੇ ਕੁ ਬਾਅਦ ਮੈਂ ਵੀ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ... ਬੇਹੱਦ ਜਜ਼ਬਾਤੀ ਰੌਂਅ ਵਿੱਚ

ਲਿਖੇ ਤਿੰਨ ਸਫਿਆਂ ਦੇ ਇਸ ਅਸਤੀਫ਼ੇ ਦੀ ਕਾਰਬਨ ਕਾਪੀ, ਮੈਂ ਅਜੇ ਤੱਕ ਵੀ ਸੰਭਾਲ ਕੇ ਰੱਖੀ ਹੋਈ ਹੈ। ਅੱਜ ਵੀ ਇਸ ਨੂੰ ਪੜ੍ਹਦਿਆਂ ਮੇਰੀਆਂ ਅੱਖਾਂ ਛਲਕ ਪੈਂਦੀਆਂ ਹਨ। ਮੈਂ ਲਿਖਿਆ ਸੀ "ਮੇਰੇ ਪਿਆਰੇ ਸਾਥੀਓ! ਅੱਜ ਤੋਂ ਮੈਂ ਫੈਸਲਿਆਂ ਵੇਲੇ  ਤੁਹਾਡੇ ਨਾਲ ਨਹੀਂ ਹੋਇਆ ਕਰਾਂਗਾ, ਪਰ ਪਾਰਟੀ ਦੀਆਂ ਜਨਤਕ ਸਰਗਰਮੀਆਂ ਵਿੱਚ ਮੈਂ ਤੁਹਾਡੇ ਨਾਲ ਰਹਾਂਗਾ।" ਵੈਸੇ ਅੱਜ ਤੱਕ ਵੀ, ਮੇਰਾ ਇਹ ਅਸਤੀਫ਼ਾ, ਭਾਵੇਂ ਵਿਧੀਪੂਰਵਕ ਸਵੀਕਾਰ ਨਹੀਂ ਹੋਇਆ, ਪਰ ਮੈਂ ਪਾਰਟੀ ਤੋਂ ਦੂਰ ਹੀ ਰਿਹਾ।

ਉਸ ਵੇਲੇ ਮੈਨੂੰ "ਨਵਾਂ ਜ਼ਮਾਨਾ" ਤੋਂ ਸਾਢੇ ਚਾਰ ਸੌ ਰੁਪਏ ਮਹੀਨਾ ਤਨਖਾਹ ਮਿਲਦੀ ਸੀ, ਜਿਸ ਦੀ ਮੈਨੂੰ ਸਖ਼ਤ ਜ਼ਰੂਰਤ ਸੀ। ਮੇਰੀ ਪ੍ਰੇਸ਼ਾਨੀ ਨੂੰ ਜ਼ੀਰਵੀ ਸਾਹਿਬ ਸਮਝਦੇ ਸਨ। ਉਨ੍ਹਾਂ ਨੇ ਮੈਨੂੰ 'ਨਵਾਂ ਜ਼ਮਾਨਾ' ਨਾ ਛੱਡਣ ਦੀ ਸਲਾਹ ਦਿੱਤੀ...ਚੰਡੀਗੜ੍ਹ ਤੱਕ ਗੱਲ ਚੱਲੀ ਕਿ ਇਸ ਨੇ ਪਾਰਟੀ ਛੱਡੀ ਹੈ, ਇਸ ਨੂੰ 'ਨਵਾਂ ਜ਼ਮਾਨਾ' ਵਿੱਚੋਂ ਵੀ ਕੱਢਿਆ ਜਾਵੇ। ਪਰ ਜਗਜੀਤ ਸਿੰਘ ਆਨੰਦ ਅਤੇ ਬਾਬਾ ਬੰਨੋਆਣਾ ਨੇ ਜ਼ੀਰਵੀ ਸਾਹਿਬ ਨਾਲ ਮਿਲ ਕੇ ਪਾਰਟੀ ਦੀ ਮਣਸ਼ਾ ਦੇ ਵਿਰੁੱਧ ਜਾ ਕੇ ਵੀ, ਮੈਨੂੰ 'ਨਵਾਂ ਜ਼ਮਾਨਾ' ਦੀ ਮੇਜ਼ ਉੱਤੇ ਬਿਠਾਈ ਰੱਖਿਆ। ਇਸ ਘਟਨਾ ਤੋਂ ਪੰਜ ਸਾਲ ਬਾਅਦ ਤੱਕ ਵੀ ਮੈਂ 'ਨਵਾਂ ਜ਼ਮਾਨਾ' ਦਾ ਉਪ-ਸੰਪਾਦਕ ਅਤੇ ਮੈਗਜ਼ੀਨ ਸੰਪਾਦਕ ਬਣਿਆ ਰਿਹਾ। ਇਨ੍ਹਾਂ ਦਿਨਾਂ ਵਿੱਚ ਮੇਰੇ ਨਾਲ ਹੁੰਦਾ ਇਹ ਰਿਹਾ ਕਿ ਜਦੋਂ ਮੈਂ ਵੀਰਵਾਰ ਨੂੰ ਐਤਵਾਰ ਅੰਕ ਦਾ ਮੈਟਰ, ਕੰਪੋਜ਼ਿੰਗ ਲਈ ਦੇ ਕੇ ਘਰ ਨੂੰ ਚਲਾ ਜਾਂਦਾ ਤਾਂ ਕਾਮਰੇਡ ਮਨੋਹਰ ਲਾਲ ਕੰਪੋਜ਼ਿੰਗ ਦੇ ਇੰਚਾਰਜ ਰਾਮ ਲੁਭਾਇਆ ਕੋਲ ਹੇਠਾਂ ਜਾਂਦਾ ਅਤੇ ਸਾਰਾ ਮੈਟਰ ਚੈੱਕ ਕਰਦਾ। ਇਸ ਦਾ ਮੈਨੂੰ ਕਾਫ਼ੀ ਦੇਰ ਬਾਅਦ, ਉਦੋਂ ਪਤਾ ਲੱਗਾ, ਜਦੋਂ ਮੈਨੂੰ ਪ੍ਰੈੱਸ ਇੰਚਾਰਜ ਨੇ ਪੁੱਛਿਆ, "ਇਹ ਮਨੋਹਰ ਲਾਲ ਨੂੰ ਤੁਹਾਡਾ ਦਿੱਤਾ ਮੈਟਰ ਚੈੱਕ ਕਰਨ ਉੱਤੇ ਕਿਉਂ ਲਗਾਇਆ ਹੋਇਆ?"... ਮੈਂ ਹੈਰਾਨੀ ਨਾਲ ਕਿਹਾ, ਮੈਨੂੰ ਤਾਂ ਇਸ ਬਾਰੇ ਕੋਈ ਪਤਾ ਹੀ ਨਹੀਂ? ਉਸ ਨੇ ਦੱਸਿਆ ਕਿ ਉਹ ਹਮੇਸ਼ਾ ਮੈਟਰ ਚੈੱਕ ਕਰਨ ਆਉਂਦਾ ਹੈ। ਮੈਨੂੰ ਬਹੁਤ ਗੁੱਸਾ ਚੜ੍ਹਿਆ... ਇਸ ਹਫ਼ਤੇ ਮੈਂ ਮੈਟਰ ਨਾ ਦਿੱਤਾ, ਸ਼ੁੱਕਰਵਾਰ ਨੂੰ ਮੈਥੋਂ ਪ੍ਰੈੱਸ ਵਾਲਿਆਂ ਨੇ ਮੈਟਰ ਮੰਗਿਆ, ਮੈਂ ਕਿਹਾ ਸ਼ਾਮ ਤੱਕ ਦੱਸਾਂਗਾ... ਜ਼ੀਰਵੀ ਸਾਹਿਬ ਆਏ ਤਾਂ ਮੈਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ। ਉਨ੍ਹਾਂ ਖ਼ੁਦ ਹੈਰਾਨੀ ਜ਼ਾਹਰ ਕੀਤੀ, ਸਾਰੇ ਸੰਪਾਦਕਾਂ ਸਾਹਮਣੇ ਉਨ੍ਹਾਂ ਮੈਨੂੰ ਕਿਹਾ ਤੂੰ ਮੈਟਰ ਦੇ ਦੇ, ਬਾਕੀ ਗੱਲ ਬਾਅਦ ਵਿੱਚ ਕਰਾਂਗੇ... ਚਾਰ ਕੁ ਵਜੇ ਜ਼ੀਰਵੀ ਸਾਹਿਬ ਆਪਣੀ ਆਦਤ ਅਨੁਸਾਰ ਲਾਇਬ੍ਰੇਰੀ

ਵਿੱਚ ਚਲੇ ਗਏ, ਜਿਥੇ ਉਹ ਰੋਜ਼ ਜਾ ਕੇ ਕੁਝ ਦੇਰ ਸੁਸਤਾਉਂਦੇ ਸਨ। ਪਤਾ ਉਦੋਂ ਲੱਗਿਆ ਜਦੋਂ ਮਨੋਹਰ ਲਾਲ ਰੋਣ ਹਾਕਾ ਹੋਇਆ ਮੇਰੇ ਕੋਲ ਆਇਆ। ਕਹਿਣ ਲੱਗਾ, ਮੈਂ ਤਾਂ ਵੈਸੇ ਹੀ ਇਕ ਦੋ-ਵਾਰ ਮੈਟਰ ਵੇਖਣ ਲੱਗ ਪਿਆ ਸਾਂ... ਮੈਨੂੰ ਕਿਸੇ ਨੇ ਕਿਹਾ ਨਹੀਂ ਸੀ। ...ਉਸ ਤੋਂ ਪਹਿਲਾਂ ਕਿ ਮੈਂ ਕੁਝ ਬੋਲਦਾ... ਮੈਨੂੰ ਸੇਵਾਦਾਰ ਬੁਲਾਉਣ ਆ ਗਿਆ ਕਿ ਜ਼ੀਰਵੀ ਸਾਹਿਬ ਬੁਲਾ ਰਹੇ ਹਨ। ਮੈਂ ਗਿਆ ਤਾਂ ਕਹਿਣ ਲੱਗੇ -"ਜਿੰਨਾ ਚਿਰ ਕੋਈ ਸਿੱਧਾ ਕੁਝ ਨਾ ਕਹੇ ਓਨਾ ਚਿਰ ਭਾਵੁਕ ਹੋ ਕੇ ਕੋਈ ਫ਼ੈਸਲਾ ਨਹੀਂ ਕਰੀਦਾ, ਹੋ ਸਕਦਾ ਉਸ ਨੂੰ ਕਿਸੇ ਨੇ ਕਿਹਾ ਵੀ ਹੋਵੇ ਪਰ ਉਹ ਮੁੱਕਰ ਰਿਹਾ ਹੈ...।" ਮੈਂ ਚੁੱਪ ਰਿਹਾ, ਉਹ ਫੇਰ ਬੋਲੇ, "ਆਪਾਂ ਇਹ ਅਖ਼ਬਾਰ ਚਲਾਉਣਾ ਹੈ, ਇਹ ਆਪਣੀ ਜ਼ਿੰਮੇਵਾਰੀ ਹੈ। ਮੈਂ ਤੇਰੇ ਵਾਂਗ ਸੋਚਣ ਲੱਗਦਾ ਤਾਂ ਕਦੋਂ ਦਾ ਪੌੜੀਆਂ ਉੱਤਰ ਗਿਆ ਹੁੰਦਾ" ਇਹ ਕਹਿ ਕੇ ਉਹ ਪਹਿਲਾਂ ਮੁਸਕਰਾਏ, ਫੇਰ ਹੱਸਣ ਲੱਗੇ ਤੇ ਫੇਰ ਗੰਭੀਰ ਹੋ ਕੇ ਕਹਿੰਦੇ, "ਪਾਰਟੀਆਂ ਵਿੱਚ ਸਾਰੀ ਤਰ੍ਹਾਂ ਦੇ ਲੋਕ ਹੁੰਦੇ ਹਨ, ਛੋਟਿਆਂ ਨਾਲ ਛੋਟੇ ਨਹੀਂ ਹੋਈਦਾ। ਚੁੱਪ ਕਰਕੇ ਆਪਣਾ ਕੰਮ ਕਰੀ ਜਾਈਦਾ।"... ਮੇਰੀਆਂ ਅੱਖਾਂ ਭਰੀਆ ਹੋਈਆਂ ਸਨ। ਮੈਂ ਕੁਝ ਬੋਲ ਨਾ ਸਕਿਆ... ਪਰ ਪਾਰਟੀ ਪ੍ਰਤੀ ਮੇਰੀ ਬਚੀ-ਖੁਚੀ ਭਾਵੁਕਤਾ ਵੀ ਹੌਲੀ-ਹੌਲੀ ਯਥਾਰਥ ਨੂੰ ਸਮਝਣ ਵੱਲ ਸਰਕਣੀ ਸ਼ੁਰੂ ਹੋ ਗਈ...

ਵਿਦਿਆਰਥੀ ਫਰੰਟ ਉੱਤੇ ਕੰਮ ਕਰਦਿਆਂ ਅਸੀਂ ਉਨ੍ਹਾਂ ਅਤਿ-ਭਾਵੁਕ ਕਾਰਕੁਨਾਂ ਵਿੱਚੋਂ ਸਾਂ, ਜਿਨ੍ਹਾਂ ਨੂੰ ਹਮੇਸ਼ਾ ਲਗਦਾ ਸੀ ਕਿ ਇਸ ਦੇਸ਼ ਵਿੱਚ ਇਨਕਲਾਬ ਸ਼ੁਰੂ ਹੋਣ ਵਾਲਾ ਹੈ ਅਤੇ ਉਸ ਲੜਾਈ ਵਿੱਚ ਸ਼ਹੀਦ ਹੋਣ ਵਾਲਿਆਂ ਵਿੱਚ, ਅਸੀਂ ਸਭ ਤੋਂ ਅੱਗੇ ਹੋਣਾ ਹੈ। ਪਰ ਅਜਿਹਾ ਹੋ ਨਾ ਸਕਿਆ। ... ਇਹ ਜਜ਼ਬਾ ਹੌਲੀ-ਹੌਲੀ ਮੱਠਾ ਪੈ ਗਿਆ। ਇਸ ਵਿੱਚ ਘਰਾਂ ਦੀਆਂ ਤੰਗੀਆਂ ਵੀ ਅਸਰ ਅੰਦਾਜ਼ ਹੋਈਆਂ ਅਤੇ ਪਾਰਟੀ ਆਗੂਆਂ ਦੀਆਂ ਘੁਣਤਰਾਂ ਵੀ, ਜੋ ਵਿਚਾਰਧਾਰਾ ਉੱਤੇ ਭਾਰੀ ਪੈਂਦੀਆਂ ਮਹਿਸੂਸ ਹੋਈਆਂ।

... ਜ਼ੀਰਵੀ ਸਾਹਿਬ "ਨਵਾਂ ਜ਼ਮਾਨਾ" ਦੇ ਸਮਾਚਾਰ ਸੰਪਾਦਕ ਹੋਣ ਦੇ ਨਾਲ-ਨਾਲ ਪਾਰਟੀ ਦੀ ਸੂਬਾ ਕੌਂਸਿਲ ਦੇ ਮੈਂਬਰ ਵੀ ਸਨ।... 1954 ਵਿੱਚ ਜਦੋਂ 'ਨਵਾਂ ਜ਼ਮਾਨਾ' ਉਰਦੂ ਦੀ ਬਜਾਏ ਪੰਜਾਬੀ ਵਿੱਚ ਛਪਣਾ ਸ਼ੁਰੂ ਹੋਇਆ, ਉਦੋਂ ਸਿਵਲ ਸਪਲਾਈ ਵਿਭਾਗ ਦੀ ਨੌਕਰੀ ਛੱਡ ਕੇ, ਉਹ ਇਥੇ ਆ ਗਏ ਸਨ। 1990 ਵਿੱਚ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿੱਚ ਜਾ ਕੇ ਵਸਣ ਤੱਕ ਉਹ 'ਨਵਾਂ ਜ਼ਮਾਨਾ' ਦੇ ਸਮਾਚਾਰ ਸੰਪਾਦਕ ਹੀ ਰਹੇ।

...ਉਹ ਬੇਹੱਦ ਸਹਿਜਤਾ ਨਾਲ ਵਿਚਰਦੇ ਹੋਏ, ਹਾਸਾ ਮਖੌਲ ਕਰਦੇ ਹੋਏ ਹੀ, ਸਾਹਮਣੇ ਬੈਠਣ ਵਾਲਿਆਂ ਨੂੰ ਪੱਤਰਕਾਰੀ ਦੇ ਉਹ ਨੁਕਤੇ ਸਮਝਾ ਦਿੰਦੇ ਸਨ, ਜੋ ਕਿਸੇ ਨਿਯਮਤ ਪਾਠਸ਼ਾਲਾ ਵਿੱਚੋਂ ਕਦੇ ਵੀ ਸਮਝ ਸਕਣੇ ਮੁਸ਼ਕਿਲ ਸਨ।

ਟੈਲੀਪ੍ਰਿੰਟਰ ਦੀ ਟਿਕ-ਟਿਕ ਵਿੱਚੋਂ ਨਿਕਲ ਕੇ, ਟੇਬਲ ਤੱਕ ਪਹੁੰਚਣ ਵਾਲੀਆਂ ਖ਼ਬਰਾਂ, ਪਲਾਂ ਵਿੱਚ ਅਨੁਵਾਦ ਹੋ ਕੇ, ਸਹਿਜ ਰੂਪ ਵਿੱਚ ਹੀ ਸਿੱਕੇ ਦੇ ਅੱਖਰਾਂ ਵਿੱਚ ਬੱਝ ਕੇ, ਦਿਨ ਚੜ੍ਹਦੇ ਨੂੰ ਲੋਕਪੱਖੀ ਪੱਤਰਕਾਰੀ ਦੀਆਂ ਵਾਹਕ ਬਣ ਕੇ, ਸਮਾਜ ਦੀ ਸੋਚ ਬਦਲਣ ਦੇ ਕਾਰਜ ਵਿੱਚ ਕਿਵੇਂ ਜੁੱਟ ਜਾਂਦੀਆਂ ਸਨ? ਇਸ ਦਾ ਅਹਿਸਾਸ ਹੀ ਨਾ ਹੁੰਦਾ। ਉਹ ਉਨ੍ਹਾਂ ਚੋਣਵੇਂ ਪੱਤਰਕਾਰਾਂ ਵਿੱਚੋਂ ਸੀ, ਜਿਨ੍ਹਾਂ ਨੂੰ ਸਾਹਿਤ ਅਤੇ ਪੱਤਰਕਾਰੀ ਰਾਹੀਂ ਸਮਾਜ ਦੀ ਸੇਵਾ ਕਰਨ ਦੀ ਖਬਤ ਸੀ।

ਸੁਰਜਨ ਜ਼ੀਰਵੀ ਦੇ ਚਲੇ ਜਾਣ ਨਾਲ ਪੱਤਰਕਾਰੀ ਦਾ ਇਕ ਯੁੱਗ ਬੀਤ ਗਿਆ ਹੈ। ਲੋਕਪੱਖੀ ਨਿਧੜਕ ਪੱਤਰਕਾਰੀ ਦੀਆਂ ਜਿਹੜੀਆਂ ਪੈੜਾਂ, ਜ਼ੀਰਵੀ-ਯੁੱਗ ਦੀ ਪੱਤਰਕਾਰੀ ਨੇ ਪਾਈਆਂ ਸਨ, ਵਰਤਮਾਨ ਸਮਿਆਂ ਵਿੱਚ ਉਸ ਦੀ ਮਿਸਾਲ ਬਹੁਤ ਵਿਰਲੀ ਹੈ। ਅਜੋਕੇ ਸਮਿਆਂ ਵਿੱਚ ਪ੍ਰਿੰਟ, ਡਿਜੀਟਲ ਅਤੇ ਇਲੈਕਟ੍ਰੋਨਿਕ ਪੱਤਰਕਾਰੀ ਨੇ ਤਕਨੀਕੀ ਤੌਰ 'ਤੇ ਹੈਰਾਨੀਜਨਕ ਵਿਕਾਸ ਕੀਤਾ ਹੈ, ਪਰ ਆਪਣੇ ਲੋਕਾਂ ਨਾਲ ਪ੍ਰਤੀਬੱਧਤਾ ਦੇ ਪੱਖ ਤੋਂ, ਇਹ ਪੱਤਰਕਾਰੀ ਕਾਫ਼ੀ ਹੱਦ ਤੱਕ ਕਮਜ਼ੋਰ ਪੈ ਗਈ ਹੈ। ਇਸ ਦੌਰ ਵਿੱਚ ਵਿਰਲੇ ਮੀਡੀਆ ਅਦਾਰੇ ਅਤੇ ਟਾਵੇਂ-ਟਾਵੇਂ ਪੱਤਰਕਾਰ ਹੀ ਦ੍ਰਿੜ੍ਹ ਰਹਿ ਕੇ ਆਪਣਾ ਉਹ ਰੋਲ ਨਿਭਾ ਰਹੇ ਹਨ, ਜਿਸ ਦਾ ਮੁੱਢ ਲਾਲ ਸਿੰਘ ਕਮਲਾ ਅਕਾਲੀ, ਅਰਜਨ ਸਿੰਘ ਗੜਗੱਜ, ਸੋਹਣ ਸਿੰਘ ਜੋਸ਼, ਹੀਰਾ ਸਿੰਘ ਦਰਦ, ਸਾਧੂ ਸਿੰਘ ਹਮਦਰਦ, ਜਗਜੀਤ ਸਿੰਘ ਆਨੰਦ, ਗਿਆਨੀ ਭਜਨ ਸਿੰਘ, ਅਮਰ ਸਿੰਘ ਦੋਸਾਂਝ ਅਤੇ ਸੁਰਜਨ ਸਿੰਘ ਜ਼ੀਰਵੀ ਵਰਗੇ ਦਿੱਗਜ਼ਾਂ ਨੇ ਬੰਨ੍ਹਿਆ ਸੀ।

ਸੁਰਜਨ ਜ਼ੀਰਵੀ ਦਾ ਜਨਮ ਮਾਲਵੇ ਦੇ ਮਸ਼ਹੂਰ ਕਸਬੇ ਜ਼ੀਰਾ ਵਿਖੇ ਮਾਤਾ ਹਰਨਾਮ ਕੌਰ ਅਤੇ ਪਿਤਾ ਬਲਵੰਤ ਸਿੰਘ ਠੇਕੇਦਾਰ ਦੇ ਘਰ ਇਕ ਦਸੰਬਰ, 1929 ਨੂੰ ਹੋਇਆ ਸੀ। ਇਹ ਆਪਣੇ ਦੋ ਭਰਾਵਾਂ ਅਤੇ ਚਾਰ ਭੈਣਾਂ ਵਿੱਚੋਂ ਸਭ ਤੋਂ ਵੱਡੇ ਸਨ। 22 ਮਾਰਚ, 1960 ਨੂੰ ਇਨ੍ਹਾਂ ਦਾ ਵਿਆਹ ਡਾਕਟਰ ਜਸਵੰਤ ਸਿੰਘ ਨੇਕੀ ਦੀ ਭੈਣ ਅੰਮ੍ਰਿਤ ਕੌਰ ਨਾਲ ਹੋਇਆ ਸੀ। ਜ਼ੀਰਵੀ ਸਾਹਿਬ 1990 ਵਿੱਚ ਕੈਨੇਡਾ ਚਲੇ ਗਏ ਸਨ। ਅੰਮ੍ਰਿਤ

ਜ਼ੀਰਵੀ, ਬੇਟੀ ਸੀਰਤ ਅਤੇ ਦਾਮਾਦ ਨਵਤੇਜ ਸਿੰਘ ਵੀ ਕੈਨੇਡਾ ਦੇ ਟੋਰਾਂਟੋ ਸ਼ਹਿਰ ਵਿੱਚ ਉਨ੍ਹਾਂ ਦੇ ਅੰਗ-ਸੰਗ ਹੀ ਰਹਿੰਦੇ ਸਨ। ਕੈਨੇਡਾ ਜਾ ਕੇ ਵੀ ਉਨ੍ਹਾਂ ਨੇ ਲੋਕਪੱਖੀ ਰਚਨਾਕਾਰੀ ਦਾ ਕਾਰਜ ਬਾਦਸਤੂਰ ਜਾਰੀ ਰੱਖਿਆ। ਸਾਮਰਾਜੀ ਅਲਾਮਤਾਂ ਅਤੇ ਕਾਰਪੋਰੇਟ ਸੈਕਟਰ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਕਾਰਵਾਈਆਂ ਬਾਰੇ ਉਨ੍ਹਾਂ ਵਲੋਂ ਲਿਖੀ ਗਈ ਵਾਰਤਕ ਰਚਨਾ "ਇਹ ਹੈ ਬਾਰਬੀ ਸੰਸਾਰ" ਬੇਹੱਦ ਮਕਬੂਲ ਹੋਈ। ਉਨ੍ਹਾਂ ਦੀ ਇਕ ਹੋਰ ਪੁਸਤਕ 'ਆਓ ਸੱਚ ਜਾਣੀਏ' ਨੂੰ ਵੀ ਪਾਠਕਾਂ ਦਾ ਭਰਪੂਰ ਹੁੰਗਾਰਾ ਮਿਲਿਆ। ਉਨ੍ਹਾਂ ਵਲੋਂ ਵੱਖ-ਵੱਖ ਅਖ਼ਬਾਰਾਂ ਅਤੇ ਕੈਨੇਡਾ ਦੇ ਮੀਡੀਆ ਵਿੱਚ ਲਿਖੇ ਗਏ ਲੇਖਾਂ ਵਿੱਚ 'ਕਾਰਲ ਮਾਰਕਸ ਇਕ ਅਦਭੁੱਤ ਗਾਥਾ', ਖ਼ਯਾਮ ਦੀਆਂ ਰੁਬਾਈਆਂ ਦਾ ਪੰਜਾਬੀ ਅਨੁਵਾਦ, 'ਜਮਹੂਰੀਅਤ ਕੁਝ ਪ੍ਰਸ਼ਨ', 'ਖ਼ੂਬਸੂਰਤੀ ਦੇ ਮਖੌਟੇ ਪਿੱਛੇ ਲੁਕੀ ਦਰਿੰਦਗੀ', 'ਦੋ ਗੱਲਾਂ ਮੇਰੀ ਪੱਤਰਕਾਰੀ ਦੇ ਰੰਗ ਬਾਰੇ', 'ਸਾਡਾ ਦੇਸ਼ ਬਿਮਾਰ ਹੈ' ਆਦਿ ਸ਼ਾਮਿਲ ਹਨ। ... ਅੰਗਰੇਜ਼ੀ ਭਾਸ਼ਾ ਵਿੱਚੋਂ ਪੰਜਾਬੀ ਵਿੱਚ ਅਨੁਵਾਦ ਕਰਨ ਦੀ ਉਨ੍ਹਾਂ ਦੀ ਮੁਹਾਰਤ ਵੀ ਚਮਤਕਾਰੀ ਸੀ। ਉਹ ਸਰਸਰੀ ਨਜ਼ਰ ਨਾਲ ਸਫ਼ਾ ਪੜ੍ਹਦੇ ਅਤੇ ਮੁੜ ਕੇ ਬਿਨਾਂ ਵੇਖੇ ਆਪਣੇ ਸ਼ਬਦਾਂ ਵਿੱਚ ਲਿਖ ਦਿੰਦੇ। ਕੈਨੇਡਾ ਦੇ ਸ਼ਹਿਰ ਟੋਰਾਂਟੋ ਦੀ ਵਿਰਾਸਤ ਪੀਸ ਸੰਸਥਾ ਵਲੋਂ ਉਨ੍ਹਾਂ ਨੂੰ 'ਲਾਈਫ਼ ਟਾਈਮ ਅਚੀਵਮੈਂਟ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ ਸਾਲ 2023 ਦਾ ਕਾਮਰੇਡ ਜਗਜੀਤ ਸਿੰਘ ਆਨੰਦ ਯਾਦਗਾਰੀ ਵਾਰਤਕ ਪੁਰਸਕਾਰ ਵੀ ਉਨ੍ਹਾਂ ਦੇ ਨਾਮ ਕੀਤਾ ਗਿਆ।

... ਜ਼ੀਰਵੀ ਸਾਹਿਬ ਦੇ ਹੁੰਦਿਆਂ 'ਨਵਾਂ ਜ਼ਮਾਨਾ' ਦਾ ਸਮੁੱਚਾ ਸਟਾਫ਼ ਇਕ ਪਰਿਵਾਰ ਵਾਂਗ ਹੁੰਦਾ, ਪ੍ਰਬੰਧਕੀ ਸਟਾਫ਼, ਕੰਪੋਜ਼ਿੰਗ ਸੈਕਸ਼ਨ, ਮਸ਼ੀਨ ਮੈਨ, ਸੰਪਾਦਕ, ਫੀਲਡ ਵਿੱਚ ਕੰਮ ਕਰਦੇ ਪੱਤਰਕਾਰ, ਇਥੋਂ ਤੱਕ ਕਿ ਟੈਲੀਪ੍ਰਿੰਟਰ ਦੀ ਦੇਖ-ਰੇਖ ਕਰਨ ਆਉਣ ਵਾਲੇ ਪੀ.ਟੀ.ਆਈ. ਅਤੇ ਯੂ.ਐਨ.ਆਈ. ਦੇ ਕਰਮਚਾਰੀ ਵੀ ਇਕ ਪਰਿਵਾਰ ਵਾਂਗ ਹੀ ਵਿਚਰਦੇ। ਇਨ੍ਹਾਂ ਵਿੱਚੋਂ ਰਤਨ ਸਿੰਘ ਅਤੇ ਜਸਪਾਲ ਸਿੰਘ ਵਿਸ਼ੇਸ਼ ਤੌਰ 'ਤੇ ਗਿਣੇ ਜਾ ਸਕਦੇ ਹਨ। ਦੂਸਰੀਆਂ ਅਖ਼ਬਾਰਾਂ ਦੇ ਡੈਸਕਾਂ ਉੱਤੇ ਸਾਰਾ ਦਿਨ ਬੈਠਣ ਵਾਲੇ ਵੀ ਸਮਾਂ ਕੱਢ ਕੇ 'ਨਵਾਂ ਜ਼ਮਾਨਾ' ਦੀਆਂ ਪੌੜੀਆਂ ਚੜ੍ਹ ਆਉਂਦੇ। ਪ੍ਰੇਮ ਗੋਰਖੀ, ਅਜੀਤ ਕੁਮਾਰ, ਸਵਤੰਤਰਸ਼ੀਲ,ਸ਼ੌਕੀਨ ਸਿੰਘ,ਕ੍ਰਿਸ਼ਨ ਲਾਲ ਢੱਲ ਅਤੇ ਇੰਦਰਜੀਤ ਸੂਦ ਇਨ੍ਹਾਂ

ਵਿੱਚੋਂ ਪ੍ਰਮੁੱਖ ਸਨ। ਉਹਨਾਂ ਕੋਲ ਅਕਸਰ ਆਉਣ ਵਾਲਿਆਂ ਵਿੱਚ ਕੁੱਝ ਹੋਰ ਅਜਿਹੇ ਚਿਹਰੇ ਵੀ ਸਨ, ਜੋ ਪਤਰਕਾਰ ਨਹੀਂ ਸਨ,ਪਰ ਸਜੱਗ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਸਨ। ਇਨ੍ਹਾਂ ਵਿੱਚ ਸੁਰਿੰਦਰ ਸਿੰਘ ਕੈਂਥ (ਹੁਣ ਡਾਕਟਰ), ਰਘਬੀਰ ਸਿੰਘ ਬਟਾਲਾ (ਹੁਣ ਵਕੀਲ), ਪੁਸ਼ਪਿੰਦਰ, ਸਵਰਾਜਬੀਰ (ਹੁਣ ਪੰਜਾਬੀ ਟ੍ਰਿਬਿਊਨ), ਐਨ.ਕੇ. ਜੋਸ਼ੀ, ਅਤੇ ਗੁਰਦੀਪ ਦੇਹਰਾਦੂਨ (ਕਵੀ) ਆਦਿ ਗਿਣੇ ਜਾ ਸਕਦੇ ਹਨ। ...ਸ਼ੌਂਕੀਨ ਸਿੰਘ ਉਨ੍ਹੀ ਦਿਨੀਂ ਦਿੱਲੀ ਤੋਂ ਛਪਦੀ ਅੰਗਰੇਜ਼ੀ ਅਖ਼ਬਾਰ "ਪੈਟਰੀਆਟ" ਦਾ ਸਟਾਫ ਰਿਪੋਰਟਰ ਸੀ। ਉਹ ਜ਼ੀਰਵੀ ਸਾਹਿਬ ਦੇ ਖੱਬੇ ਹੱਥ ਬੈਠ ਕੇ ਆਪਣੇ ਛੋਟੇ ਜਿਹੇ ਟਾਈਪਰਾਈਟਰ ਉਤੇ ਸਟੋਰੀ ਟਾਈਪ ਕਰਦਾ, ਜ਼ੀਰਵੀ ਸਾਹਿਬ ਨਾਲ-ਨਾਲ ਹੀ ਵੇਖਦੇ ਹੋਏ, ਸੁਧਾਈਆਂ ਕਰਾ ਦਿੰਦੇ ਅਤੇ ਵੇਖਦੇ ਹੀ ਵੇਖਦੇ ਪੀ ਐਂਡ ਟੀ, ਯੂ.ਐਨ.ਆਈ ਜਾਂ ਪੀ.ਟੀ.ਆਈ ਦੀ ਲੀਜ਼ ਲਾਈਨ ਰਾਹੀਂ ਸਟੋਰੀ ਫਾਈਲ ਹੋ ਜਾਂਦੀ ਅਤੇ ਦੂਸਰੇ ਦਿਨ 'ਪੈਟਰੀਆਟ' ਦੀ ਵੱਡੀ ਖ਼ਬਰ ਬਣੀ ਹੁੰਦੀ।

ਜ਼ੀਰਵੀ ਸਾਹਿਬ ਦੀ ਸ਼ਖ਼ਸੀਅਤ ਵਿੱਚ ਅਜੀਬ ਮਿਕਨਤੀਸੀ ਖਿੱਚ ਸੀ, ਹਰ ਕੋਈ ਪਹਿਲੀ ਮਿਲਣੀ ਵਿੱਚ ਹੀ ਜ਼ੀਰਵੀ ਸਾਹਿਬ ਨੂੰ ਆਪਣਾ ਸਮਝਣ ਲੱਗ ਜਾਂਦਾ ਸੀ।

"ਸਟਾਫ਼ ਦੇ ਕਿਸੇ ਮੈਂਬਰ ਦਾ ਜਨਮ ਦਿਨ ਹੋਵੇ, ਕਿਸੇ ਦਾ ਮੰਗਣੀ-ਵਿਆਹ ਹੋਇਆ ਹੋਵੇ ਜਾਂ ਕੋਈ ਹੋਰ ਖੁਸ਼ੀ ਦਾ ਮੌਕਾ ਹੋਵੇ, ਜ਼ੀਰਵੀ ਸਾਹਿਬ ਚਾਹ ਪਾਰਟੀ ਦਾ ਪ੍ਰਬੰਧ ਜ਼ਰੂਰ ਕਰਦੇ। ਇੱਕ-ਦੋ ਭਾਸ਼ਣ ਹੁੰਦੇ, ਫੇਰ ਜ਼ੀਰਵੀ ਸਾਹਿਬ ਦੀ ਤਰੰਨੁਮ ਵਿੱਚ ਪੇਸ਼ਕਾਰੀ। ਉਹ ਫ਼ੈਜ਼ ਅਹਿਮਦ ਫ਼ੈਜ਼ ਦੀ ਰਚਨਾ ਪੂਰੇ ਵਜਦ ਵਿੱਚ ਆ ਕੇ ਅਕਸਰ ਸੁਣਾਉਂਦੇ :-

ਦਰਬਾਰ-ਏ-ਵਤਨ ਮੇ ਜਬ ਏਕ ਦਿਨ
ਸਭ ਜਾਨੇ ਵਾਲੇ ਜਾਏਂਗੇ..
ਕੁਛ ਅਪਨੀ ਸਜ਼ਾ ਕੋ ਪਹੁੰਚੇਂਗੇ
ਕੁਛ ਅਪਨੀ ਜਜ਼ਾ ਲੈ ਜਾਏਂਗੇ...
ਐ ਖ਼ਾਕ-ਨਸ਼ੀਨੋ ਉੱਠ ਬੈਠੋ
ਵੋਹ ਵਕਤ ਕਰੀਬ ਆ ਪਹੁੰਚਾ ਹੈ
ਜਬ ਤਖਤ ਗਿਰਾਏ ਜਾਏਂਗੇ
ਜਬ ਤਾਜ ਉਛਾਲੇ ਜਾਏਂਗੇ

ਤੇ ਫੇਰ ਕਦੇ ਕਦੇ ਪੂਰੇ ਜਲੌਅ ਨਾਲ ਉਹ ਅਬਦੁਲ ਹਮੀਦ ਅਦਿਮ ਦੀ ਮਸ਼ਹੂਰ ਗ਼ਜ਼ਲ ਛੋਹ ਲੈਂਦੇ :–

ਮੈਕਦਾ ਥਾ, ਚਾਂਦਨੀ ਥੀ, ਮੈਂ ਨਾ ਥਾ
ਇਕ ਮੁਜੱਸਮ ਬੇਖ਼ੁਦੀ ਥੀ, ਮੈਂ ਨਾ ਥਾ
ਤੂਰ ਪਰ ਛੇੜਾ ਥਾ, ਜਿਸਨੇ ਆਪ ਕੋ
ਵੋਹ ਮੇਰੀ ਦੀਵਾਨਗੀ ਥੀ, ਮੈਂ ਨਾ ਥਾ...

ਉਹ ਆਖਰੀ ਸ਼ਿਅਰ ਤੱਕ ਪਹੁੰਚਦੇ ਤਾਂ ਅਸੀਂ ਸਾਰੇ ਉਨ੍ਹਾਂ ਦੇ ਨਾਲ–ਨਾਲ ਝੂਮਦੇ...

ਵੋਹ ਮੇਰੀ ਦੀਵਾਨਗੀ ਥੀ, ਮੈਂ ਨਾ ਥਾ...

ਹਰ ਕਿਸੇ ਦੀ ਦੀਵਾਨਗੀ ਸਿਰ ਚੜ੍ਹ ਬੋਲ ਰਹੀ ਹੁੰਦੀ, ਗੂੰਜ ਰਹੀ ਹੁੰਦੀ...

ਆਪਣੇ ਸ਼ੁਰੂ ਦੇ ਸਾਲਾਂ ਵਿੱਚ ਉਨ੍ਹਾਂ ਨੇ ਆਪ ਵੀ ਕੁਝ ਰਚਨਾਵਾਂ ਲਿਖੀਆਂ ਸਨ। ਜਿਨ੍ਹਾਂ ਨੂੰ ਉਨ੍ਹਾਂ ਨੇ ਕਦੇ ਕਿਤਾਬੀ ਰੂਪ ਵਿੱਚ ਨਾ ਛਪਵਾਇਆ। ਇਕ ਗ਼ਜ਼ਲ ਉਹ ਕਦੇ–ਕਦੇ ਮਹਿਫ਼ਲ ਵਿੱਚ ਸੁਣਾ ਦਿੰਦੇ ਸਨ। ਇਹ ਗ਼ਜ਼ਲ ਮੈਂ ਉਨ੍ਹਾਂ ਦੇ ਮੂੰਹੋਂ ਉਦੋਂ ਸੁਣੀ, ਜਦੋਂ ਸੋਹਣ ਸਿੰਘ ਮੀਸ਼ਾ ਦੇ ਆਦਰਸ਼ ਨਗਰ ਵਾਲੇ ਘਰ ਵਿੱਚ ਸਵੀਡਨ ਤੋਂ ਆਏ ਪਾਕਿਸਤਾਨੀ ਅਦੀਬ ਆਸਿਫ਼ ਸ਼ਾਹਕਾਰ ਨਾਲ ਉਹ ਇਕ ਮਹਿਫ਼ਲ ਜਮਾ ਰਹੇ ਸਨ :–

ਮੈਂ ਖਲੋ ਕੇ ਅੱਜ ਜਵਾਨੀ ਦੇ ਕਿਨਾਰੇ
ਮੁਸਕਰਾ ਕੇ ਜ਼ਿੰਦਗੀ ਦੇ ਗ਼ਮ ਨਿਖਾਰੇ
ਲੱਗ ਗਏ ਪੱਤਣ ਇਹ ਹਿੰਮਤ ਆਪਣੀ ਸੀ
ਵਰਨਾ ਤੂਫ਼ਾਨਾਂ ਬੜੇ ਹੱਥ ਪੈਰ ਮਾਰੇ

ਉਨ੍ਹਾਂ ਦੀ ਸਿਰਜਣ–ਸ਼ਕਤੀ, ਉਨ੍ਹਾਂ ਦੀ ਨੇਕ ਦਿਲੀ, ਉਨ੍ਹਾਂ ਦੀ ਨਿਰਛੱਲਤਾ ਅਤੇ ਇਮਾਨਦਾਰੀ ਮੁਸ਼ਕਿਲ ਤੋਂ ਮੁਸ਼ਕਿਲ ਹਾਲਾਤ ਵਿੱਚ ਵੀ ਉਨ੍ਹਾਂ ਤੋਂ ਲਾਂਭੇ ਨਹੀਂ ਸੀ ਹੁੰਦੀ। ਕਾਫ਼ੀ ਸਾਲਾਂ ਤੱਕ ਤਾਂ ਉਹ ਪਰਿਵਾਰ ਸਮੇਤ 'ਨਵਾਂ ਜ਼ਮਾਨਾ' ਦਫ਼ਤਰ ਵਿੱਚ ਹੀ

ਰਹੇ। ਇਨ੍ਹਾਂ ਦਿਨਾਂ ਤੱਕ ਅਜੇ ਜਲੰਧਰ ਦਾ ਕਾਫ਼ੀ ਹਾਊਸ ਚਲਦਾ ਸੀ, ਇਥੇ ਸਾਹਿਤਕਾਰਾਂ ਅਤੇ ਪੱਤਰਕਾਰਾਂ ਦਾ ਜਮਘਟਾ ਲੱਗਿਆ ਰਹਿੰਦਾ। ਜ਼ੀਰਵੀ ਸਾਹਿਬ ਇਥੇ ਅਕਸਰ ਜਾਂਦੇ। ਸੁਰੇਸ਼ ਸੇਠ, ਜਗਜੀਤ ਸਿੰਘ ਛਾਬੜਾ, ਸ਼ੌਕੀਨ ਸਿੰਘ, ਸੋਹਣ ਸਿੰਘ ਮੀਸ਼ਾ, ਚਿਰੰਜੀਵ, ਕੰਵਰ ਸੁਖਦੇਵ ਇਥੇ ਨਿੱਤ ਆਉਣ ਵਾਲੇ ਸਾਹਿਤਕਾਰਾਂ ਵਿੱਚੋਂ ਸਨ। ਜਿਸ ਟੇਬਲ ਉੱਤੇ ਜ਼ੀਰਵੀ ਸਾਹਿਬ ਹੁੰਦੇ, ਸਭ ਤੋਂ ਵੱਧ ਰੌਣਕ ਉਸੇ ਟੇਬਲ ਉੱਤੇ ਹੁੰਦੀ।

ਫੇਰ ਜ਼ੀਰਵੀ ਸਾਹਿਬ ਕਪੂਰਥਲੇ ਰਹਿਣ ਲੱਗ ਪਏ, ਜਿਥੋਂ ਉਹ ਰੇਲ ਗੱਡੀ ਦਾ ਪਾਸ ਬਣਾ ਕੇ ਰੋਜ਼ ਦਫ਼ਤਰ ਆਉਂਦੇ ਅਤੇ ਸਟੇਸ਼ਨ ਤੋਂ ਦਫ਼ਤਰ ਤੱਕ ਪੈਦਲ ਚਲਦੇ...ਸਫ਼ਰ ਵਿੱਚ ਕਿਤਾਬਾਂ ਹਮੇਸ਼ਾ ਉਨ੍ਹਾਂ ਦੇ ਅੰਗ-ਸੰਗ ਰਹਿੰਦੀਆਂ...

ਚਿਹਰੇ 'ਤੇ ਮੁਸਕਾਨ, ਜ਼ਬਾਨ ਉੱਤੇ ਹਾਸੇ-ਮਜ਼ਾਕ ਨਾਲ ਭਰਪੂਰ ਚੁਟਕਲੇ, ਦਿਮਾਗ਼ ਵਿੱਚ ਦਗਦੇ ਵਿਚਾਰ ਅਤੇ ਦਿਲ ਵਿੱਚ ਦੇਸ਼, ਦੁਨੀਆ, ਦੋਸਤਾਂ ਦਾ ਦਰਦ। ਇਹੀ ਸੀ – ਸੁਰਜਨ ਜ਼ੀਰਵੀ...ਜੋ ਮਹਿਜ਼ ਮੁਸਕਰਾ ਕੇ ਹੀ ਜ਼ਿੰਦਗੀ ਦੇ ਗ਼ਮ ਨਿਖਾਰ ਲੈਂਦਾ ਸੀ।

●●

# ਹਰਭਜਨ ਸਿੰਘ ਹੁੰਦਲ



(10 ਮਾਰਚ, 1934 — 6 ਜੁਲਾਈ, 2023)

# ਕਾਮਰੇਡ ਕਵੀ ਬਾਰੇ ਮੇਰਾ ਹਲਫ਼ੀਆ ਬਿਆਨ

ਹਰਭਜਨ ਸਿੰਘ ਹੁੰਦਲ ਸਾਥੋਂ ਪਹਿਲੀ ਪੀੜ੍ਹੀ ਦੇ ਉਨ੍ਹਾਂ ਸਮਰੱਥ ਪ੍ਰਗਤੀਵਾਦੀ ਕਵੀਆਂ ਵਿੱਚੋਂ ਸਿਰਕੱਢ ਕਵੀ ਹੈ, ਜਿਨ੍ਹਾਂ ਦੀ ਕਵਿਤਾ ਨੂੰ ਪੜ੍ਹ-ਪੜ੍ਹ ਕੇ ਅਸੀਂ ਕਵਿਤਾ ਦੀ ਸਮਾਜਿਕ ਸਾਰਥਿਕਤਾ ਨੂੰ ਸਮਝਣਾ ਸ਼ੁਰੂ ਕੀਤਾ। ਵਿਚਾਰਧਾਰਾ ਦੇ ਕਾਵਿ ਰੂਪਾਂਤਰਣ ਅਤੇ ਕਵਿਤਾ ਦੀ ਸ਼ਿਲਪਕਾਰੀ ਦੀ ਪ੍ਰਮਾਣਿਕਤਾ ਕੀ ਹੋ ਸਕਦੀ ਹੈ? ਇਹ ਸਵਾਲ ਉਸ ਦੌਰ ਦਾ ਸਭ ਤੋਂ ਮਹੱਤਵਪੂਰਨ ਸਵਾਲ ਸੀ, ਜਦੋਂ ਅਜੇ ਅਸੀਂ ਸਾਹਿਤ ਦੇ ਅਸਮਾਨ ਵਿਚ ਉਡਾਰੀਆਂ ਭਰਨ ਲਈ ਆਪਣੇ ਪਰ ਤੋਲ ਰਹੇ ਸਾਂ। ਪੰਜਾਬੀ ਸਾਹਿਤ ਵਿੱਚ ਕਵਿਤਾ ਦੀ ਚੜ੍ਹਤ ਦੇ ਇਨ੍ਹਾਂ ਦਿਨਾਂ ਵਿੱਚ ਹੀ, ਪੰਜਾਬ ਉਸ ਤੱਤੇ ਦੌਰ ਵਿਚੀਂ ਗੁਜ਼ਰ ਰਿਹਾ ਸੀ, ਜਦੋਂ ਸੱਤਾ ਨੂੰ ਵੰਗਾਰਨ ਦਾ ਜ਼ਿੰਮਾ ਸਾਹਿਤਕਾਰਾਂ ਅਤੇ ਖ਼ਾਸ ਤੌਰ 'ਤੇ ਕਵੀਆਂ ਨੇ ਆਪਣੇ ਹੱਥਾਂ ਵਿੱਚ ਲਿਆ ਹੋਇਆ ਸੀ।

ਅਮਨ ਲਹਿਰ ਦੇ ਉਤਰਾਅ ਉਪਰੰਤ ਕਮਿਊਨਿਸਟ ਪਾਰਟੀਆਂ ਦੀ ਟੁੱਟ-ਭੱਜ ਅਜੀਬ ਤਰ੍ਹਾਂ ਦੇ ਉਤਸ਼ਾਹ ਨਾਲ ਨੇਪਰੇ ਚਾੜ੍ਹੀ ਜਾ ਰਹੀ ਸੀ। ਚੀਨ ਦੇ ਹਮਲੇ ਨਾਲ ਪਿਆ ਰਾਜਨੀਤਕ ਭੰਬਲ-ਭੂਸਾ ਪ੍ਰਗਤੀਵਾਦੀਆਂ ਲਈ ਵੱਡੀ ਵੰਗਾਰ ਬਣ ਗਿਆ ਸੀ। ਸਾਹਿਤਕ ਜਥੇਬੰਦੀਆਂ, ਟਰੇਡ ਯੂਨੀਅਨਾਂ, ਵਿਦਿਆਰਥੀ ਸੰਗਠਨ ਸਭ ਦੇ ਸਭ ਪਹਿਲਾਂ ਦੋਫਾੜ ਹੋਏ ਤੇ ਫਿਰ ਕਈ-ਕਈ ਫਾੜਾਂ ਵਿੱਚ ਵੰਡੇ ਗਏ। ਇਸ ਪਾਟੋਧਾੜ ਵਿੱਚ ਵੀ ਵਿਚਾਰਧਾਰਕ ਪਰਪੱਕਤਾ ਨੂੰ ਕਾਇਮ ਰੱਖਦੇ ਹੋਏ ਹਰਭਜਨ ਸਿੰਘ ਹੁੰਦਲ ਨੇ ਸੀ.ਪੀ. ਆਈ.( ਐੱਮ.) ਅਪਣਾਈ ਅਤੇ ਅਧਿਆਪਕ ਆਗੂ ਵਜੋਂ ਵਿਚਰਨਾ ਸ਼ੁਰੂ ਕੀਤਾ। ਆਪਣੇ ਵਿਰਸੇ ਵਿੱਚੋਂ ਸੰਘਰਸ਼ ਦੀ ਗੁੜ੍ਹਤੀ ਲੈ ਕੇ ਜਵਾਨ ਹੋਏ ਹਰਭਜਨ ਸਿੰਘ ਹੁੰਦਲ ਨੇ ਆਪਣੀਆਂ ਸਿਰਜਣਾਤਮਿਕ ਭਾਵਨਾਵਾਂ ਨੂੰ ਪ੍ਰਗਟਾਉਣ ਲਈ ਕਵਿਤਾ ਦਾ ਰਾਹ ਚੁਣਿਆ। ਇਹ ਕੋਈ ਚਾਣਚੱਕ ਹੋਇਆ ਕਰਿਸ਼ਮਾ ਨਹੀਂ ਸੀ। ਇਸ ਦੇ ਪਿਛੋਕੜ ਵਿੱਚ ਮਾਹੌਲ ਦਾ ਪ੍ਰਭਾਵ ਅਤੇ ਦੋਸਤਾਂ ਦਾ ਘੇਰਾ ਸੀ, ਜਿਸ ਨੇ ਉਸ ਨੂੰ ਕਵਿਤਾ ਦੇ ਤਲਿਸਮ

ਨਾਲ ਜੋੜ ਦਿੱਤਾ ਸੀ। ਇਕ ਤਮੰਨਾ ਸੀ, ਜਿਸ ਨੂੰ ਉਹ ਹਰ ਹਾਲ ਵਿੱਚ ਸਾਕਾਰ ਹੋਈ ਵੇਖਣਾ ਚਾਹੁੰਦਾ ਸੀ। ਇਸ ਦਾ ਬਿਆਨ ਉਸ ਨੇ ਆਪਣੀ ਸਵੈ-ਜੀਵਨੀ "ਕਿਵੇਂ ਗੁਜ਼ਾਰੀ ਜ਼ਿੰਦਗੀ" ਵਿੱਚ ਵੀ ਕੀਤਾ ਹੈ। ਕਵਿਤਾ ਦੇ ਮਰਹਮ ਨੂੰ ਸਮਝਣਾ, ਇਸ ਨੂੰ ਪ੍ਰਗਟਾਵੇ ਦੇ ਸਾਧਨ ਵਜੋਂ ਅਪਨਾਉਣਾ ਅਤੇ ਜ਼ਿੰਦਗੀ ਭਰ ਆਪਣੇ ਸੀਨੇ ਨਾਲ ਲਾ ਕੇ ਰੱਖਣਾ, ਉਸ ਦਾ ਅਕੀਦਾ ਸੀ।

ਕਵਿਤਾ ਨੇ ਉਸ ਨੂੰ ਤਰ੍ਹਾਂ-ਤਰ੍ਹਾਂ ਦੀਆਂ ਦੁਸ਼ਵਾਰੀਆਂ ਵੀ ਦਿੱਤੀਆ ਅਤੇ ਅੰਤਾਂ ਦਾ ਸਕੂਨ ਵੀ। ਵਿਚਾਰਧਾਰਕ ਤੌਰ 'ਤੇ ਉਹ ਪੂਰਾ ਸਜੱਗ ਸੀ ਅਤੇ ਭਲੀ-ਭਾਂਤ ਜਾਣਦਾ ਸੀ ਕਿ, "ਇਨਕਲਾਬ ਜੋਸ਼ੀਲੇ ਤੇ ਭਾਵੁਕ ਹੱਲੇ ਗੁੱਲੇ ਨਾਲ ਨਹੀਂ ਵਾਪਰਦਾ ਹੁੰਦਾ।... ਇਹ ਵਿਸ਼ਾਲ ਜਨਸਮੂਹਾਂ ਦੇ ਯਤਨਾਂ ਨਾਲ, ਸਿਰੇ ਦੀ ਇਨਕਲਾਬੀ ਅਤੇ ਤਕੜੀ ਜਥੇਵੰਦ ਹੋਈ ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ ਹੀ ਸਫ਼ਲ ਹੋ ਸਕਦਾ ਹੈ। ਉਹ ਵੀ ਤਾਂ ਜੇ ਕੌਮੀ ਹਾਲਾਤ ਅਤੇ ਕੌਮਾਂਤਰੀ ਬਾਹਰੀ ਦਖ਼ਲ-ਅੰਦਾਜ਼ੀ ਦੀ ਸੰਭਾਵਨਾ ਨਾ ਹੋਵੇ।"...("ਕਿਵੇਂ ਗੁਜ਼ਾਰੀ ਜ਼ਿੰਦਗੀ" ਪੰਨਾ 404-405)

ਅਜਿਹੀ ਵਿਚਾਰਧਾਰਕ ਪਰਪੱਕਤਾ ਦੇ ਬਾਵਜੂਦ, ਉਸ ਦੀ ਕਵਿਤਾ ਦੇ ਤੇਜ਼ ਨੇ, ਉਸ ਨੂੰ ਪੁਲਿਸ ਫਾਈਲਾਂ ਵਿੱਚ ਇਕ ਭਾਵੁਕ ਇਨਕਲਾਬੀ ਵਜੋਂ ਦਰਜ ਕੀਤਾ। ਇਹ ਉਸ ਦੀ ਕਵਿਤਾ ਦੇ ਉਸ ਪ੍ਰਭਾਵ ਕਰਕੇ ਸੀ, ਜਿਸ ਨੂੰ ਮੋਹਣਜੀਤ ਨੇ ਨਕਸਲਵਾਦੀ ਕਵਿਤਾ ਦੇ ਸੰਗ੍ਰਹਿ "ਆਰੰਭ" ਵਿੱਚ ਉਸਦੇ ਕਾਵਿ ਸੰਗ੍ਰਹਿ "ਮਖੌਟੇ" ਵਿੱਚੋਂ ਚੁੱਕ ਕੇ ਛਾਪ ਦਿੱਤਾ ਸੀ:-

ਫ਼ੈਸਲੇ ਦੀ ਘੜੀ ਸੀ
ਤੇ ਹਰ ਸਿਪਾਹੀ
ਜ਼ਿੰਦਗੀ ਤੇ ਮੌਤ ਬਾਰੇ ਸੋਚਦਾ ਸੀ
ਲੀਕ ਦੇ ਉਸ ਪਾਰ ਵੀ ਇਕ ਜ਼ਿੰਦਗੀ ਸੀ
ਲੀਕ ਦੇ ਇਸ ਪਾਰ ਵੀ ਇਕ ਮੌਤ ਸੀ
ਕਦੇ ਉਸ ਨੂੰ ਫੁੱਲ ਵਰਗੇ ਮੁਸਕਰਾਉਂਦੇ
ਬਾਲ ਦਾ ਚਿਹਰਾ ਦਿਸੇ
ਕਦੇ ਉਸ ਨੂੰ

ਜੇਲ੍ਹ ਦੀ ਕਾਲੀ ਤੇ ਠੰਢੀ
ਕੋਠੜੀ ਦੀ ਸੋਚ ਆਵੇ।

(ਮਖੌਟੇ – ਪੰਨਾ 99)

ਇਸ ਕਵਿਤਾ ਨੇ ਪੁਲਿਸ ਦੀਆਂ ਰਿਪੋਰਟਾਂ ਵਿੱਚ ਉਸ ਦਾ ਨਾਮ ਚਾੜ੍ਹ ਦਿੱਤਾ ਤੇ ਫੇਰ ਉਸਨੂੰ ਸਮੇ ਸਮੇਂ ਕਾਲ ਕੋਠੜੀਆਂ ਵਿੱਚ ਬੈਠ ਕੇ, ਕਈ ਵਾਰ ਆਪਣੀਆਂ ਕਵਿਤਾਵਾਂ ਦਾ ਨਿੱਘ ਮਾਨਣਾ ਪਿਆ।

ਉਹ ਅਤਿ ਦਰਜੇ ਦਾ ਸਿਰੜੀ ਸੰਜਮੀ ਅਤੇ ਸਜੱਗ ਵਿਅਕਤੀ ਸੀ। ਜਿਸ ਨੂੰ ਮੈਂ ਹਰ ਘੜੀ, ਹਰ ਪਲ ਵਾਚਦਾ ਰਹਿੰਦਾ ਸਾਂ। ਉਸ ਦੀ ਕਿਤੇ ਵੀ ਛਪੀ ਹੋਈ ਕੋਈ ਵੀ ਕਵਿਤਾ ਮੈਂ ਜ਼ਰੂਰ ਪੜ੍ਹਦਾ।ਉਹ ਕਿਸੇ ਮੀਟਿੰਗ, ਮਜ਼ਾਹਰੇ, ਧਰਨੇ ਜਾਂ ਸਮਾਗਮ ਵਿੱਚ ਹੁੰਦਾ ਤਾਂ ਮੈਂ ਉਸ ਨੂੰ ਉਚੇਚ ਨਾਲ ਮਿਲਦਾ ਪਰ ਉਹ ਕਦੇ ਵੀ ਮੇਰੇ ਨਾਲ ਬਹੁਤਾ ਨਾ ਘੁਲਦਾ-ਮਿਲਦਾ। ਅਜੀਬ ਵਿਡੰਬਨਾ ਸੀ ਕਿ ਉਸ ਪ੍ਰਤੀ ਅਜਿਹੀ ਰਾਇ ਰੱਖਣ ਦੇ ਬਾਵਜੂਦ ਉਸ ਨਾਲ ਮੇਰੀ ਵਿਅਕਤੀਗਤ ਜਾਂ ਦੋਸਤਾਨਾ ਨੇੜਤਾ ਕਦੇ ਵੀ ਨਾ ਬਣ ਸਕੀ।

ਇਸ ਦਾ ਕਾਰਨ ਇਕ ਆਦਰਸ਼ ਸਤਿਕਾਰ ਦੀ ਭਾਵਨਾ ਸੀ? ਇਕ ਦੂਸਰੇ ਦੀਆਂ ਵਿਰੋਧੀ ਰਾਜਨੀਤਕ ਪਾਰਟੀਆਂ ਵਿੱਚ ਸਰਗਰਮ ਸ਼ਮੂਲੀਅਤ ਸੀ? 'ਲੋਕ ਲਹਿਰ' ਅਤੇ 'ਨਵਾਂ ਜ਼ਮਾਨਾ' ਦੀ ਸ਼ਰੀਕੇਬਾਜ਼ੀ ਸੀ? ਜਾਂ ਦੋਸਤੀਆਂ ਦੇ ਖੇਮਿਆਂ ਵਿੱਚ ਚੱਲ ਰਹੀ ਖਹਿਬਾਜ਼ੀ ਸੀ? ... ਹਰਭਜਨ ਸਿੰਘ ਹੁੰਦਲ ਦੇ ਤੁਰ ਜਾਣ ਤੋਂ ਬਾਅਦ ਵੀ ਇਸ ਦਾ ਠੀਕ ਠੀਕ ਆਕਲਣ ਕਰ ਸਕਣਾ ਮੇਰੇ ਲਈ ਬਹੁਤ ਮੁਸ਼ਕਿਲ ਹੈ।ਮੈਂ ਜਿਹੜੇ ਕਵੀਆਂ ਦੇ ਵਧੇਰੇ ਨੇੜੇ ਰਿਹਾ, ਉਨ੍ਹਾਂ ਵਿੱਚ ਸ. ਸ. ਮੀਸ਼ਾ, ਡਾ. ਜਗਤਾਰ ਅਤੇ ਪਾਸ਼ ਸ਼ਾਮਿਲ ਸਨ। ਇਹ ਤਿੰਨੋ ਹਰਭਜਨ ਸਿੰਘ ਹੁੰਦਲ ਦੇ ਖ਼ੈਰ-ਖਵਾਹਾਂ ਵਿੱਚ ਨਹੀਂ ਸਨ। ਪਾਸ਼ ਤਾਂ ਕੁਝ ਵਧੇਰੇ ਹੀ ਕੌੜਾ ਸੀ। ਇਹ ਕੁੜਤਣ "ਸਿਆੜ" ਦੇ ਦਿਨਾਂ ਤੋਂ ਹੀ ਚੱਲੀ ਆ ਰਹੀ ਸੀ ਜਦੋਂ ਹਰਭਜਨ ਹੁੰਦਲ ਨੇ 'ਸਿਆੜ' ਬਾਰੇ ਲਿਖ ਕੇ ਭੇਜ ਦਿੱਤਾ ਸੀ ਕਿ ਇਹ ਪਰਚਾ ਉਸ ਨੂੰ ਨਾ ਭੇਜਿਆ ਜਾਵੇ ਕਿਉਂਕਿ "ਇਸ ਵਿੱਚ ਘਟੀਆ ਸਮੱਗਰੀ ਛਪਦੀ ਹੈ।" ਨਕਸਲੀ ਕਵੀਆਂ ਅਤੇ ਆਗੂਆਂ ਨੇ ਉਸ ਨੂੰ ਪਾਣੀ ਪੀ ਪੀ ਕੋਸਿਆ ਅਤੇ ਸਿਰੇ ਦਾ ਗਾਲ਼ੀ-ਗਲੋਚ ਕੀਤਾ ਸੀ। ਪਰ ਉਹ ਇਹ ਸਭ ਕੁਝ ਜ਼ਰ ਕੇ ਵੀ ਆਪਣੇ ਵਿਚਾਰ ਉੱਤੇ ਅਡੋਲ ਰਿਹਾ। ਬਾਅਦ ਵਿੱਚ

ਉਸਨੇ ਪਾਸ਼ ਬਾਰੇ ਇਕ ਕਵਿਤਾ ਵੀ ਲਿਖੀ ਸੀ ਜੋ 'ਲੋਕ ਲਹਿਰ' ਵਿੱਚ ਛਪੀ ਸੀ। ...

ਜਦੋਂ ਮੈਂ ਦੂਰਦਰਸ਼ਨ 'ਤੇ ਆ ਗਿਆ ਤਾਂ ਪੰਜਾਬੀ ਲੇਖਕਾਂ ਨੇ 23 ਮਾਰਚ,1988 ਨੂੰ ਦੂਰਦਰਸ਼ਨ ਦੇ ਗੇਟ ਉੱਤੇ ਇਕ ਧਰਨਾ ਮਾਰਿਆ ਸੀ। ਮੰਗ ਸੀ ਕਿ ਪੰਜਾਬੀ ਸਾਹਿਤਕਾਰਾਂ ਨੂੰ ਦੂਰਦਰਸ਼ਨ ਦੇ ਸਾਹਿਤਕ ਪ੍ਰੋਗਰਾਮਾਂ ਵਿੱਚ ਓਨਾ ਸਮਾਂ ਨਹੀਂ ਦਿੱਤਾ ਜਾਂਦਾ, ਜਿੰਨੇ ਦੇ ਉਹ 'ਹੱਕਦਾਰ' ਹਨ। ਹਾਜ਼ਰੀ ਅਤੇ ਜੋਸ਼ ਦੇ ਪੱਖੋਂ ਬਹੁਤ ਪ੍ਰਭਾਵਸ਼ਾਲੀ ਧਰਨਾ ਸੀ। ਹਾਲਾਂਕਿ ਇਹ ਧਰਨਾ ਸਾਡੇ ਹੀ ਖਿਲਾਫ਼ ਸੀ ਪਰ ਫੇਰ ਵੀ ਲੇਖਕਾਂ ਦਾ ਏਨਾ ਇਕੱਠ ਅਤੇ ਏਕਾ ਦੇਖ ਕੇ ਮਨ ਉਤਸ਼ਾਹ ਨਾਲ ਭਰ ਰਿਹਾ ਸੀ। ਡਾਇਰੈਕਟਰ ਦੂਰਦਰਸ਼ਨ ਨੇ ਸਾਨੂੰ (ਹਰਜੀਤ ਸਿੰਘ, ਸਵਿਤੋਜ ਅਤੇ ਮੈਂ) ਬੁਲਾ ਕੇ ਕਿਹਾ "ਬਾਹਰ ਜਾਓ ਲੇਖਕਾਂ ਦੀਆਂ ਮੰਗਾਂ ਸੁਣੋ ਅਤੇ ਮੰਗ ਪੱਤਰ ਲੈ ਕੇ ਆਓ।" ਅਸੀਂ ਡਰ ਰਹੇ ਸਾਂ ਕਿ ਲੇਖਕ ਸਾਨੂੰ ਬੁਰਾ ਭਲਾ ਕਹਿਣਗੇ.. ਵੈਸੇ ਵੀ ਸਾਡਾ ਵਿਚਾਰ ਸੀ ਕਿ ਮੰਗ ਪੱਤਰ ਲੈਣ ਡਾਇਰੈਕਟਰ ਨੂੰ ਆਪ ਜਾਣਾ ਚਾਹੀਦਾ ਹੈ।ਪਰ ਡਾਇਰੈਕਟਰ ਬਜ਼ਿਦ ਸੀ... .ਉਸ ਨੇ ਕਿਹਾ... ਤੁਸੀਂ ਹੀ ਜਾਓਗੇ... ਅਸੀਂ ਤਿਆਰ ਹੋ ਗਏ... ਅਜੇ ਤੁਰਨ ਹੀ ਲੱਗੇ ਸਾਂ ਕਿ ਮਨਹੂਸ ਖ਼ਬਰ ਆ ਗਈ – "ਪਾਸ਼ ਨੂੰ ਅਤਿਵਾਦੀਆਂ ਨੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ।" ... ਡਾਇਰੈਕਟਰ ਦੇ ਕਮਰੇ ਵਿੱਚ ਸਨਾਟਾ ਪਸਰ ਗਿਆ। ਮੈਂ ਪਿੱਛੇ ਹਟ ਕੇ ਸੋਫ਼ੇ ਉੱਤੇ ਬੈਠ ਗਿਆ... ਅੱਖਾਂ ਮੀਟ ਕੇ ਪਾਸ਼ ਨੂੰ ਨਿਹਾਰਿਆ। ਸਿਰਫ਼ ਚਾਰ ਦਿਨ ਪਹਿਲਾਂ ਹੀ ਉਹ ਮੈਨੂੰ ਮਿਲ ਕੇ ਗਿਆ ਸੀ...

ਫ਼ੈਸਲਾ ਹੋਇਆ ਇਹ ਖ਼ਬਰ ਬਾਹਰ ਧਰਨਾਕਾਰੀਆਂ ਨੂੰ ਵੀ ਦਿੱਤੀ ਜਾਵੇ... ਅਸੀਂ ਥੱਲੇ ਉੱਤਰੇ। ਗੇਟ ਵਲ ਆਏ। ਸਾਨੂੰ ਆਪਣੇ ਵਲ ਆਉਂਦੇ ਵੇਖ ਕੇ ਧਰਨਾਕਾਰੀਆਂ ਦਾ ਜੋਸ਼ ਦੂਣਾ ਹੋ ਗਿਆ। ਨਾਅਰੇ ਹੋਰ ਉੱਚੇ ਹੋ ਗਏ, ਹਰਭਜਨ ਹੁੰਦਲ ਸੰਬੋਧਨ ਕਰ ਰਿਹਾ ਸੀ... ਅਸੀਂ ਨੇੜੇ ਗਏ, ਸਾਡੇ ਚਿਹਰੇ ਉਤਰੇ ਹੋਏ ਸਨ, ਪਰ ਲੇਖਕ ਅਣਜਾਣ ਸਨ, ਮੈਂ ਭਰੇ ਮਨ ਨਾਲ ਅਤੇ ਵਗਦੀਆਂ ਅੱਖਾਂ ਨਾਲ ਖ਼ਬਰ ਸੁਣਾਈ... ... ਇਕਦਮ ਚੁੱਪ ... ਤੇ ਡਰ ਦਾ ਮਾਹੌਲ ਪਸਰ ਗਿਆ... ਹਰਭਜਨ ਹੁੰਦਲ ਦਾ ਭਾਸ਼ਣ ਪਾਸ਼ ਨੂੰ ਸ਼ਰਧਾਂਜਲੀ ਵਿੱਚ ਬਦਲ ਗਿਆ...

ਹੁਣ ਵੀ ਮੈਂ ਕਦੇ-ਕਦੇ ਸੋਚਦਾ ਹਾਂ ... ਪਾਸ਼ ਨੂੰ ਸਭ ਤੋਂ ਪਹਿਲੀ ਸ਼ਰਧਾਂਜਲੀ ਦੇਣ ਵਾਲਾ ਹਰਭਜਨ ਹੁੰਦਲ ਕਿਵੇਂ ਪਿਘਲ ਪਿਆ ਸੀ। ਉਸ ਦੀਆਂ ਅੱਖਾਂ 'ਚ ਰੋਹ,

ਸ਼ਬਦਾਂ 'ਚ ਤਰਲਤਾ ਤੇ ਮਨ ਦੀ ਮਮਤਾ... ਅਜਬ ਸੀ... ਧਰਨਾ ਬਿਨਾਂ ਮੰਗ ਪੱਤਰ ਦਿੱਤਿਆਂ ਉੱਠ ਗਿਆ ਸੀ। ਦੂਰਦਰਸ਼ਨ ਉੱਤੇ ਕਵਿਤਾ ਪੜ੍ਹਨ ਤੋਂ ਵੱਡੀਆਂ ਵੰਗਾਰਾਂ ਲੇਖਕਾਂ ਦੇ ਸਾਹਮਣੇ ਆ ਖੜ੍ਹੀਆਂ ਸਨ...

... ਹਰਭਜਨ ਹੁੰਦਲ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਵੱਖ-ਵੱਖ ਅਹੁਦਿਆਂ ਲਈ ਅਨੇਕ ਚੋਣਾਂ ਲੜੀਆਂ। ਪਰ ਕਦੇ ਵੀ ਮੈਂ ਉਸ ਦਾ ਸਮਰਥਕ ਨਾ ਰਿਹਾ। ਉਸ ਲਈ ਕਦੇ ਕੋਈ ਮੁਹਿੰਮ ਨਾ ਚਲਾਈ। ਉਸ ਨੂੰ ਕਦੇ ਵੋਟ ਤੱਕ ਨਾ ਪਾਈ ...

... ਮੇਰੀ ਕਵਿਤਾ ਦੀ ਨਵੀਂ ਕਿਤਾਬ ਛਪੀ... ਜਲੰਧਰ ਵਿੱਚ ਉਸ ਉੱਤੇ ਗੋਸ਼ਟੀ ਹੋਈ। ਡਾਕਟਰ ਸੁਰਜੀਤ ਸਿੰਘ ਭੱਟੀ ਅਤੇ ਡਾ. ਬਲਜੀਤ ਕੌਰ ਨੇ ਉਸ ਕਿਤਾਬ ਬਾਰੇ ਪਰਚੇ ਪੜ੍ਹੇ...... ਡਾਕਟਰ ਜਗਤਾਰ ਤੇ ਪਿਆਰਾ ਸਿੰਘ ਭੋਗਲ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਹੋਏ। ਹਰਭਜਨ ਸਿੰਘ ਹੁੰਦਲ ਨੇ ਇਸ ਗੋਸ਼ਟੀ ਵਿੱਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ "ਜੌਹਲ ਦੀ ਕਵਿਤਾ ਮੇਰੇ ਮਨ ਨੂੰ ਧੂ ਪਾਉਣ ਵਾਲੀ ਕਵਿਤਾ ਨਹੀਂ ਹੈ।"

ਉਸ ਦੇ ਇਸ ਬਿਆਨ ਉੱਤੇ ਮੈਂ ਉਦੋਂ ਵੀ ਕੋਈ ਟਿੱਪਣੀ ਨਾ ਕੀਤੀ ਅਤੇ ਉਸ ਦੇ ਜਿਊਂਦੇ ਰਹਿਣ ਤੱਕ ਵੀ, ਮੈਂ ਉਸ ਦੇ ਮਨ ਨੂੰ ਧੂ ਪਾਉਣ ਵਾਲੀ ਆਪਣੀ ਕਿਸੇ ਕਵਿਤਾ ਦੀ ਨਿਸ਼ਾਨਦੇਹੀ ਨਹੀਂ ਕਰ ਸਕਿਆ...

... ਪ੍ਰਗਤੀਵਾਦੀ ਕਵਿਤਾ ਨੂੰ ਹੋਰ ਨਿਹਾਰ ਕੇ ਰਾਜਨੀਤਕ ਕਵਿਤਾ ਤੱਕ ਕੇਂਦਰਿਤ ਹੋਈਏ ਤਾਂ ਮੇਰੀ ਨਜ਼ਰ ਵਿੱਚ ਪਾਸ਼ ਅਤੇ ਹਰਭਜਨ ਹੁੰਦਲ ਹੀ ਉਹ ਵੱਡੇ ਕਵੀ ਹਨ, ਜਿਨ੍ਹਾਂ ਨੇ ਸਥਾਪਤੀ ਪ੍ਰਤੀ ਸਿੱਧੇ ਸੰਬੋਧਨ ਦੀ ਕਵਿਤਾ ਦਾ ਜ਼ੋਖ਼ਮ ਉਠਾਇਆ ਹੈ :-

ਕਵਿਤਾਵਾਂ ਦੇ ਕੌਣ ਆਲੋਚਕ ਆਏ ਨੇ
ਜਿਨ੍ਹਾਂ ਤੈਨੂੰ ਥਾਣੇ ਵਿੱਚ ਬੁਲਾਇਆ ਹੈ
ਥਾਣੇ ਵਿੱਚ ਵੀ ਫਾਈਲ ਅਸਾਡੀ ਖੁਲ੍ਹ ਗਈ
ਕਵਿਤਾ ਨੇ ਇਹ ਕੈਸਾ ਰੰਗ ਵਟਾਇਆ ਹੈ

... ... ... ... ... ... ... ... ... ... ...

ਦੇਸ਼ ਅਸਾਡਾ ਕਿੱਥੋਂ ਕਿੱਥੇ ਪੁੱਜ ਗਿਆ

ਕਵਿਤਾ ਦੇ ਹੁਣ ਅਰਥ ਸਿਪਾਹੀ ਕਰਦੇ ਨੇ ...(1998)

... ਅਣਥੱਕ ਮਿਹਨਤ, ਦਲੇਰੀ, ਲਗਨ ਅਤੇ ਸਜੱਗਤਾ ਦਾ ਮੁਜੱਸਮਾ ਹੁੰਦਲ ਆਪਣੀ ਹੀ ਕਿਸਮ ਦਾ ਇਨਸਾਨ ਸੀ। ਜਿਨ੍ਹਾਂ ਸੰਸਾਰ ਪ੍ਰਸਿੱਧ ਇਨਕਲਾਬੀ ਕਵੀਆਂ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਦਾ ਮੁੱਲਵਾਨ ਕਾਰਜ, ਉਸ ਨੇ ਅਤਿ ਨਿਪੁੰਨਤਾ ਨਾਲ ਸਿਰੇ ਚਾੜ੍ਹਿਆ, ਉਨ੍ਹਾਂ ਵਿੱਚ ਪਾਬਲੋ ਨੈਰੂਦਾ, ਨਾਜ਼ਿਮ ਹਿਕਮਤ, ਮਾਇਕੋਵਸਕੀ ਅਤੇ ਮਹਿਮੂਦ ਦਰਵੇਸ਼ ਸ਼ਾਮਿਲ ਹਨ। ਤ੍ਰੈਮਾਸਿਕ "ਚਿਰਾਗ਼" ਦੀ ਸਥਾਪਨਾ ਅਤੇ ਸੰਪਾਦਨਾ ਉਸ ਦੀ ਸਮਰੱਥਾ ਦਾ ਇਕ ਹੋਰ ਪ੍ਰਤੀਕ ਹੈ। ...

...ਉਸ ਨੇ ਆਪਣੀ ਸਵੈ-ਜੀਵਨੀ ਦੇ ਆਖ਼ਰੀ ਫ਼ਿਕਰਿਆਂ ਵਿੱਚ ਲਿਖਿਆ ਹੈ:-

> "ਨਵੀਆਂ ਤੋਂ ਨਵੀਆਂ ਜ਼ਿੰਮੇਵਾਰੀਆਂ ਸੰਭਾਲਣ ਨਾਲ ਮਨੁੱਖ ਕਦੇ ਬੁੱਢਾ, ਬੇਲੋੜਾ ਅਤੇ ਮਾਯੂਸ ਨਹੀਂ ਹੁੰਦਾ।" ... ...ਸਾਹਿਤਕ ਖੇਤਰ ਵਿੱਚ ਮੇਰੀ ਨਿਮਾਣੀ ਜੇਹੀ ਸਫ਼ਲਤਾ ਦੇ ਬਸ ਏਹੀ ਰਾਜ਼ ਹਨ।"
>
> (ਪੰਨਾ-494)

ਸੱਚਮੁੱਚ ਉਹ ਕਦੇ ਬੁੱਢਾ ਨਹੀਂ ਹੋਇਆ। ਨਿਰੰਤਰ ਸਫਰ ਵਿੱਚ ਰਿਹਾ। ਕਵਿਤਾ ਦੇ ਅੰਗ ਸੰਗ ਰਿਹਾ ਉਸਦਾ ਰਾਜਨੀਤਕ ਸਫਰ ਵੀ ਸੀ.ਪੀ.ਆਈ. (ਐੱਮ) ਨੂੰ ਪਿਛੇ ਛੱਡ ਕੇ ਆਰ.ਐੱਮ.ਪੀ.ਆਈ. ਤੱਕ ਪਹੁੰਚ ਗਿਆ। ਆਪਣੇ ਸੰਘਰਸ਼ ਸਾਥੀਆਂ ਦੇ ਹਰ ਫੈਸਲੇ ਉਤੇ ਫੁੱਲ ਚੜ੍ਹਾਉਣ ਵਾਲਾ ਹੁੰਦਲ 9 ਜੁਲਾਈ 2023 ਨੂੰ ਅਗਲੇ ਸਫ਼ਰ ਲਈ ਤੁਰ ਗਿਆ।

ਉਸ ਦੇ ਚਲੇ ਜਾਣ ਉਪਰੰਤ ਉਸ ਦੀ ਸ਼ਖ਼ਸੀਅਤ ਦੇ ਅਨੇਕਾਂ ਪਾਸਾਰ ਮੁੜ-ਮੁੜ ਮੇਰੀਆਂ ਅੱਖਾਂ ਸਾਹਮਣੇ ਸਾਕਾਰ ਹੋਣ ਲੱਗੇ। ਉਹ ਮੇਰੇ ਸੁਪਨਿਆਂ ਵਿੱਚ ਆਉਣ ਲੱਗਾ। ਮੇਰੀਆਂ ਸੋਚਾਂ ਵਿੱਚ ਘੁੰਮਣ ਲੱਗਾ... ਤੇ ਫਿਰ ਇਕ ਦਿਨ ਉਸ ਦੀ ਆਖ਼ਰੀ ਕਵਿਤਾ "ਵਸੀਹਤ" ਉਸ ਦੇ ਸਪੁੱਤਰ ਹਰਪ੍ਰੀਤ ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ। ਕਿੰਨਾ ਕਲਾਤਮਿਕ ਹੈ ਉਸ ਦਾ ਸਵੈ ਰਚਿਤ ਕਾਵਿ- ਚਿੱਤਰ। ਇਸ ਕਵਿਤਾ ਦੀਆਂ ਆਖ਼ਰੀ

ਸਤਰਾਂ ਹਨ :–

ਮੇਰਾ ਅਫ਼ਸੋਸ ਨਾ ਕਰੀਂ
ਮਾਣ ਕਰੀਂ ਮੇਰੇ ਉੱਤੇ
ਜੇ ਹੋ ਸਕੇ
ਤੇ ਮਿਲਣ ਆਇਆਂ ਨੂੰ ਆਖੀਂ
ਕੌੜਾ ਸੀ ਸੱਚ ਵਰਗਾ
ਨਿੰਮ ਦੇ ਪੱਤਿਆਂ ਜਿਹਾ
ਪਰ ਅੰਦਰੋਂ ਕੋਮਲ ਸੀ
ਕਵਿਤਾ ਵਰਗਾ
ਗੁਲਾਬ ਦੀ ਪੱਤੀ ਤਰ੍ਹਾਂ......

ਸੱਚ ਵਰਗਾ ਅਤੇ ਨਿੰਮ ਦੇ ਪੱਤਿਆਂ ਵਰਗਾ ਕੌੜਾ, ਕਵਿਤਾ ਵਰਗਾ ਅਤੇ ਗੁਲਾਬ ਦੀ ਪੱਤੀ ਵਰਗਾ ਕੋਮਲ ਹਰਭਜਨ ਹੁੰਦਲ ਮੈਨੂੰ ਅਕਸਰ ਸਖ਼ਤ, ਕਠੋਰ, ਮਜ਼ਬੂਤ ਅਤੇ ਹੱਠੀ ਦਿਸਦਾ ਰਿਹਾ ਸੀ। ਦੁੱਖ, ਦਰਦ, ਸੰਵੇਦਨਾ ਅਤੇ ਦਿਆਲਤਾ ਨਾਲ ਭਰਪੂਰ ਉਸਦਾ ਦਿਲ ਮਿਹਨਤਕਸ਼ ਲੋਕਾਂ ਅਤੇ ਸੰਘਰਸ਼ ਸਾਥੀਆਂ ਲਈ ਰਾਖਵਾਂ ਸੀ। ਪਰ ਇਹ ਮੈਨੂੰ ਕਿਉਂ ਨਹੀਂ ਸੀ ਦਿਸਦਾ ? ਮੇਰੇ ਆਲੇ–ਦੁਆਲੇ ਦੀਆਂ ਦੋਸਤਾਨਾ ਅਤੇ ਪ੍ਰਸ਼ਾਸਕੀ ਵਲਗਣਾਂ ਸ਼ਾਇਦ ਮੈਨੂੰ ਉਸ ਦੇ ਨੇੜੇ ਜਾਣ ਤੋਂ ਅਤੇ ਉਸਨੂੰ ਮੇਰੇ ਨੇੜੇ ਆਉਣ ਤੋਂ ਵਰਜਦੀਆਂ ਰਹੀਆਂ ਸਨ।

ਇਕ ਸਿਰਕੱਢ ਅਧਿਆਪਕ ਆਗੂ ਵਜੋਂ ਵਿਚਰਦਿਆਂ ਉਸ ਨੇ ਜਥੇਵੰਦਕ ਕਾਰਜਾਂ ਵਿੱਚ ਵਡਮੁੱਲਾ ਯੋਗਦਾਨ ਪਾਇਆ। ਸਾਹਿਤਕ ਤ੍ਰੈਮਾਸਿਕ 'ਚਿਰਾਗ਼' ਦੀ ਸੰਪਾਦਨਾ ਵੀ ਉਸ ਦੇ ਮਿਸਾਲੀ ਕਾਰਜਾਂ ਵਿੱਚੋਂ ਇਕ ਹੈ। ਪਾਕਿਸਤਾਨ ਵਿੱਚ ਲਿਖੇ ਗਏ ਪੰਜਾਬੀ ਸਾਹਿਤ ਨੂੰ ਸ਼ਾਹਮੁਖੀ ਵਿੱਚੋਂ ਗੁਰਮੁਖੀ ਵਿੱਚ ਲਿਪੀਆਂਤਰ ਕਰਕੇ, ਪੰਜਾਬੀ ਪਾਠਕਾਂ ਵਿੱਚ ਮਕਬੂਲ ਕਰਨਾ, ਉਸ ਦਾ ਸ਼ੌਕ ਸੀ, ਜਿਸ ਨੂੰ ਉਸ ਨੇ ਆਪਣੀ ਜ਼ਿੰਮੇਵਾਰੀ ਬਣਾ ਲਿਆ ਸੀ। ਬਾਬਾ ਨਜਮੀ ਵਰਗੇ ਪਾਕਿਸਤਾਨੀ ਪੰਜਾਬੀ ਅਦੀਬਾਂ ਨੂੰ ਇਧਰਲੇ ਪਾਠਕਾਂ ਤੱਕ ਪਹੁੰਚਾਉਣਾ ਵੀ ਹਰਭਜਨ ਸਿੰਘ ਹੁੰਦਲ ਦੀ ਦੂਰ ਦ੍ਰਿਸ਼ਟੀ ਦਾ ਪ੍ਰਤਾਪ ਹੀ

ਸੀ।... ਜਦੋਂ ਸਿਹਤ ਥੋੜ੍ਹੀ ਢਿੱਲੀ ਹੋ ਗਈ ਤਾਂ 'ਚਿਰਾਗ਼' ਦੀ ਜ਼ਿੰਮੇਵਾਰੀ ਨੂੰ ਉਸ ਨੇ ਡਾਕਟਰ ਕਰਮਜੀਤ ਸਿੰਘ ਨੂੰ ਸੌਂਪ ਦਿੱਤਾ। ਇਹ ਫ਼ੈਸਲਾ ਵੀ ਉਸ ਦੀ ਉਸੇ ਦਿਭ-ਦ੍ਰਿਸ਼ਟੀ ਦਾ ਲਿਖਾਇਕ ਹੈ, ਜਿਹੜੀ ਉਸ ਨੂੰ ਸਾਹਿਤ ਅਤੇ ਸਮਾਜ ਦੇ ਵਡੇਰੇ ਹਿਤਾਂ ਸਾਹਮਣੇ ਸੌੜੇ ਅਤੇ ਵਿਅਕਤੀਗਤ ਹਿਤਾਂ ਦੀ ਕੁਰਬਾਨੀ ਦਾ ਪ੍ਰਤੀਕ ਬਣਾਉਂਦੀ ਹੈ।

ਉਸ ਨਾਲ ਮੇਰੀ ਆਖ਼ਰੀ ਮੁਲਾਕਾਤ ਪਿੰਡ ਫੱਤੂ ਚੱਕ ਦੇ ਉਸੇ ਘਰ ਵਿੱਚ ਹੋਈ, ਜਿਥੇ ਉਸ ਨੇ ਆਪਣੀ ਜ਼ਿੰਦਗੀ ਦਾ ਆਖ਼ਰੀ ਸਾਹ ਲਿਆ। ... ਪਦਮਸ਼੍ਰੀ ਸੁਰਜੀਤ ਪਾਤਰ ਤੇ ਮੈਂ ਪੰਜਾਬ ਕਲਾ ਪਰਿਸ਼ਦ ਵਲੋਂ "ਪੰਜਾਬ ਗੌਰਵ ਪੁਰਸਕਾਰ" ਭੇਟ ਕਰਨ ਲਈ ਫੱਤੂ ਚੱਕ ਪਹੁੰਚੇ ਸਾਂ। ਪੰਜਾਬ ਕਲਾ ਪਰਿਸ਼ਦ ਦੇ ਇਸ ਸਰਵਉੱਚ ਪੁਰਸਕਾਰ ਵਿੱਚ ਇਕ ਲੱਖ ਰੁਪਏ, ਫੁਲਕਾਰੀ ਅਤੇ ਸਨਮਾਨ ਪੱਤਰ ਸੀ। ਪਹਿਲਾਂ ਪਿੰਡ ਦੇ ਬਾਹਰ ਵਾਰ ਇਕ ਸਮਾਗਮ ਹੋਇਆ ਫਿਰ ਪੂਰਾ ਸਮਾਗਮ ਉਨ੍ਹਾਂ ਦੇ ਘਰ ਗਿਆ ਅਤੇ ਇਹ ਪੁਰਸਕਾਰ ਭੇਟ ਕੀਤਾ ਗਿਆ। ਸਨਮਾਨ ਪ੍ਰਾਪਤ ਕਰਦਿਆਂ ਉਸ ਦੇ ਚਿਹਰੇ ਉੱਤੇ ਅੰਤਾਂ ਦਾ ਜਲੌਅ ਸੀ।

ਉਹ ਨਿੰਮਾ ਨਿੰਮਾ ਮੁਸਕਰਾਉਂਦਾ ਹੋਇਆ ਸਾਡਾ ਧੰਨਵਾਦ ਕਰਨ ਲੱਗਿਆ ਤਾਂ ਪਾਤਰ ਸਾਹਿਬ ਨੇ ਕਿਹਾ 'ਤੁਹਾਡੀ ਕਵਿਤਾ ਅਤੇ ਸਮਾਜ ਪ੍ਰਤੀ ਤੁਹਾਡੀ ਪ੍ਰਤੀਬੱਧਤਾ ਸਾਹਮਣੇ ਇਹ ਪੁਰਸਕਾਰ ਬਹੁਤ ਛੋਟਾ ਹੈ। ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਇਸ ਨੂੰ ਸਵੀਕਾਰ ਕੀਤਾ ਹੈ।" ...

ਉਹ ਗੰਭੀਰ ਹੋ ਗਿਆ, ਮੈਨੂੰ ਕੋਲ ਬੁਲਾ ਕੇ ਸਨਮਾਨ ਪੱਤਰ ਵਿਚਲੇ ਆਪਣੇ ਨਾਮ ਉੱਤੇ ਉਂਗਲ ਰੱਖ ਕੇ ਕਹਿਣ ਲੱਗਾ, ਮੇਰੇ ਨਾਮ ਵਿੱਚ ਸਿਹਾਰੀ ਤੁਸੀਂ ਵਾਧੂ ਹੀ ਪਾ ਦਿੱਤੀ ਹੈ ਇਸ ਦੀ ਲੋੜ ਨਹੀਂ ਸੀ। (ਸਨਮਾਨ ਪੱਤਰ ਵਿੱਚ ਹਰਭਜਨ ਨੂੰ ਹਰਿਭਜਨ ਲਿਖਿਆ ਗਿਆ ਸੀ) ... ਅਸੀਂ ਛਿੱਥੇ ਜਿਹੇ ਹੋ ਕੇ ਇਕ ਦੂਸਰੇ ਵੱਲ ਵੇਖਣ ਲੱਗੇ... ਸਾਹਿਤਕਾਰਾਂ ਵਿੱਚੋਂ ਕੋਈ ਬੋਲਿਆ, 'ਚੱਲੋ ਵਾਧੂ ਹੀ ਹੈ... ਘੱਟ ਤਾਂ ਨਹੀਂ ਕੁਝ'... ਹਲਕਾ ਜਿਹਾ ਹਾਸਾ ਪੱਸਰ ਗਿਆ...

... ਹਰਭਜਨ ਹੁੰਦਲ ਮੇਰੇ ਆਦਰਸ਼ ਕਵੀਆਂ ਵਿੱਚੋਂ ਇਕ ਸੀ। ਉਸ ਦੇ ਜਥੇਵੰਦਕ ਕਾਰਜਾਂ ਵਿੱਚ ਮੈਂ ਹਮੇਸ਼ਾ ਉਸ ਦਾ ਵਿਰੋਧੀ ਹੀ ਰਿਹਾ ਸੀ। ਮੇਰੇ ਮਨ ਉੱਤੇ ਹਮੇਸ਼ਾ ਇਸ ਦਾ ਅਜੀਬ ਜਿਹਾ ਭਾਰ ਰਹਿੰਦਾ ਸੀ। ਇਹ ਪੁਰਸਕਾਰ ਪ੍ਰਦਾਨ ਕਰਕੇ ਸ਼ਾਇਦ ਅਚੇਤ ਰੂਪ ਵਿੱਚ ਹੀ, ਮੈਂ ਉਸ ਭਾਰ ਤੋਂ ਮੁਕਤ ਹੋਣਾ ਚਾਹੁੰਦਾ ਹੋਵਾਂ ਜਾਂ ਸ਼ਾਇਦ ਮੈਂ ਅਚੇਤ ਰੂਪ

ਵਿੱਚ ਹੀ, ਉਨ੍ਹਾਂ ਉੱਚ ਸੰਸਥਾਵਾਂ ਨੂੰ ਸ਼ੀਸ਼ਾ ਦਿਖਾਉਣਾ ਚਾਹੁੰਦਾ ਹੋਵਾਂ, ਜਿਨ੍ਹਾਂ ਨੇ ਉਸ ਨੂੰ ਉਨ੍ਹਾਂ ਪੁਰਸਕਾਰਾਂ ਤੋਂ ਵਿਰਵੇ ਰੱਖਿਆ ਸੀ, ਜਿਨ੍ਹਾਂ ਦਾ ਉਹ ਸਭ ਤੋਂ ਵਧੇਰੇ ਹੱਕਦਾਰ ਸੀ।...

ਆਪਣੇ ਇਸ ਹੱਕ ਨੂੰ ਹੀ, ਪੈਰ ਪੈਰ 'ਤੇ ਹਕੀਕਤ ਵਿਚ ਬਦਲਦੀ ਦਿਸਦੀ ਹੈ ਉਸ ਦੀ ਕਵਿਤਾ। ਇਹ ਸਿਰਫ਼ ਹਰਭਜਨ ਸਿੰਘ ਹੁੰਦਲ ਹੀ ਆਖ ਸਕਦਾ ਸੀ :–

ਮੇਰੇ ਤੋਂ ਅਗਲੀ ਪੀੜ੍ਹੀ
ਮੇਰੇ ਤੋਂ ਬਿਹਤਰ ਕਵਿਤਾ ਲਿਖੇਗੀ
ਲੋਕ ਗੀਤਾਂ ਦੇ ਮੁੱਖ ਵਰਗੀ
ਸੁਰਖ ਗੁਲਾਬ ਦੇ ਰੰਗ ਵਰਗੀ
ਤਪੇ ਹੋਏ ਲੋਹੇ ਦੇ ਰੋਹ ਵਰਗੀ...

... ... ... ... ... ... ... ...

ਪੰਜਾਬੀ ਕਵਿਤਾ ਨੂੰ ਹਰਭਜਨ ਸਿੰਘ ਹੁੰਦਲ ਦੀਆਂ ਭਾਵਨਾਵਾਂ ਵਰਗੀ ਕਵਿਤਾ ਦੀ ਉਡੀਕ ਰਹੇਗੀ... ...

●●

# ਸੋਹਣ ਸਿੰਘ ਮੀਸ਼ਾ



( 30 ਅਗਸਤ, 1934 — 22 ਸਤੰਬਰ, 1986 )

# ਧੀਮੇ ਬੋਲਾਂ ਦਾ ਬੁਲੰਦ ਕਵੀ

ਸੋਹਣ ਸਿੰਘ ਮੀਸ਼ਾ ਮੇਰਾ ਆਦਰਸ਼ ਸੀ। ਕਿੱਤੇ ਵਿੱਚ ਵੀ। ਕਵਿਤਾ ਵਿੱਚ ਵੀ। ਮੈਨੂੰ ਅਕਸਰ ਲਗਦਾ ਹੈ ਕਿ ਧੀਮੇ-ਧੀਮੇ ਬੋਲਾਂ ਨਾਲ ਸੁਹਜਮਈ ਆਭਾ ਜਗਾਉਣ ਦਾ ਅੰਦਾਜ਼ ਮੈਂ ਉਸੇ ਤੋਂ ਸਿੱਖਿਆ ਹੈ। ਮੈਂ ਕਦੇ ਲਿਖਿਆ ਸੀ :-

ਮੇਰੇ ਕੰਨ ਵਿੱਚ
ਧੀਮਾ ਧੀਮਾ ਬੋਲੇ ਮੀਸ਼ਾ
... ... ... ...
ਮੇਰੇ ਅੰਦਰ
ਲੱਖ ਕਰੋੜਾਂ ਸ਼ਬਦ ਸਹਿਕਦੇ
ਨਵੇਂ ਨਵੇਲੇ ਸੰਚਯ ਭਾਲਣ
ਨਵੀਆਂ ਢੂੰਡਣ ਸ਼ਿਲਪਾਂ ...

(ਸਾਹਾਂ ਦੀ ਸਰਗਰਮ)

ਮੀਸ਼ਾ ਦੀ ਕਵਿਤਾ ਅਤੇ ਮੀਸ਼ਾ ਦਾ ਵਿਅਕਤੀਤਵ ਲੀਕ ਤੋਂ ਹਟ ਕੇ ਸੀ। ਵਿਲੱਖਣ ਸੀ। ਆਮ ਜ਼ਿੰਦਗੀ ਦੀਆਂ ਅਤਿ ਸਧਾਰਨ ਗੱਲਾਂ ਨੂੰ ਕਵਿਤਾ ਵਿੱਚ ਢਾਲਣਾ ਉਸ ਨੂੰ ਆਉਂਦਾ ਸੀ। ਪ੍ਰਾਹੁਣੀ, ਚੀਕ ਬੁਲਬਲੀ, ਦੁਸ਼ਮਣੀ ਦੀ ਦਾਸਤਾਨ, ਲੀਕ, ਵਿੱਥ ਅਤੇ ਮੋਮਜਾਮਾ ਵਰਗੀਆਂ ਉਸ ਦੀਆਂ ਕਵਿਤਾਵਾਂ, ਪੰਜਾਬੀ ਕਵਿਤਾ ਦਾ ਉਹ ਹਾਸਿਲ ਹਨ, ਜਿਨ੍ਹਾਂ ਉੱਤੇ ਜਿੰਨਾ ਵੀ ਮਾਣ ਕੀਤਾ ਜਾਵੇ, ਥੋੜ੍ਹਾ ਹੈ। ਉਹ ਮਾਨਵੀ ਭਾਵਨਾਵਾਂ ਅਤੇ ਵਿਅਕਤੀ ਕੇਂਦਰਿਤ ਸਰੋਕਾਰਾਂ ਨੂੰ ਖ਼ੂਬਸੂਰਤ ਸ਼ਬਦ ਪ੍ਰਦਾਨ ਕਰ ਸਕਦਾ ਸੀ। ਸਵੈ-ਸੰਬੋਧਨੀ ਅੰਦਾਜ਼ ਨਾਲ ਸੂਖ਼ਮ ਤੋਂ ਸੂਖ਼ਮ ਵਿਚਾਰਾਂ ਨੂੰ ਕਵਿਤਾ ਰਾਹੀਂ ਸਹਿਜ ਸੰਚਾਰ ਤੱਕ ਲੈ ਜਾਣਾ, ਉਸ ਦਾ ਮੀਰੀ ਗੁਣ ਸੀ। ... ...ਉਹ ਮੱਧ-ਸ਼੍ਰੇਣੀ ਦੀ ਆਧੁਨਿਕ ਮਾਨਸਿਕਤਾ ਨੂੰ ਸਵੈ-ਕਟਾਖ਼ਸ਼ ਅਤੇ ਇਕਬਾਲੀਆ ਬਿਆਨ ਰਾਹੀਂ ਬਹੁਤ ਖ਼ੂਬਸੂਰਤੀ ਨਾਲ ਕਵਿਤਾ ਵਿੱਚ ਉਸਾਰ ਲੈਂਦਾ ਸੀ। ਉਸ ਦੀਆਂ ਗ਼ਜ਼ਲਾਂ ਵੀ ਉਸ ਦੇ ਅਜਿਹੇ ਅੰਦਾਜ਼ ਦੀਆਂ ਖ਼ੂਬਸੂਰਤ ਮਿਸਾਲਾਂ ਹਨ- 'ਝਿਜਕਦਾ ਮੈਂ ਵੀ ਰਿਹਾ', ਆਪਣਾ ਕਮਰਾ ਝਾੜਨ ਲਗਦਾਂ,

ਉਹ ਜਦੋਂ ਮੇਰੇ ਨਾਲ ਹੁੰਦਾ ਹੈ, ਵੇਖ ਲਿਆ ਮੈਂ ਜੁਗਨੂੰ ਫੜ ਕੇ, ਆਪਣੇ ਦਿਲ 'ਤੇ ਨਹੀਂ ਇਤਬਾਰ ਮੈਨੂੰ ... ...ਆਦਿ ਗ਼ਜ਼ਲਾਂ ਪੰਜਾਬੀ ਗ਼ਜ਼ਲ ਦਾ ਮਾਣ ਹਨ। ਪੰਜਾਬੀ ਕਵਿਤਾ ਵਿੱਚ ਅਜਿਹੇ ਨਿਵੇਕਲੇ ਅੰਦਾਜ਼ ਵਾਲੇ ਕਵੀ ਡਾਕਟਰ ਹਰਿਭਜਨ ਸਿੰਘ, ਤਾਰਾ ਸਿੰਘ, ਜਸਵੰਤ ਸਿੰਘ ਨੇਕੀ, ਅੰਮ੍ਰਿਤਾ ਪ੍ਰੀਤਮ ਅਤੇ ਸ਼ਿਵ ਕੁਮਾਰ ਹਨ, ਜੋ ਪੰਜਾਬੀ ਕਵਿਤਾ ਦੀ ਮੁੱਖ ਧਾਰਾ ਵਿੱਚ ਵਿਚਰਦੇ ਹੋਏ ਵੀ, ਮੁੱਖ ਸਮਕਾਲੀ ਵਿਚਾਰਧਾਰਾ ਅਤੇ ਪ੍ਰਮੁੱਖ ਸਮਕਾਲੀ ਕਾਵਿ-ਸ਼ੈਲੀ ਤੋਂ ਇਕ ਵਿੱਥ ਸਥਾਪਿਤ ਕਰਦੇ ਦਿੱਸਦੇ ਹਨ। ਪੰਜਾਬੀ ਕਵਿਤਾ ਨੇ ਅਜੇ ਇਹ ਵਿਸ਼ਲੇਸ਼ਣ ਕਰਨਾ ਹੈ ਕਿ ਕਵਿਤਾ ਦੇ ਅਜਿਹੇ ਅੰਦਾਜ਼ ਦਾ ਮਹੱਤਵ ਵੱਡਾ ਕਿਵੇਂ ਹੋ ਜਾਂਦਾ ਹੈ? ਮੀਸ਼ਾ ਦੀ ਕਵਿਤਾ ਬਾਰੇ ਕਦੇ ਕਰਤਾਰ ਸਿੰਘ ਦੁੱਗਲ ਨੇ ਲਿਖਿਆ ਸੀ—

"ਤੇਰੀ ਕਵਿਤਾ ਪੜ੍ਹ ਕੇ ਮੈਨੂੰ ਹਮੇਸ਼ਾ ਲੱਗਿਆ ਹੈ ਜਿਵੇਂ ਨਵੀਂ ਪੰਜਾਬੀ ਕਵਿਤਾ ਦੀ ਸਾਰੀ ਦੀ ਸਾਰੀ ਪਰੰਪਰਾ ਤੇਰੀ ਕਲਮ ਵਿੱਚ ਬਿਆਨ ਲੈ ਰਹੀ ਹੋਵੇ... ਜਿਹੜੀ ਚੀਜ਼ ਮੈਨੂੰ ਤੇਰੀ ਕਵਿਤਾ ਵਿੱਚ ਸਭ ਤੋਂ ਵਧੇਰੇ ਪ੍ਰਭਾਵਿਤ ਕਰਦੀ ਹੈ, ਉਹ ਤੇਰੀ ਇਮਾਨਦਾਰੀ ਹੈ... ... ਅਕਸਰ ਸਾਡੇ ਕਵੀ ਕਲਮ ਚੁੱਕਣ ਲੱਗੇ, ਚਿਹਰੇ 'ਤੇ ਮਖੌਟਾ ਚੜ੍ਹਾ ਲੈਂਦੇ ਹਨ। ਮੂੰਹ ਪੱਕਾ ਬਣਾ ਲੈਂਦੇ ਹਨ। ਉਨ੍ਹਾਂ ਦਾ ਲਹਿਜਾ ਹੋਰ ਦਾ ਹੋਰ ਹੋ ਜਾਂਦਾ ਹੈ। ਤੇਰੀ ਕਵਿਤਾ ਜ਼ਿੰਦਗੀ ਦੀਆਂ ਸੁਆਦਲੀਆਂ-ਬੇਸੁਆਦਲੀਆਂ ਨੂੰ ਉਂਜ ਦਾ ਉਂਜ ਪੇਸ਼ ਕਰਦੀ ਹੈ। ਇਸ ਕਵਿਤਾ ਵਿੱਚ ਸਾਹਵਾਂ ਦੀ ਧੜਕਣ ਹੈ। ...ਰੰਗਾਂ ਦੇ ਕੋਰੇਪਨ ਦੀ ਭਾਹ ਹੈ।"

ਮੀਸ਼ਾ ਦੇ ਪੰਜ ਕਾਵਿ ਸੰਗ੍ਰਹਿ ਹਨ। ਸੰਨ 1961 ਵਿੱਚ 'ਚੌਰਸਤਾ', 1966 ਵਿੱਚ 'ਦਸਤਕ', 1972 ਵਿੱਚ 'ਧੀਮੇ ਬੋਲ' ਅਤੇ 1974 ਵਿੱਚ 'ਕੱਚ ਦੇ ਵਸਤਰ' ਦੀ ਪ੍ਰਕਾਸ਼ਨਾ ਹੋਈ। ਇਸੇ ਕਿਤਾਬ ਨੂੰ 1977 ਵਿੱਚ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ। ਇਹ ਪੁਰਸਕਾਰ ਮਿਲਣ ਉੱਤੇ ਡਾਕਟਰ ਬਰਜਿੰਦਰ ਸਿੰਘ ਹਮਦਰਦ ਵਲੋਂ ਉਸ ਨਾਲ ਅਖ਼ਬਾਰ ਲਈ ਕੀਤੀ ਗਈ ਇਕ ਮੁਲਾਕਾਤ ਵਿੱਚ ਮੀਸ਼ਾ ਨੇ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ ਸੀ—

"ਤੁਸੀਂ ਜਾਣਦੇ ਹੋ ਕਿ ਮੈਂ ਬਹੁਤ ਘੱਟ ਲਿਖਣ ਵਾਲਾ ਸ਼ਾਇਰ ਹਾਂ। ਸਹੀ ਗੱਲ ਤਾਂ ਇਹ ਹੈ ਕਿ ਮੈਂ ਆਪਣੇ ਲਿਖਣ ਦੇ ਕੰਮ ਨੂੰ ਅਜੇ ਤੱਕ ਸੰਜੀਦਗੀ ਨਾਲ ਅਪਨਾਇਆ ਹੀ ਨਹੀਂ। ਇਸ ਹਾਲਤ ਵਿੱਚ ਇਸ ਪੁਰਸਕਾਰ ਨਾਲ ਖ਼ੁਸ਼ੀ ਤਾਂ ਹੋਣੀ ਹੀ ਸੀ ਪਰ ਨਾਲ ਹੀ ਸ਼ਰਮਿੰਦਗੀ ਜਹੀ ਦਾ ਅਹਿਸਾਸ ਵੀ ਹੋਇਆ ਹੈ। ਇਸ ਨਾਲ ਮੇਰੀ ਜ਼ਿੰਮੇਵਾਰੀ ਵਧ ਗਈ

ਹੈ।" ਇਥੇ ਮੈਨੂੰ ਆਪਣੀ ਹੀ ਨਜ਼ਮ ਯਾਦ ਆ ਰਹੀ ਹੈ—

ਮੈਂ ਕੋਈ ਆਰੰਭ ਕਰਨਾ ਹੈ ਅਜੇ
ਹੌਂਸਲੇ ਵਾਲਾ
ਬਹੁਤ ਬਲਵਾਨ ਹਾਂ ਯੋਧਾ ਬੜਾ
ਪਰ ਅਜੇ ਤੱਕ
ਆਪਣੇ ਹੀ ਪਾਰ ਦੀ ਸਰਦਲ 'ਤੇ ਖੜ੍ਹਾ
ਮੈਂ ਤਾਂ ਪਹਿਲਾ ਕਦਮ ਧਰਨਾ ਹੈ ਅਜੇ
ਮੈਂ ਕੋਈ ਆਰੰਭ ਕਰਨਾ ਹੈ ਅਜੇ...

ਪਰ ਇਹ ਸੱਚ ਹੈ ਕਿ ਇਸ ਤੋਂ ਬਾਅਦ ਮੀਸ਼ਾ ਦੀਆਂ ਕਵਿਤਾਵਾਂ ਦੀ ਕੋਈ ਕਿਤਾਬ ਨਾ ਛਪੀ। ਮੀਸ਼ਾ ਦੀ ਮੌਤ ਤੋਂ 27 ਸਾਲਾਂ ਬਾਅਦ ਉਸ ਦੀ ਚੋਣਵੀਂ ਕਵਿਤਾ ਦਾ ਸੰਗ੍ਰਹਿ 'ਚਪਲ ਚੇਤਨਾ' ਉਸ ਦੀ ਪਤਨੀ ਸੁਰਿੰਦਰ ਕੌਰ ਅਤੇ ਗੁਲਜ਼ਾਰ ਸਿੰਘ ਸੰਧੂ ਦੇ ਯਤਨਾਂ ਨਾਲ ਛਪਿਆ। ਇਸ ਵਿੱਚ ਉਸ ਦੀਆਂ ਛੇ ਅਣਛਪੀਆਂ ਕਵਿਤਾਵਾਂ ਵੀ ਸ਼ਾਮਿਲ ਹਨ। ਪਰ ਇਨ੍ਹਾਂ ਕਵਿਤਾਵਾਂ ਦਾ ਤੇਜ ਵੀ ਉਹ ਨਹੀਂ ਹੈ, ਜਿਸ ਲਈ ਮੀਸ਼ਾ ਜਾਣਿਆ ਜਾਂਦਾ ਸੀ।

ਮਾਤਾ ਗੁਣਵੰਤ ਕੌਰ ਅਤੇ ਪਿਤਾ ਇੰਦਰ ਸਿੰਘ ਦੇ ਘਰ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਭੇਟ ਵਿੱਚ 30 ਅਗਸਤ, 1934 ਨੂੰ ਜਨਮੇਂ ਸੋਹਣ ਸਿੰਘ ਮੀਸ਼ਾ ਨੇ ਮੁਢਲੀ ਪੜ੍ਹਾਈ ਪਿੰਡ ਦੇ ਸਕੂਲ ਵਿਚੋਂ ਪ੍ਰਾਪਤ ਕਰਕੇ ਐਫ.ਏ. ਰਣਧੀਰ ਕਾਲਜ ਕਪੂਰਥਲਾ ਤੋਂ ਅਤੇ ਐਮ.ਏ. ਅੰਗਰੇਜ਼ੀ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਕੀਤੀ। ਇਸ ਉਪਰੰਤ ਉਹ ਸਰਕਾਰੀ ਕਾਲਜ ਸਠਿਆਲਾ ਵਿੱਚ ਕੁਝ ਸਮਾਂ ਲੈਕਚਰਾਰ ਰਹਿਣ ਉਪਰੰਤ ਅਕਾਸ਼ਵਾਣੀ ਜਲੰਧਰ ਦਾ ਪ੍ਰੋਗਰਾਮ ਪ੍ਰੋਡਿਊਸਰ ਬਣ ਗਿਆ। ਜਲੰਧਰ ਰੇਡੀਓ ਉਸ ਦੇ ਨਾਂਅ ਨਾਲ ਜਾਣਿਆ ਜਾਣ ਲੱਗਾ। ਸਾਹਿਤਕ ਪ੍ਰੋਗਰਾਮਾਂ ਦੀ ਮੁਢਲੀ ਪਿਰਤ ਸੋਹਣ ਸਿੰਘ ਮੀਸ਼ਾ ਨੇ ਹੀ ਪਾਈ ਸੀ। ਸਿਰਜਣਾ, ਦੇਸ ਪੰਜਾਬ ਅਤੇ 'ਅਖ਼ਬਾਰਾਂ ਦੀ ਰਾਏ' ਵਰਗੇ ਪ੍ਰੋਗਰਾਮਾਂ ਦੀ ਰੂਪਰੇਖਾ ਮੀਸ਼ਾ ਦੀ ਹੀ ਦੇਣ ਸੀ। ਸਾਹਿਤਕ ਪ੍ਰੋਗਰਾਮ 'ਸਿਰਜਣਾ 'ਜੇਕਰ ਲਗਭਗ ਅੱਧੀ ਸਦੀ ਬੀਤ ਜਾਣ ਤੱਕ ਵੀ ਬਾਖ਼ੂਬੀ ਚਲ ਰਿਹਾ ਹੈ, ਤਾਂ ਇਹ ਸੋਹਣ ਸਿੰਘ ਮੀਸ਼ਾ ਦੀ ਸਿਰਜਣਾਤਮਿਕ ਦੂਰਅੰਦੇਸ਼ੀ ਦਾ ਹੀ ਸਬੂਤ ਹੈ। ... ...

ਅਕਾਸ਼ਵਾਣੀ ਦੇ ਵਿਹੜੇ ਵਿੱਚ ਕਵੀ ਦਰਬਾਰ ਕਰਵਾ ਕੇ ਉਹ ਪੰਜਾਬ ਭਰ ਦੇ ਕਵੀਆਂ ਅਤੇ ਕਵਿਤਾ ਪ੍ਰੇਮੀਆਂ ਨੂੰ ਹਰ ਸਾਲ ਇਕੱਠੇ ਹੋਣ ਅਤੇ ਕਵਿਤਾ ਦਾ ਅਨੰਦ ਮਾਨਣ ਦਾ ਮੌਕਾ ਦਿੰਦਾ। ਇਸ ਕਵੀ ਦਰਬਾਰ ਵਿੱਚ ਸ਼ਾਮਿਲ ਹੋਣਾ, ਹਰ ਕਵੀ ਆਪਣਾ ਸੁਭਾਗ ਸਮਝਦਾ ਸੀ। ਕਾਲਜ ਦੀ ਪੜ੍ਹਾਈ ਸਮੇਂ ਅਤੇ ਅਖ਼ਬਾਰ ਦੀ ਨੌਕਰੀ ਸਮੇਂ ਮੈਂ ਕਈ ਵਾਰ ਇਸ ਕਵੀ ਦਰਬਾਰ ਵਿੱਚ ਸਰੋਤੇ ਵਜੋਂ ਸ਼ਾਮਿਲ ਹੋਇਆ ਸਾਂ। ਡਾਕਟਰ ਹਰਿਭਜਨ ਸਿੰਘ, ਸਾਧੂ ਸਿੰਘ ਹਮਦਰਦ, ਅਮਿਤੋਜ ਅਤੇ ਸੁਰਜੀਤ ਪਾਤਰ ਨੂੰ ਮੈਂ ਪਹਿਲੀ ਵਾਰ ਇਨ੍ਹਾਂ ਕਵੀ ਦਰਬਾਰਾਂ ਵਿੱਚ ਹੀ ਸੁਣਿਆ ਸੀ। ਖ਼ੁਦ ਮੀਸ਼ਾ ਨੂੰ ਕਵੀ ਦਰਬਾਰ ਦਾ ਸੰਚਾਲਨ ਕਰਦਿਆਂ ਵੀ ਮੈਂ ਪਹਿਲੀ ਵਾਰ ਇਥੇ ਹੀ ਦੇਖਿਆ।

ਫੇਰ ਅਖ਼ਬਾਰ ਵਿੱਚ ਨੌਕਰੀ ਸਮੇਂ ਮੈਂ ਅਕਾਸ਼ਵਾਣੀ ਦਾ ਨਿਯਮਤ ਸੰਚਾਲਕ ਅਤੇ ਪ੍ਰਤੀਭਾਗੀ ਬਣ ਗਿਆ। ਮੇਰੀ ਸ਼ੁਰੂਆਤ ਤਾਂ ਮੇਰੇ ਜਮਾਤੀ ਅਤੇ ਗਰਾਈਂ ਪੰਡਿਤ ਰਾਕੇਸ਼ ਦੀ ਮਿਹਰਬਾਨੀ ਨਾਲ ਹੀ ਹੋਈ ਸੀ। ਉਹ ਦਸਵੀਂ ਪਾਸ ਕਰਦੇ ਸਾਰ ਹੀ ਅਕਾਸ਼ਬਾਣੀ ਦੇ ਪ੍ਰਬੰਧਕੀ ਸਟਾਫ਼ ਵਿੱਚ ਨਿਯੁਕਤ ਹੋ ਗਿਆ ਸੀ ਅਤੇ ਉਸ ਨੇ ਮੀਸ਼ਾ ਨਾਲ ਮੈਨੂੰ ਪਹਿਲੀ ਵਾਰ ਮਿਲਾਇਆ ਸੀ। ਮੀਸ਼ਾ ਨੇ ਮੈਨੂੰ ਹੋਰ ਪ੍ਰੋਡਿਊਸਰਾਂ ਨਾਲ ਮਿਲਾ ਦਿੱਤਾ ਤੇ ਕਈ ਸਾਰੇ ਪ੍ਰੋਗਰਾਮਾਂ ਵਿੱਚ ਮੇਰੀ ਸ਼ਮੂਲੀਅਤ ਆਮ ਕਰਵਾ ਦਿੱਤੀ। ...1976 ਤੋਂ 1985 ਤੱਕ ਦੇ ਸਾਲਾਂ ਵਿੱਚ ਮੈਂ ਮੀਸ਼ਾ ਦੇ ਨਿਰਮਾਣ ਅਤੇ ਨਿਰਦੇਸ਼ਨ ਅਧੀਨ ਬੇਸ਼ੁਮਾਰ ਰੇਡੀਓ ਪ੍ਰੋਗਰਾਮ ਕੀਤੇ। ਇਨ੍ਹਾਂ ਵਿੱਚੋਂ ਪ੍ਰਮੁੱਖ ਪ੍ਰੋਗਰਾਮ 'ਯੁਵ-ਵਾਣੀ', 'ਸਿਰਜਣਾ', 'ਮਿੱਟੀ ਦੀ ਮਹਿਕ', 'ਦੇਸ ਪੰਜਾਬ' ਅਤੇ 'ਅਖ਼ਬਾਰਾਂ ਦੀ ਰਾਏ' ਸਨ। ''ਅਖ਼ਬਾਰਾਂ ਦੀ ਰਾਏ'' ਰੋਜ਼ ਸਵੇਰ ਨੂੰ ਲਾਈਵ ਪ੍ਰਸਾਰਿਤ ਹੁੰਦਾ ਸੀ। ਜਿਸ ਵਿੱਚ ਅਖ਼ਬਾਰਾਂ ਦੇ ਸੰਪਾਦਕੀਆਂ ਉੱਤੇ ਤਬਸਰਾ ਹੁੰਦਾ। ਹਫ਼ਤੇ ਵਿੱਚ ਇਕ ਵਾਰੀ ਇਹ ਪ੍ਰੋਗਰਾਮ ਕਰਨ ਦਾ ਮੌਕਾ ਮੈਨੂੰ ਮਿਲਦਾ ... ...ਮੀਸ਼ਾ ਜੀ ਭਾਵੇਂ ਰੋਜ਼ ਰੋਜ਼ ਇਸ ਪ੍ਰੋਗਰਾਮ ਲਈ ਆਪ ਨਹੀਂ ਸਨ ਆਉਂਦੇ, ਪਰ ਉਨ੍ਹਾਂ ਦੇ ਅਸਿਸਟੈਂਟ ਚੈਨ ਸਿੰਘ ਜਾਂ ਅਮਰ ਸਿੰਘ ਅਕਸਰ ਹਾਜ਼ਰ ਰਹਿੰਦੇ। ਕਦੇ ਕਦੇ ਇਸ ਪ੍ਰੋਗਰਾਮ ਦੀ ਜ਼ਿੰਮੇਵਾਰੀ ਸੁਖਜਿੰਦਰ ਚੂੜਾਮਣੀ ਦੀ ਵੀ ਹੁੰਦੀ ਅਤੇ ਕਦੇ ਸੁਰਿੰਦਰ ਮਹਿੰਦੀਰੱਤਾ ਦੀ। ... ਪਰ ਜਦੋਂ 'ਅਖ਼ਬਾਰਾਂ ਦੀ ਰਾਏ' ਕੋਈ ਝੋਲ ਖਾਂਦੀ ਦਿਸਦੀ ਤਾਂ ਮੀਸ਼ਾ ਜੀ ਆਪ ਹਾਜ਼ਰ ਹੋ ਜਾਂਦੇ। ਅਜਿਹੀ ਸਥਿਤੀ ਨਾਲ ਮੇਰਾ ਸਭ ਤੋਂ ਯਾਦਗਾਰੀ ਸਾਹਮਣਾ ਉਦੋਂ ਹੋਇਆ, ਜਦੋਂ ਸਾਕਾ ਨੀਲਾ ਤਾਰਾ ਤੋਂ ਬਾਅਦ ਪਹਿਲੇ ਦਿਨ ਅਖ਼ਬਾਰਾਂ

ਛਪੀਆਂ। ਮੈਂ ਇਸ ਪ੍ਰੋਗਰਾਮ ਲਈ ਹਾਜ਼ਰ ਹੋਇਆ। ਮੀਸ਼ਾ ਜੀ ਸਕਰਿਪਟ ਸੁਣਨ ਲਈ ਆਪ ਹਾਜ਼ਰ ਸਨ। ਮੈਂ ਸਾਰੀ ਸਕਰਿਪਟ ਸੁਣਾਈ। ਉਹ ਅੱਖਾਂ ਬੰਦ ਕਰਕੇ ਕੁਝ ਦੇਰ ਬੈਠੇ ਰਹੇ। ਕੁਝ ਸੋਚਦੇ ਰਹੇ...ਫੇਰ ਕਹਿਣ ਲੱਗੇ ... .ਜਿਥੇ ਜਿਥੇ ਖਾੜਕੂ ਆਗੂਆਂ ਦੇ ਨਾਮ ਆਉਂਦੇ ਹਨ ... "ਉਹ ਹਿੱਸੇ ਆਪਾਂ ਕੱਟ ਦਿੰਦੇ ਹਾਂ" ਹਾਲਾਂਕਿ ਸੰਪਾਦਕੀਆਂ ਵਿੱਚ ਸਿਰਫ਼ ਨਾਂ ਹੀ ਲਿਖੇ ਗਏ ਸਨ। ਉਨ੍ਹਾਂ ਦੇ ਕਾਰਜਾਂ ਨੂੰ ਕਿਸੇ ਵੀ ਤਰ੍ਹਾਂ ਸਰਾਹਿਆ ਨਹੀਂ ਗਿਆ ਸੀ ... ਕਿਉਂਕਿ ਅਖ਼ਬਾਰਾਂ ਸੈਂਸਰ ਦੀ ਕੈਂਚੀ ਵਿਚੀਂ ਗੁਜ਼ਰ ਕੇ ਹੀ ਛਪੀਆਂ ਸਨ ... ਫੇਰ ਵੀ ਉਹ ਕਿਸੇ ਕਿਸਮ ਦਾ ਜ਼ੋਖ਼ਮ ਉਠਾਉਣ ਲਈ ਤਿਆਰ ਨਹੀਂ ਸੀ।

ਮੈਂ ਕਿਹਾਂ "ਜੇ ਇਹ ਸਾਰਾ ਕੁੱਝ ਕੱਟ ਦਿਆਂਗੇ ਤਾਂ ਫੇਰ ਬੋਲਾਂਗੇ ਕੀ ਸਰ। ਅਖ਼ਬਾਰਾਂ ਦੇ ਸਾਰੇ ਸੰਪਾਦਕੀ ਤਾਂ ਇਸੇ ਤਰ੍ਹਾਂ ਦੇ ਹਨ।" ...ਕਹਿਣ ਲੱਗੇ ... ਤੂੰ ਸਿਆਣਾ ਏਂ ... ਮੇਰੀ ਗੱਲ ਸਮਝ ... ਮੈਂ ਚੁੱਪ ਹੋ ਗਿਆ ... ਮੈਂ ਦੁਬਾਰਾ ਅਖ਼ਬਾਰਾਂ ਚੁੱਕੀਆਂ ਤਾਂ ਉਹ ਸੰਪਾਦਕੀ ਅੰਡਰ ਲਾਈਨ ਕਰਨੇ ਸ਼ੁਰੂ ਕਰ ਦਿੱਤੇ, ਜੋ ਅਜੇਹੇ ਜ਼ੋਖ਼ਮ ਤੋਂ ਰਹਿਤ ਸਨ। ... ਬਿਨਾਂ ਕੁਝ ਵੀ ਕਿਹਾਂ ਇਹ ਪ੍ਰੋਗਰਾਮ ਨੇਪਰੇ ਚੜ੍ਹ ਗਿਆ ਸੀ ... ਮੈਂ ਵਾਪਸ ਉਨ੍ਹਾਂ ਦੇ ਕਮਰੇ ਵਿੱਚ ਆਇਆ ਤਾਂ ਉਨ੍ਹਾਂ ਨੇ ਇੰਦਰਾ ਗਾਂਧੀ ਨੂੰ ਬੇਸ਼ੁਮਾਰ ਬੁਰਾ-ਭਲਾ ਕਿਹਾ ...

ਨੀਲਾ ਤਾਰਾ ਅਪਰੇਸ਼ਨ ਦੀ ਸਮੁੱਚੀ ਸਰਕਾਰੀ ਕਾਰਗੁਜ਼ਾਰੀ ਤੋਂ ਉਹ ਬੇਹੱਦ ਪ੍ਰੇਸ਼ਾਨ ਸੀ।ਉਸ ਦੀ ਸਾਰੀ ਗੱਲਬਾਤ ਦਾ ਭਾਵ ਇਹੀ ਸੀ:-

"ਪੱਤੀ ਪੱਤੀ ਵਲੂੰਧਰੀ ਗਈ ਉਸ ਦੀ,
ਸ਼ਰਫ਼ ਕਰਦਾ ਸੀ ਜਿਹੜੇ ਗ਼ੁਲਾਬ ਦੀ ਗੱਲ" ...

ਅਗਲੇ ਹੀ ਸਾਲ ਜਦੋਂ ਮੈਂ ਦੂਰਦਰਸ਼ਨ ਦੀ ਨੌਕਰੀ ਵਿੱਚ ਆ ਗਿਆ ਤਾਂ ਮੈਨੂੰ ਸਮਝ ਆਉਣੀ ਸ਼ੁਰੂ ਹੋਈ ਕਿ ਸਰਕਾਰੀ ਤੰਤਰ ਨੂੰ ਚਲਾਉਣ ਲਈ ਆਪਣੇ ਨਿੱਜੀ ਵਿਚਾਰਾਂ ਦੀ ਪੀੜਾ ਕਿਵੇਂ ਝੱਲਣੀ ਪੈਂਦੀ ਹੈ? ਸਾਹਿਤਕਾਰਾਂ ਦੀਆਂ ਨਾਰਾਜ਼ਗੀਆਂ ਮੁੱਲ ਲੈ ਕੇ ਚੰਗਾ ਪ੍ਰੋਗਰਾਮ ਕਰਨ ਦੀ ਜ਼ਿੰਮੇਵਾਰੀ ਨਿਭਾਉਣਾ ਕਿੰਨਾ ਦਿਲ-ਗੁਰਦੇ ਦਾ ਕੰਮ ਹੁੰਦਾ ਹੈ?

ਮੀਸ਼ਾ ਨੇ ਇਹ ਸਭ ਕੁਝ ਆਪਣੇ ਪਿੰਡੇ ਉੱਤੇ ਹੰਢਾਇਆ ਸੀ।

ਇਕ ਸਮਾਂ ਸੀ, ਜਦੋਂ ਸ਼ਿਵ ਕੁਮਾਰ ਅਤੇ ਡਾਕਟਰ ਜਗਤਾਰ ਵਰਗੇ ਕਵੀਆਂ

ਨਾਲ ਵੀ ਮੀਸ਼ਾ ਦੀ ਦੁਸ਼ਮਣੀ ਪਈ ਰਹੀ ਸੀ। ...ਮੈਂ ਉਸ ਦਿਨ ਮੀਸ਼ਾ ਨੂੰ ਬਹੁਤ ਨੇੜਿਓਂ ਤੱਕਿਆ ਜਦੋਂ ਸਵੀਡਨ ਵਸਦਾ ਪਾਕਿਸਤਾਨੀ ਸਾਹਿਤਕਾਰ ਆਸਫ਼ ਸ਼ਾਹਕਾਰ ਭਾਰਤ ਦੇ ਦੌਰੇ ਉੱਤੇ ਆਇਆ ਹੋਇਆ ਸੀ, ਮੀਸ਼ਾ ਉਨ੍ਹੀਂ ਦਿਨੀਂ ਆਦਰਸ਼ ਨਗਰ ਦੇ ਫੁੱਟਬਾਲ ਚੌਕ ਲਾਗੇ 90 ਨੰਬਰ ਮਕਾਨ ਵਿਚ ਰਹਿੰਦਾ ਹੁੰਦਾ ਸੀ। ਆਸਿਫ਼ ਸ਼ਾਹਕਾਰ ਮੀਸ਼ਾ ਕੋਲ ਠਹਿਰਿਆ ਹੋਇਆ ਸੀ ।ਇਕ ਦਿਨ ਮੀਸ਼ਾ ਨੇ ਸ਼ਾਮ ਦੀ ਮਹਿਫਲ ਲਈ ਸੁਰਜਨ ਜ਼ੀਰਵੀ ਨੂੰ ਵੀ ਬੁਲਾ ਲਿਆ। ਜ਼ੀਰਵੀ ਸਾਹਿਬ ਅੱਗੋਂ ਮੈਨੂੰ ਵੀ ਆਪਣੇ ਨਾਲ ਲੈ ਗਏ। ਤਿੰਨੋਂ ਦੇਰ ਰਾਤ ਤੱਕ ਦਾਰੂ ਪੀਂਦੇ ਰਹੇ। ਘੰਟਿਆਂ ਬੱਧੀ ਸਾਹਿਤਕਾਰਾਂ ਦੀ ਉਹ ਪੁਣ-ਛਾਣ ਹੋਈ ਕਿ ਰਹੇ ਰੱਬ ਦਾ ਨਾਂਅ। ... ਪਰ ਆਸਿਫ਼ ਸ਼ਾਹਕਾਰ ਦੇ ਪੰਜਾਬੀਅਤ ਬਾਰੇ ਵਿਚਾਰ ਸੁਣ ਕੇ ਅਤੇ ਮੀਸ਼ਾ ਵਲੋਂ ਉਸ ਨਾਲ ਕੀਤੀ ਜਾ ਰਹੀ ਵਾਰਤਾਲਾਪ ਨੂੰ ਮਾਣ ਕੇ ਮੈਂ ਬਹੁਤ ਸਰਸ਼ਾਰ ਹੋਇਆ। ਇਸ ਰਾਤ ਤੋਂ ਪਹਿਲਾਂ ਮੀਸ਼ਾ ਮੈਨੂੰ ਸ਼ਰਾਰਤੀ ਅੰਦਾਜ਼ ਵਾਲੀ ਸੱਚੀਂ ਮੁੱਚੀਂ ਦੀ ਮੀਸਣੀ ਮੁਸਕਾਨ ਵਾਲਾ ਸਰਕਾਰੀ ਅਧਿਕਾਰੀ ਹੀ ਦਿਸਦਾ ਸੀ, ਜਿਸ ਤਰ੍ਹਾਂ ਉਸ ਦੀ ਆਮ ਤੌਰ ਉੱਤੇ ਮਸ਼ਹੂਰੀ ਵੀ ਸੀ। ਪਰ ਉਹ ਚਿਹਰੇ ਦੀ ਮੀਸਣੀ ਮੁਸਕਾਨ ਨਾਲੋਂ ਕਿਤੇ ਗਹਿਰਾ ਸੀ ਅਤੇ ਨਿਰਾ-ਪੁਰਾ ਸਰਕਾਰੀ ਅਧਿਕਾਰੀ ਨਹੀਂ ਸੀ। ਇਸ ਦਾ ਅਹਿਸਾਸ ਮੈਨੂੰ ਉਸ ਰਾਤ ਹੋਇਆ।

... ਇਕ ਦਿਨ ਪ੍ਰੋਗਰਾਮ ਤੋਂ ਬਾਅਦ ਮੈਂ ਮੀਸ਼ਾ ਨੂੰ ਆਪਣੇ ਪਿੰਡ ਜੰਡਿਆਲਾ ਦੀਆਂ ਵਿਸ਼ੇਸ਼ਤਾਵਾਂ ਦੱਸਣ ਲੱਗ ਪਿਆ। ਉਸ ਨੇ ਬਹੁਤ ਦਿਲਚਸਪੀ ਨਾਲ ਮੇਰੇ ਤੋਂ ਮੇਰੇ ਪਿੰਡ ਬਾਰੇ, ਪਿੰਡ ਦੇ ਇਤਿਹਾਸ ਬਾਰੇ, ਬਹੁਤ ਸਾਰੀਆਂ ਗੱਲਾਂ ਪੁੱਛੀਆਂ।

ਮੈਂ ਉਸ ਨੂੰ ਦੱਸਿਆ ਕਿ ਜੰਡਿਆਲੇ ਵਿੱਚ 'ਝੰਡਿਆਂ ਵਾਲਾ ਚੌਕ' ਹੈ। ਜਿਥੇ ਤਿਰੰਗਾ ਅਤੇ ਲਾਲ ਝੰਡਾ ਹਰ ਵਕਤ ਇਕੱਠੇ ਝੁੱਲਦੇ ਹਨ ਅਤੇ ਇਸ ਦੇ ਨਾਲ ਹੀ ਜਹਾਂਗੀਰ ਦੀ ਬਣਾਈ ਹੋਈ ਇਕ ਧਰਮਸ਼ਾਲਾ ਹੈ, ਜੋ ਮੇਰੇ ਪਿੰਡ ਦੇ ਹਕੀਮ ਬਾਬਾ ਭੂਮੀਆ ਨੂੰ ਜਹਾਂਗੀਰ ਦਾ ਇਲਾਜ ਕਰਨ ਕਰਕੇ ਤੋਹਫ਼ੇ ਵਜੋਂ ਬਣਵਾ ਕੇ ਦਿੱਤੀ ਗਈ ਸੀ।

ਅਗਲੇ ਹੀ ਹਫ਼ਤੇ ਉਹ ਚੈਨ ਸਿੰਘ ਨੂੰ ਨਾਲ ਲੈ ਕੇ ਜੰਡਿਆਲੇ ਪਹੁੰਚ ਗਿਆ ਸੀ। ਮੇਰੇ ਘਰ ਬੁਲਾ ਕੇ ਉਸ ਨੇ ਪਿੰਡ ਦੇ ਮੋਹਤਬਰਾਂ ਨਾਲ ਮੁਲਾਕਾਤਾਂ ਕੀਤੀਆਂ। ਇਹ ਧਰਮਸ਼ਾਲਾ ਉਨ੍ਹਾਂ ਦਿਨਾਂ ਵਿੱਚ ਪੋਸਤੀਆਂ ਦਾ ਅੱਡਾ ਬਣੀ ਹੋਈ ਸੀ ਅਤੇ ਇਸ ਨੂੰ "ਅਮਲੀਆਂ ਦੀ ਧਰਮਸ਼ਾਲਾ" ਵੀ ਕਿਹਾ ਜਾਂਦਾ ਸੀ। ਮੀਸ਼ਾ ਨੇ ਪਿੰਡ ਜੰਡਿਆਲੇ ਅਤੇ

ਇਸ ਧਰਮਸ਼ਾਲਾ ਦੀ ਧਰੋਹਰ ਬਾਰੇ ਦੋ ਰੇਡੀਓ ਫੀਚਰ ਬਣਾਏ... ਜੋ ਬਹੁਤ ਮਕਬੂਲ ਹੋਏ ਸਨ। ਰਿਕਾਰਡਿੰਗ ਤੋਂ ਬਾਅਦ ਮੇਰੇ ਬਾਪੂ ਜੀ ਨਾਲ ਉਸਨੇ ਦੇਰ ਤੱਕ ਗੱਲਾਂ ਕੀਤੀਆਂ ਅਤੇ ਦੇਸੀ ਦਾਰੂ ਦਾ ਆਨੰਦ ਵੀ ਮਾਣਿਆ ... ਫੇਰ ਮੈਂ ਜਦੋਂ ਕਦੇ ਵੀ ਮੀਸ਼ਾ ਨੂੰ ਮਿਲਦਾ, ਉਹ ਬਾਪੂ ਜੀ ਦਾ ਹਾਲ ਜ਼ਰੂਰ ਪੁੱਛਦਾ ... ਮੁਸਕਰਾ ਕੇ "ਉਨ੍ਹਾਂ ਦੀ ਸ਼ਾਮ ਕਿਵੇਂ ਗੁਜ਼ਰਦੀ ਐ" ਕਹਿ ਕੇ ਅੱਖਾਂ ਵਿੱਚੀਂ ਮੁਸਕਰਾਉਂਦਾ... ਕਦੇ ਕਦੇ ਮੇਰਾ ਜੀਅ ਕਰਦਾ ਮੈਂ ਉਸ ਲਈ ਪਿੰਡੋਂ ਦੇਸੀ ਦਾਰੂ ਦੀ ਬੋਤਲ ਲਿਆਵਾਂ... ਪਰ ਕਦੇ ਵੀ ਮੇਰੀ ਹਿੰਮਤ ਨਾ ਪਈ ... ਮੈਂ 'ਨਵਾਂ ਜ਼ਮਾਨਾ' ਤੋਂ 'ਅਜੀਤ' ਵਿਚ ਚਲਾ ਗਿਆ ਤਾਂ ਮੀਸ਼ਾ ਮੈਨੂੰ ਹੋਰ ਆਪਣਾ ਲੱਗਣ ਲੱਗ ਪਿਆ। ਭਾ ਜੀ ਬਰਜਿੰਦਰ ਸਿੰਘ ਨਾਲ ਉਹਦੀ ਦੋਸਤੀ ਬਹੁਤ ਗਹਿਰੀ ਸੀ। ਉਹ ਕਈ ਵਾਰ 'ਅਜੀਤ' ਦੇ ਦਫ਼ਤਰ ਆ ਜਾਂਦਾ ਤਾਂ ਅਕਸਰ ਸਾਡੀ ਮੁਲਾਕਾਤ ਹੋ ਜਾਂਦੀ ... ਭਾਜੀ ਬਰਜਿੰਦਰ ਸਿੰਘ ਨੇ ਇਕ ਵਾਰ ਮੀਸ਼ਾ ਨਾਲ ਇਕ ਲੰਮੀ ਮੁਲਾਕਾਤ ਵੀ ਕੀਤੀ ਸੀ, ਜਿਹੜੀ ਵੱਖ-ਵੱਖ ਥਾਵਾਂ 'ਤੇ ਛਪੀ ਸੀ। ਜਿਸ ਵਿੱਚ ਉਸ ਨੇ ਕਿਹਾ ਸੀ—

"ਮੇਰੀ ਕਵਿਤਾ ਦਾ 'ਮੈਂ' ਸਦਾ ਸੋਹਣ ਸਿੰਘ ਮੀਸ਼ਾ ਨਹੀਂ ਹੁੰਦਾ। ਇਹ ਕੋਈ ਨਾਟਕੀ ਪਾਤਰ ਵੀਹੋ ਸਕਦਾ ਹੈ।"

ਫੇਰ ਮੈਨੂੰ ਦੂਰਦਰਸ਼ਨ ਦੀ ਨੌਕਰੀ ਮਿਲ ਗਈ। ਮੈਂ ਅਕਾਸ਼ਵਾਣੀ ਵਿੱਚ ਉਚੇਚੇ ਤੌਰ 'ਤੇ ਮੀਸ਼ਾ ਨੂੰ ਮਿਲਣ ਗਿਆ ... ਉਸ ਨੇ ਮੈਨੂੰ ਸਰਕਾਰੀ ਤੰਤਰ ਦੇ ਕਈ ਗੁਰ ਦੱਸੇ। ਸਾਹਿਤਕਾਰਾਂ ਨਾਲ ਵਿਚਰਨ ਦਾ ਸਲੀਕਾ ਸਮਝਾਇਆ। ਗੱਲ-ਗੱਲ 'ਤੇ ਗੁੱਸੇ ਹੋਣ ਵਾਲੇ ਸਾਹਿਤਕਾਰਾਂ ਦੀ ਮਾਨਸਿਕਤਾ ਨੂੰ ਸਮਝਣ ਦਾ ਮਰਹਮ ਦੱਸਿਆ...।

ਇਨ੍ਹਾਂ ਦਿਨਾਂ ਵਿੱਚ ਮੀਸ਼ਾ ਬਹੁਤ ਉਪਰਾਮ ਰਹਿੰਦਾ ਸੀ। ਬੇਹੱਦ ਉਦਾਸ। ਉਸ ਨੂੰ ਮਲਾਲ ਸੀ ਕਿ ਸਖਤ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕਰਨ ਦੇ ਬਾਵਜੂਦ ਉਸ ਦੀ ਪ੍ਰੋਮੋਸ਼ਨ ਨਹੀਂ ਹੋ ਰਹੀ ਸੀ। ਉਸ ਦੇ ਪੜ੍ਹਾਏ ਹੋਏ, ਉਸ ਦੇ ਨਾਲ ਜਾਂ ਉਸ ਤੋਂ ਬਾਅਦ ਨੌਕਰੀਆਂ ਵਿੱਚ ਆਏ ਵਿਅਕਤੀ, ਉਸ ਤੋਂ ਵੱਡੇ ਅਫ਼ਸਰ ਬਣ ਗਏ ਸਨ। ਇਨ੍ਹਾਂ ਵਿੱਚ ਜੇ. ਐਸ. ਕੇਸਰ (ਡੀ. ਸੀ. ਜਲੰਧਰ), ਅਲੇਬਲ ਸਿੰਘ ਗਰੇਵਾਲ (ਡੀ.ਡੀ.ਜੀ. ਦੂਰਦਰਸ਼ਨ) ਸਮੇਤ ਬਹੁਤ ਸਾਰੇ ਨਾਮ ਸਨ ਜੋ ਆਈ.ਏ.ਐਸ., ਆਈ.ਪੀ.ਐਸ. ਜਾਂ ਆਈ.ਆਈ.ਐਸ. ਬਣ ਚੁੱਕੇ ਸਨ... ਉਹ ਮਹਿਫ਼ਲਾਂ ਵਿੱਚ ਅਕਸਰ ਫੁੱਟ ਪੈਂਦਾ ਸੀ ... ... ... ...

ਪ੍ਰਗਤੀਵਾਦੀਆਂ, ਪ੍ਰਯੋਗਵਾਦੀਆਂ ਅਤੇ ਨਵ-ਪ੍ਰਗਤੀਵਾਦੀਆਂ ਨਾਲ ਦੋਸਤਾਨਾਂ ਸੰਬੰਧਾਂ ਵਿੱਚ ਹੁੰਦਿਆਂ ਹੋਇਆਂ ਵੀ, ਉਸ ਦੀ ਕਵਿਤਾ ਵਿੱਚ ਇਕ ਨਿਵੇਕਲੀ ਕਾਵਿਕਤਾ ਵਿਦਮਾਨ ਸੀ, ਜਿਸ ਦੀ ਸਮਕਾਲੀ ਪੰਜਾਬੀ ਕਵਿਤਾ ਨੂੰ ਲੋੜ ਸੀ। ਉਸ ਦੀ ਕਵਿਤਾ ਸ਼ੁੱਧ ਕਵਿਤਾ ਦੀ ਕਲਾਤਮਿਕਤਾ ਵਾਲੇ ਰੂਪਕ ਸਿਰਜਣ ਦੀ ਅਦੁੱਤੀ ਮਿਸਾਲ ਹੈ। ਉਸ ਦਾ ਅਜਿਹਾ ਕਾਵਿ-ਰੰਗ ਅਸਲੋਂ ਵਿਲੱਖਣ ਹੈ। ਉਹ ਦਵੰਧ ਅਤੇ ਦੁਬਿਧਾ ਨੂੰ ਵੀ ਵਿਧੀ ਬਣਾ ਲੈਂਦਾ ਸੀ। ਇਹ ਵਿਲੱਖਣਤਾ ਉਸ ਦੀ ਸਰਕਾਰੀ ਮਜਬੂਰੀ ਕਰਕੇ ਸੀ ਜਾਂ ਵਿਚਾਰਧਾਰਕ ਪੁਖ਼ਤਗੀ ਕਰਕੇ, ਇਸ ਦਾ ਸਪੱਸ਼ਟ ਵਿਸ਼ਲੇਸ਼ਣ ਕਰਨਾ ਮੁਸ਼ਕਿਲ ਹੈ। ਉਸ ਦੇ ਅਜਿਹੇ ਮਾਨਸਿਕ ਦਵੰਧਾਂ ਦੀ ਗਵਾਹੀ ਉਸ ਦੀ ਕਵਿਤਾ 'ਵਿੱਥ' ਦਿੰਦੀ ਹੈ :-

ਨਾਅਰੇ ਲਾਉਂਦੀ
ਭੁੱਖੀ
ਭੜਕੀ
ਭੀੜ ਬਾਜ਼ਾਰੋਂ ਲੰਘ ਰਹੀ ਹੈ
ਸਿਰਜਣਹਾਰੇ ਹੱਥਾਂ ਦਾ ਹੱਕ ਮੰਗ ਰਹੀ ਹੈ
ਰੋਟੀ ਖਾਂਦਾ
ਮੈਂ
ਢਾਬੇ ਦੀ ਚੂਲਾਂ ਢਿਲੀ ਬੈਂਚ ਦੇ ਉੱਤੇ
ਖੜ੍ਹਾ ਹੋ ਗਿਆਂ
ਅਧ ਝੂਲਸਿਆ
ਢਿੱਡ ਹੈ ਏਥੇ
ਤੇ ਸ਼ਰਮਿੰਦੀਆਂ ਨਜ਼ਰਾਂ ਨਾਲ
ਖੜੋਤਾ
ਹੱਕੀ ਰੋਹ ਦਾ ਜਲਵਾ ਦੇਖ ਰਿਹਾ ਹਾਂ
ਨਾਲੈ ਸੋਚਾਂ
ਮੇਰੇ ਵਿੱਚ ਬਾਕੀ ਹੈ ਹਿੰਮਤ ਕਿੰਨੀ
ਏਸ ਬੈਂਚ ਤੋਂ ਓਸ ਭੀੜ ਤੱਕ

ਵਿੱਥ ਹੈ

ਸਿਰਫ਼ ਨਮੋਸ਼ੀ ਜਿੰਨੀ।

ਅਜਿਹੀ ਵਿੱਥ ਦੀ ਨਮੋਸ਼ੀ, ਉਸ ਦੀ ਮਾਨਸਿਕ ਹੋਣੀ ਸੀ। ਜੁਝਾਰ ਵਿਦਰੋਹੀ ਦੋਸਤਾਂ ਦੀ ਸੰਗਤ ਨੇ ਸਰਕਾਰੀ ਫ਼ਾਈਲਾਂ ਵਿੱਚ ਉਸ ਦੀ ਇੰਟਰੀ ਕਰਵਾ ਦਿੱਤੀ ਸੀ, ਅਤੇ ਉਸ ਦੇ ਘਰ ਪੁਲਿਸ ਦੇ ਗੇੜੇ ਵੀ ਵੱਜਣ ਲੱਗ ਪਏ ਸਨ। ਧੀਮੇ ਬੋਲਾਂ ਦੇ ਸ਼ਾਇਰ ਵਜੋਂ ਜਾਣਿਆ ਜਾਂਦਾ ਉਹ 'ਫਸਾਦ', ਦੁਸ਼ਮਣੀ ਦੀ ਦਾਸਤਾਨ, ਨੀਂਹ ਪੱਥਰ, 'ਊਂਘਣ ਪਹਿਰੇਦਾਰ ਨਗਰ ਦੇ', 'ਚੀਕ ਬੁਲਬੁਲੀ', 'ਦਰਦ ਸੁਨੇਹਾ', 'ਘਰ ਘਰ ਵਿੱਚ ਹਨੇਰਾ ਹੈ', 'ਸ਼ੁਭ ਇੱਛਾਵਾਂ' ਤੇ 'ਕੱਚ ਦੇ ਵਸਤਰ' ਵਰਗੀਆਂ ਕਵਿਤਾਵਾਂ ਨਾਲ ਉਵੇਂ ਹੀ ਜਾਣਿਆ ਜਾਂਦਾ ਹੈ, ਜਿਵੇਂ ਕੋਈ ਸਦੀਵੀ ਕਵੀ ਜਾਣਿਆ ਜਾਣਾ ਚਾਹੀਦਾ ਹੈ।

ਸ਼ਹਿਰ ਕੋਈ ਵੀ ਹੋਵੇ<br>
ਭਿਵੰਡੀ, ਮੇਰਠ ਜਾਂ ਨਾਗਪੁਰ<br>
ਪੱਜ ਕੋਈ ਵੀ ਹੋਵੇ<br>
ਮਸਜਦ ਦੇ ਗੁੰਬਦ ਤੋਂ ਉੱਚਾ ਵਾਜੇ ਦਾ ਸ਼ੋਰ<br>
ਪਿੱਪਲ ਦੇ ਟਾਹਣੇ ਤੋਂ ਉੱਚਾ ਤਾਜੀਆਂ ਦਾ ਜਲੂਸ<br>
ਗਊ ਮਾਤਾ ਦੀ ਰੱਖਿਆ<br>
ਬੱਚਿਆਂ ਦਾ ਪਤੰਗ ਲੁੱਟਣ ਤੇ ਝਗੜਾ<br>
ਜਾਂ ਕੋਈ ਹੋਰ<br>
ਪਹਿਲਾਂ ਹੀ ਤਿਆਰ ਹੁੰਦੇ ਹਨ<br>
ਛੁਰੇ, ਬਰਛੇ, ਪਸਤੌਲ ਤੇ ਦਸਤੀ ਬੰਬ

... ... ... ... ... ... ... ... ... ...

ਮੈਂ ਜਾਣਦਾ ਹਾਂ<br>
ਸਰਕਾਰੀ ਅੰਕੜਿਆਂ<br>
ਅਖ਼ਬਾਰੀ ਅੰਦਾਜ਼ਿਆਂ<br>
ਤੇ ਮਰਨ ਵਾਲਿਆਂ ਦੀ ਅਸਲੀ ਗਿਣਤੀ ਵਿੱਚ<br>
ਕਿੰਨਾ ਫ਼ਰਕ ਹੁੰਦਾ ਹੈ

… … … … … … …

ਅਦਾਲਤੀ ਪੜਤਾਲ ਸ਼ੁਰੂ ਹੋਣ ’ਤੇ

ਹੜਤਾਲ ਖੁਲ੍ਹ ਜਾਵੇਗੀ …

… … … … … … … …

ਉਦੋਂ ਤਕ ਹੋਰ ਬਹੁਤ ਕੁਝ ਹੋ ਚੁੱਕਾ ਹੋਏਗਾ

ਕਿਸੇ ਹੋਰ ਸ਼ਹਿਰ ਵਿੱਚ

ਕਿਸੇ ਹੋਰ ਪੱਜ ਹੇਠ …

ਮੀਸ਼ਾ ਸੱਚਮੁੱਚ ਮੀਸ਼ਾ ਸੀ … ਕਵਿਤਾ ਵਿੱਚ ਵੀ, ਵਿਚਾਰ ਵਿੱਚ ਵੀ ਅਤੇ ਵਿਹਾਰ ਵਿੱਚ ਵੀ … ਫੇਰ ਉਸ ਨੇ ਇਕ ਸੰਸਥਾ ਬਣਾਈ ‘ਦਾਇਰਾ’। ਜਲੰਧਰ ਦੇ ਸਾਹਿਤਕਾਰਾਂ, ਪੱਤਰਕਾਰਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਤੱਕ ਨੂੰ, ਇਸ ਸੰਸਥਾ ਨਾਲ ਜੋੜ ਲਿਆ। ਜਲੰਧਰ ਦੇ ਨਰਿੰਦਰਾ ਪੈਲਿਸ ਵਿੱਚ ਇਕ ਵੱਡਾ ਇਕੱਠ ਕੀਤਾ। ਖੱਚਾ-ਖੱਚ ਭਰੇ ਪੈਲਿਸ ਤੋਂ ਬਾਹਰ ਤੱਕ ਵੀ ਲੋਕਾਂ ਦਾ ਹਜ਼ੂਮ ਸੀ। ਇਸ ਸਮਾਗਮ ਵਿੱਚ ਅੰਮ੍ਰਿਤਾ ਪ੍ਰੀਤਮ ਨੂੰ ਸਨਮਾਨ ਦਿੱਤਾ ਗਿਆ। ਕਿਸੇ ਸਾਹਿਤਕਾਰ ਦੇ ਸਨਮਾਨ ਲਈ ਏਨੇ ਲੋਕ ਇਕੱਠੇ ਹੋਏ ਹੋਣ, ਇਸ ਦੀ ਕੋਈ ਹੋਰ ਮਿਸਾਲ ਅੱਜ ਤੱਕ ਵੀ ਨਹੀਂ ਮਿਲਦੀ। ਹਰ ਕਿਸੇ ਦੀ ਜ਼ੁਬਾਨ ਉੱਤੇ ਸੋਹਣ ਸਿੰਘ ਮੀਸ਼ਾ ਦੀ ਕੁਸ਼ਲਤਾ ਦਾ ਚਰਚਾ ਸੀ … ਉਹ ਵੱਡੇ ਕਵੀ ਅਤੇ ਰੇਡੀਓ ਪ੍ਰੋਡਿਊਸਰ ਦੇ ਨਾਲ-ਨਾਲ ਵੱਡਾ ਜਥੇਬੰਦਕ ਵੀ ਬਣ ਗਿਆ ਸੀ। ਉਸ ਦੀ ਲੋਕਪ੍ਰਿਅਤਾ ਸਿਖ਼ਰ ’ਤੇ ਸੀ।

… ਅੱਜ 22 ਸਤੰਬਰ, 1986 ਸੀ। ਫ਼ਰੀਦਕੋਟ ਵਿਖੇ ਬਾਬਾ ਫ਼ਰੀਦ ਦੇ ਆਗਮਨ ਪੁਰਬ ਉੱਤੇ ਮੇਲੇ ਦਾ ਦਿਨ। ਇਥੇ ਹੋਣ ਵਾਲੇ ਕਵੀ ਦਰਬਾਰ ਦੇ ਸੰਚਾਲਨ ਲਈ ਸੋਹਣ ਸਿੰਘ ਮੀਸ਼ਾ ਨੂੰ ਬੁਲਾਇਆ ਗਿਆ ਸੀ … ਉਡੀਕ ਲੰਮੀ ਹੋ ਗਈ ਸੀ। … ਪਰ ਉਹ ਨਹੀਂ ਆਇਆ …

ਕਵੀ ਦਰਬਾਰ ਅਜੇ ਸਮਾਪਤ ਹੋਇਆ ਹੀ ਸੀ ਕਿ ਇਕ ਮਨਹੂਸ ਖ਼ਬਰ ਜੰਗਲ ਦੀ ਅੱਗ ਵਾਂਗ ਫੈਲੀ …

ਕਪੂਰਥਲੇ ਦੀ ਕਾਂਜਲੀ ਝੀਲ ਵਿੱਚ ਆਪਣੇ ਦੋਸਤਾਂ ਨਾਲ ਪਿਕਨਿਕ ’ਤੇ ਗਿਆ ਸੋਹਣ ਸਿੰਘ ਮੀਸ਼ਾ ਕਿਸ਼ਤੀ ਦਾ ਸੰਤੁਲਨ ਵਿਗੜਨ ਕਰਕੇ ਝੀਲ ਵਿੱਚ ਡੁੱਬ

ਗਿਆ ਸੀ ...

ਆਪਣੀ ਜ਼ਿੰਦਗੀ, ਆਪਣੇ ਵਿਚਾਰਾਂ ਅਤੇ ਵਿਹਾਰਾਂ ਵਿਚਕਾਰ ਸੰਤੁਲਨ ਬਣਾਈ ਰੱਖਣ ਦੇ ਮਾਹਿਰ ਮੀਸ਼ਾ ਦੀ ਕਿਸ਼ਤੀ ਦਾ ਸੰਤੁਲਨ ਕਿਵੇਂ ਵਿਗੜ ਗਿਆ? ... ...

ਬੇਸ਼ੁਮਾਰ ਕਾਵਿ-ਝੀਲਾਂ ਦਾ ਤਾਰੂ ਮੀਸ਼ਾ ਆਖ਼ਿਰ ਕਾਂਜਲੀ ਝੀਲ ਵਿੱਚ ਕਿਵੇਂ ਡੁੱਬ ਗਿਆ ? ... ...

ਇਹ ਸਵਾਲ ਸਦਾ ਪ੍ਰੇਸ਼ਾਨ ਕਰਦਾ ਰਹੇਗਾ।

●●

# ਡਾ. ਜਗਤਾਰ



(23 ਮਾਰਚ, 1935 — 30 ਮਾਰਚ, 2010)

# ਖਿਝੇ ਹੋਏ ਆਦਮੀ ਦਾ ਦਰਦ-ਨਾਦ

ਡਾਕਟਰ ਜਗਤਾਰ ਦੀ ਸਮੁੱਚੀ ਦਿਖ ਇਕ ਖਿਝੇ ਹੋਏ ਆਦਮੀ ਵਰਗੀ ਸੀ। ਉਹ ਮੁਸਕਰਾਉਂਦਾ ਜਾਂ ਹੱਸਦਾ ਹੋਇਆ ਵੀ, ਆਪਣੇ ਚਿਹਰੇ ਤੋਂ ਗੰਭੀਰਤਾ ਨੂੰ ਉਰੇ-ਪਰੇ ਨਹੀਂ ਸੀ ਹੋਣ ਦਿੰਦਾ।

ਉਹ ਮੇਰੇ ਪਿਤਾ ਜੀ ਦਾ ਦੋਸਤ ਸੀ। ਉਹ ਵੀ ਉਸ ਵੇਲੇ ਦਾ, ਜਦੋਂ ਉਹ ਸਕੂਲ ਵਿੱਚ ਅਧਿਆਪਕ ਹੁੰਦਾ ਸੀ। ਮੇਰੇ ਪਿਤਾ ਜੀ ਦੀ ਨੌਕਰੀ ਦਾ ਹੈੱਡਕੁਆਰਟਰ ਫ਼ਿਲੌਰ ਸੀ। ਦੋਵੇਂ ਗੁਰਾਇਆ ਵਿਖੇ ਮਿਲਦੇ, ਲਗਭਗ ਰੋਜ਼ ਮਹਿਫ਼ਲ ਸਜਾਉਂਦੇ ਅਤੇ ਫੇਰ ਗੋਰਾਇਆ ਤੋਂ ਚਲ ਪੈਂਦੇ। ਪਿਤਾ ਜੀ ਜਗਤਾਰ ਨੂੰ ਆਪਣੇ ਸਾਈਕਲ ਤੇ ਬਿਠਾ ਕੇ ਰਾਜ ਗੋਮਾਲ ਛੱਡ ਕੇ ਜੰਡਿਆਲੇ ਪਹੁੰਚ ਜਾਂਦੇ। ਉਸ ਦਾ ਪਿੰਡ ਰਾਜ ਗੋਮਾਲ ਜੰਡਿਆਲੇ ਤੋਂ ਪੰਜ ਕੁ ਕਿੱਲੋਮੀਟਰ ਪਹਿਲਾਂ ਸੀ।...

ਉਦੋਂ ਉਹ ਜਗਤਾਰ "ਪਪੀਹਾ" ਸੀ ਅਤੇ ਹਲਕੇ-ਫੁਲਕੇ ਗਾਣੇ ਲਿਖਣ ਲਈ ਮਸ਼ਹੂਰ ਹੋ ਚੁੱਕਾ ਸੀ।

ਫੇਰ ਉਸ ਨੇ ਪੰਜਾਬੀ, ਉਰਦੂ ਅਤੇ ਫ਼ਾਰਸੀ ਦੀਆਂ ਤਿੰਨ ਐਮ.ਏ. ਕਰ ਲਈਆਂ। ਇਨ੍ਹਾਂ ਤਿੰਨਾਂ ਵਿੱਚ ਹੀ, ਉਸ ਨੇ ਗੋਲਡ ਮੈਡਲ ਹਾਸਿਲ ਕੀਤੇ ਸਨ। .... ਹੁਣ ਉਹ ਸਰਕਾਰੀ ਕਾਲਜ ਦਾ ਲੈਕਚਰਾਰ ਬਣ ਗਿਆ ਸੀ। 1947 ਤੋਂ 1972 ਤੱਕ ਲਿਖੀ ਗਈ ਪਾਕਿਸਤਾਨੀ ਪੰਜਾਬੀ ਕਵਿਤਾ ਉੱਤੇ ਪੀਐਚ.ਡੀ. ਕਰਕੇ ਉਹ 'ਡਾਕਟਰ ਜਗਤਾਰ' ਹੋ ਗਿਆ... ...

ਛੋਟੀ ਕਿਸਾਨੀ ਦੀਆਂ ਸਾਰੀਆਂ ਦੁਸ਼ਵਾਰੀਆਂ, ਉਸ ਨੇ ਆਪਣੇ ਪਿੰਡੇ ਉੱਤੇ ਝੱਲੀਆਂ ਸਨ। ਸ਼ਰੀਕੇ ਦੀਆਂ ਦੁਸ਼ਮਣੀਆਂ ਨੇ, ਜਦੋਂ ਉਸ ਦੇ ਛੋਟੇ ਭਰਾ ਅਵਤਾਰ ਦੀ ਜਾਨ ਲੈ ਲਈ ਤਾਂ ਉਹ ਬੇਹੱਦ ਟੁੱਟ ਗਿਆ ਸੀ। ਉਸ ਦੀਆਂ ਗਹਿਰੀਆਂ ਅੱਖਾਂ ਵਿੱਚ ਖੌਲਦਾ ਖ਼ੂਨ ਦੇਖ ਕੇ, ਡਰ ਲਗਦਾ ਸੀ... ਆਪਣੇ ਦੁਸ਼ਮਣਾਂ ਤੋਂ ਬਚਣ ਲਈ, ਉਸ ਨੇ ਦੋਨਾਲੀ ਬੰਦੂਕ ਖ਼ਰੀਦ ਲਈ ਅਤੇ ਬੰਦੂਕ ਨੂੰ ਮੋਢੇ ਉੱਤੇ ਲਟਕਾਈ ਘੁੰਮਦਾ, ਉਹ ਅਕਸਰ ਵੇਖਿਆ ਜਾਂਦਾ ਸੀ... ਉਸ ਨੇ ਮਹਿਫ਼ਲਾਂ ਵਿੱਚ ਬਹਿਣਾ ਬੰਦ ਕਰ ਦਿੱਤਾ। ਲੋਏ-ਲੋਏ ਘਰ

ਪਹੁੰਚਣਾ ਉਸ ਦੀ ਮਜਬੂਰੀ ਬਣ ਗਿਆ ਸੀ.....

ਹੁਸ਼ਿਆਰਪੁਰ ਦਾ ਸਰਕਾਰੀ ਕਾਲਜ ਲੰਮੇ ਸਮੇਂ ਤੱਕ ਸਾਹਿਤ ਦੀ 'ਰਾਜਧਾਨੀ' ਰਿਹਾ ਹੈ। ਇਸ ਕਾਲਜ ਵਿੱਚ ਇਕੋ ਵੇਲੇ ਡਾ. ਜਗਤਾਰ, ਡਾਕਟਰ ਰਣਧੀਰ ਸਿੰਘ ਚੰਦ, ਦੀਦਾਰ ਗੜ੍ਹਦੀਵਾਲਾ, ਪ੍ਰੋ. ਪਰਬਿੰਦਰ ਸਿੰਘ, ਜਸਵੰਤ ਸਿੰਘ ਵਿਰਦੀ, ਸੁਰੇਸ਼ ਸੇਠ, ਪ੍ਰਿਤਪਾਲ ਸਿੰਘ ਮਹਿਰੋਕ ਅਤੇ ਵਿਨੋਦ ਸ਼ਾਹੀ ਪੜ੍ਹਾ ਰਹੇ ਸਨ। ਇਨ੍ਹਾਂ ਦਿਨਾਂ ਵਿੱਚ ਜਗਤਾਰ ਹੁਸ਼ਿਆਰਪੁਰ ਦੇ ਉੱਪਰੀ ਜੰਗਲਾਂ ਵਿੱਚ ਆਪਣੀ ਬੰਦੂਕ ਲੈ ਕੇ ਸ਼ਿਕਾਰ ਖੇਡਣ ਜਾਂਦਾ। ਸ਼ਾਮ ਨੂੰ ਘਰ ਵਿੱਚ ਮੀਟ ਭੁੰਨਦਾ ਅਤੇ ਮਹਿਫ਼ਲਾਂ ਦਾ ਦੌਰ ਹਰ ਰੋਜ਼ ਚੱਲਦਾ... ਉਸ ਨੇ ਆਪਣੇ ਕਮਰੇ ਵਿੱਚ ਸ਼ੇਰ ਦੀ ਖਲ ਅਤੇ ਬਾਰਾਂ ਸਿੰਗੇ ਦੇ ਸਜਾਵਟੀ ਸਿੰਗ ਟੰਗੇ ਹੋਏ ਸਨ।...

80ਵਿਆਂ ਦਾ ਸ਼ੁਰੂ ਪੰਜਾਬ ਲਈ ਬੇਹੱਦ ਘਿਨਾਉਣਾ ਸਮਾਂ ਸੀ। ਸਾਕਾ ਨੀਲਾ ਤਾਰਾ ਅਤੇ ਫੇਰ 1984 ਦੇ ਸਿੱਖ ਵਿਰੋਧੀ ਕਤਲੇਆਮ ਨੇ ਪੰਜਾਬੀ ਹਿਰਦਿਆਂ ਨੂੰ ਬੁਰੀ ਤਰ੍ਹਾਂ ਝੰਜੋੜ ਦਿੱਤਾ ਸੀ... ਇਨ੍ਹਾਂ ਦਿਨਾਂ ਵਿੱਚ ਹੀ ਮੈਂ 'ਨਵਾਂ ਜ਼ਮਾਨਾ' ਛੱਡ ਕੇ 'ਅਜੀਤ' ਦਾ ਮੈਗਜ਼ੀਨ ਸੰਪਾਦਕ ਬਣ ਗਿਆ ਸੀ। ਇਕ ਦਿਨ ਡਾਕਟਰ ਜਗਤਾਰ ਦੀ ਇਕ ਕਵਿਤਾ 'ਅਜੀਤ' ਵਿੱਚ ਛਾਪਣ ਲਈ ਆਈ।

..ਤੁਸੀਂ ਤਾਂ ਆਲ੍ਹਣੇ ਸਾਰੇ
ਇਨ੍ਹਾਂ ਦੇ ਸਾਰੇ ਸਾੜ ਨੇ ਸੁੱਟੇ
ਪਰਿੰਦੇ ਜਾਣ ਹੁਣ ਕਿੱਥੇ?

ਇਹ ਕਵਿਤਾ 'ਅਜੀਤ ਮੈਗਜ਼ੀਨ' ਦੇ ਪਹਿਲੇ ਸਫ਼ੇ ਉੱਤੇ ਛਾਪੀ ਗਈ।... .... ਉਹ ਬਹੁਤ ਉਦਾਸ ਸੀ। ਸ਼ਾਮ ਨੂੰ ਪਿਤਾ ਜੀ ਕੋਲ ਆਉਂਦਾ ਤਾਂ ਸਮੁੱਚੇ ਸਿਸਟਮ ਨੂੰ ਮੋਟੀਆਂ-ਮੋਟੀਆਂ ਗਾਲ੍ਹਾਂ ਕੱਢਦਾ।... ਦੋਸਤਾਂ ਦੀ ਮਹਿਫ਼ਲਾਂ ਵਿੱਚ ਵੀ ਉਹ ਸਾਹਿਤਕਾਰਾਂ, ਨੇਤਾਵਾਂ, ਸਭਾਵਾਂ, ਸੰਸਥਾਵਾਂ ਹਰ ਕਿਸੇ ਵਿਰੁੱਧ ਆਪਣੀ ਖਿਝ ਕੱਢਦਾ ਰਹਿੰਦਾ।ਉਹ ਬਹੁਤ ਚਿੜਚਿੜਾ ਹੋ ਗਿਆ ਸੀ।

ਪੰਜਾਬ ਦੀਆਂ ਪੁਰਾਣੀਆਂ ਵਿਰਾਸਤੀ ਇਮਾਰਤਾਂ, ਹਵੇਲੀਆਂ, ਕਿਲ੍ਹਿਆਂ ਬਾਰੇ ਖੋਜ ਕਰਨੀ, ਉਨ੍ਹਾਂ ਦੀਆਂ ਤਸਵੀਰਾਂ ਖਿੱਚਣੀਆਂ, ਉਸ ਦਾ ਸ਼ੌਕ ਸੀ। ਉਸ ਨੇ ਦਿੱਲੀ-ਦੱਖਣ ਦੇ ਸਾਰੇ ਕਿਲ੍ਹੇ ਗਾਹੇ ਸਨ।ਹਰ ਸਾਲ ਕੁਝ ਦੋਸਤਾਂ ਨਾਲ ਮਿਲ ਕੇ ਉਹ ਸਫਰ ਦੀ ਯੋਜਨਾ ਉਲੀਕਦਾ ਤੇ ਕਈ ਕਈ ਦਿਨ ਘੁਮੱਕੜ ਬਣਿਆ ਰਹਿੰਦਾ।... ...

ਰਾਜਸਥਾਨ,ਹਿਮਾਚਲ ਅਤੇ ਪੰਜਾਬ ਦੀਆਂ ਵਿਰਾਸਤੀ ਇਮਾਰਤਾਂ ਵਿੱਚ ਬਣੇ ਹੋਏ ਕੰਧ ਚਿੱਤਰਾਂ ਦੀ ਤਸਵੀਰਕਸ਼ੀ ਕਰਨਾ ਉਸ ਦਾ ਜਨੂੰਨ ਸੀ। ਉਸ ਨਾਲ ਮਿਲ ਕੇ ਮੈਂ ਦੂਰਦਰਸ਼ਨ ਲਈ ਪੰਜਾਬ ਦੇ ਕੰਧ ਚਿੱਤਰਾਂ ਉੱਤੇ ਇਕ ਦਸਤਾਵੇਜ਼ੀ ਫ਼ਿਲਮ ਬਣਾਈ। ਜਿਸ ਦੀ ਸਾਰੀ ਖੋਜ, ਆਲੇਖ ਅਤੇ ਸੰਚਾਲਨਾ ਡਾਕਟਰ ਜਗਤਾਰ ਨੇ ਹੀ ਕੀਤੀ ਸੀ। ਰਾਮ ਟਟਵਾਲੀ, ਦਸੂਹਾ, ਸੁਜਾਨਪੁਰ, ਫ਼ਤਿਆਬਾਦ, ਤਰਨ ਤਾਰਨ,ਬਾਬਾ ਬਕਾਲਾ, ਬਾਬਾ ਅਟੱਲ (ਅੰਮ੍ਰਿਤਸਰ) ਅਤੇ ਕਪੂਰਥਲਾ ਆਦਿ ਸ਼ਹਿਰਾਂ ਦੀਆਂ ਸਾਰੀਆਂ ਵਿਰਾਸਤੀ ਇਮਾਰਤਾਂ ਦਾ ਫਿਲਮਾਂਕਣ ਮੈਂ ਡਾਕਟਰ ਜਗਤਾਰ ਦੀ ਦੇਖ-ਰੇਖ ਹੇਠ ਹੀ ਕੀਤਾ ਸੀ।...

ਜਲੰਧਰ ਅਤੇ ਆਸ-ਪਾਸ ਦੀਆਂ ਸਾਹਿਤਕ ਸਰਗਰਮੀਆਂ ਵਿੱਚ ਹਾਜ਼ਰ ਹੋਣਾ ਉਹ ਆਪਣਾ ਫ਼ਰਜ਼ ਸਮਝਦਾ ਸੀ... ...ਕੇਂਦਰੀ ਪੰਜਾਬੀ ਲੇਖਕ ਸਭਾ ਦੀ ਪ੍ਰਧਾਨਗੀ ਅਤੇ ਜਲੰਧਰ ਵਿੱਚ ਫੁਲਕਾਰੀ ਸੰਸਥਾ ਦਾ ਪ੍ਰਧਾਨ ਬਣਨਾ, ਉਸ ਨੂੰ ਕਾਫ਼ੀ ਸਕੂਨ ਦਿੰਦਾ ਸੀ। ਹਾਲਾਂਕਿ ਉਹ ਹਮੇਸ਼ਾ ਅਹੁਦਿਆਂ ਨੂੰ ਵਾਧੂ ਦੀ ਸਿਰਦਰਦੀ ਹੀ ਬਿਆਨਦਾ। ਉਸ ਬਾਰੇ ਇਕ ਦਿਲਚਸਪ ਗੱਲ ਇਹ ਹੈ ਕਿ ਉਹ ਕਦੇ ਸਾਈਕਲ-ਸਕੂਟਰ-ਕਾਰ ਜਾਂ ਕਿਸੇ ਵੀ ਵਾਹਨ ਦੀ ਆਪ ਡਰਾਈਵਿੰਗ ਨਹੀਂ ਸੀ ਕਰਦਾ।... ਕਿਸੇ ਵੀ ਸਾਹਿਤਕ ਸਮਾਗਮ ਉੱਤੇ ਜਾਣ ਵੇਲੇ ਉਸ ਨੂੰ ਇਕ ਸਾਥ ਦੀ ਲੋੜ ਹੁੰਦੀ। ਇਹ ਸਾਥ ਕਦੇ ਮੱਖਣ ਮਾਨ ਹੁੰਦਾ, ਕਦੇ ਸੁਰਜੀਤ ਜੱਜ, ਕਦੇ ਉਮਿੰਦਰ ਜੌਹਲ ਅਤੇ ਕਦੇ ਮੈਂ। ਹਰ ਸਮਾਗਮ ਤੋਂ ਬਾਅਦ ਇਨ੍ਹਾਂ ਵਿੱਚੋਂ ਹੀ ਕੋਈ ਉਸ ਨੂੰ ਘਰ ਛੱਡਣ ਜਾਣ ਦਾ ਮਾਣ ਵੀ ਪ੍ਰਾਪਤ ਕਰਦਾ ਰਿਹਾ ... ਮੈਂ ਅਕਸਰ ਸੋਚਦਾ ਜਗਤਾਰ ਦੇ ਸਾਰਥੀ ਬਣਨਾ ਸਾਡਾ ਪਿਤਾ ਪੁਰਖੀ ਫਰਜ਼ ਹੈ। ਹੁਣ ਸਾਈਕਲ ਦੀ ਥਾਂ ਸਕੂਟਰ ਜਾਂ ਕਾਰ ਸੀ। ਪਿਤਾ ਦੀ ਥਾਂ ਪੁੱਤਰ ਸਨ... ...

ਆਪਣੇ ਸਮਕਾਲੀਆਂ ਨਾਲ ਹਮੇਸ਼ਾ ਰੁੱਸਿਆ ਜਿਹਾ ਹੀ ਰਹਿਣ ਵਾਲਾ ਜਗਤਾਰ ਮਹਿਫ਼ਲਾਂ ਵਿੱਚ ਕਾਫ਼ੀ ਰੰਗੀਨ ਹੁੰਦਾ। ਆਪਣੇ ਵੰਨ-ਸੁਵੰਨੇ ਇਸ਼ਕਾਂ,ਦੋਸਤੀਆਂ ਅਤੇ ਦੁਸ਼ਮਣੀਆਂ ਦੇ ਕਿੱਸੇ ਬੜੀ ਰੌਚਿਕਤਾ ਨਾਲ ਸੁਣਾਉਂਦਾ... ... ਸ਼ਿਵ ਕੁਮਾਰ, ਰਣਧੀਰ ਸਿੰਘ ਚੰਦ, ਜਸਬੀਰ ਸਿੰਘ ਆਹਲੂਵਾਲੀਆ, ਰਵਿੰਦਰ ਰਵੀ, ਅਜਾਇਬ ਕਮਲ, ਵਿਸ਼ਵਾਨਾਥ ਤਿਵਾੜੀ, ਪ੍ਰੇਮ ਪ੍ਰਕਾਸ਼, ਪਾਸ਼, ਅਮਰਜੀਤ ਚੰਦਨ, ਗੁਰਦੇਵ ਨਿਰਧਨ, ਕੰਵਰ ਚੌਹਾਨ, ਅਤੇ ਸੁਰਜੀਤ ਪਾਤਰ ਉਸ ਦੇ ਉਹ ਸਮਕਾਲੀ ਸਨ, ਜਿਹੜੇ ਹਰ ਮਹਿਫ਼ਲ ਵਿੱਚ ਸਰੀਰਕ ਤੌਰ ‘ਤੇ ਹਾਜ਼ਰ ਨਾ ਹੋਣ ਉੱਤੇ ਵੀ ਸਦਾ ਹਾਜ਼ਰ ਰਹਿੰਦੇ ਸਨ। ਘੁੰਮ ਘੁਮਾ ਕੇ ਕੋਈ ਨਾ ਕੋਈ ਗੱਲ ਇਨ੍ਹਾਂ ਵਿੱਚੋਂ ਕਿਸੇ ਨਾ ਕਿਸੇ ਨਾਲ ਜੋੜ

ਕੇ ਉਹ ਜ਼ਰੂਰ ਸੁਣਾਉਂਦਾ... ਜੇ ਕਿਸੇ ਬਾਰੇ ਕੋਈ ਸਵਾਲ ਪੁੱਛ ਲੈਂਦਾ ਤਾਂ ਚੱਲ ਛੱਡ ਕਹਿ ਕੇ ਸਾਹਮਣੇ ਵਾਲੇ ਨੂੰ ਖਿਝ ਕੇ ਕਹਿੰਦਾ... " ਤੈਨੂੰ ਕਿੰਨੀ ਵਾਰ ਕਿਹਾ ਇਹਦੀ ਗੱਲ ਨਹੀਂ ਕਰਨੀ ਮੇਰੇ ਨਾਲ। ਸਾਰਾ ਸੁਆਦ ਹੀ ਖ਼ਰਾਬ ਕਰ ਦਿੱਤਾ ਯਾਰ...।" ਫਿਰ ਉਸੇ ਨੂੰ ਦੋ ਤਿੰਨ ਗਾਲ੍ਹਾਂ ਕੱਢਦਾ ਤੇ ਚੁੱਪ ਹੋ ਜਾਂਦਾ... ਹਾਲਾਂਕਿ ਆਪ ਉਹ ਉਸੇ ਬਾਰੇ ਗੱਲ ਕਰ ਰਿਹਾ ਹੁੰਦਾ।

ਚੜ੍ਹਦੇ ਪੰਜਾਬ ਤੋਂ ਵੀ ਵਧ, ਉਹ ਲਹਿੰਦੇ ਪੰਜਾਬ ਵਿੱਚ ਹਰਮਨ ਪਿਆਰਾ ਸੀ। ਲਗਭਗ ਹਰ ਸਾਲ ਉਹ ਓਧਰ ਜਾਂਦਾ, ਲਗਭਗ ਸਾਰੇ ਪਾਕਿਸਤਾਨੀ ਪੰਜਾਬੀ ਸ਼ਾਇਰ ਉਸ ਦੇ ਦੋਸਤ ਸਨ। ਲਾਹੌਰ ਉਸ ਦੇ ਸੁਪਨਿਆਂ ਦਾ ਸ਼ਹਿਰ ਸੀ। ਲਾਹੌਰ ਬਾਰੇ ਉਸ ਨੇ ਇਕ ਖ਼ੂਬਸੂਰਤ ਗ਼ਜ਼ਲ ਵੀ ਲਿਖੀ ਸੀ।

ਮਹਿਰਮ ਦਿਲਾਂ ਦੇ ਜਾਨ ਤੋਂ ਵੀ ਲਾਡਲੇ ਲਹੌਰ
ਹੁਣ ਤਰਸਦੇ ਹਾਂ ਜਾਣ ਨੂੰ ਉਸ ਰਾਂਗਲੇ ਲਹੌਰ

ਟੁੱਟਦੀ ਕਦੇ ਵੀ ਸਾਂਝ ਨਾ ਲੋਕਾਂ ਦੇ ਦਰਦ ਦੀ
ਦਿੱਲੀ ਵਲੇ, ਵਲੇ ਪਿਆ, ਲੱਖ ਵਾਗਲੇ ਲਹੌਰ

ਕੈਸੀ ਹੈ ਦੋਸਤੀ ਤੇ ਇਹ ਕੈਸੀ ਹੈ ਦੁਸ਼ਮਣੀ
ਧੂੰਆਂ ਛਟੇ ਤਾਂ ਰੋ ਪਵੇ ਲਗ ਕੇ ਗੱਲ ਲਹੌਰ

ਜਗਤਾਰ ਦੀ ਦੁਆ ਹੈ, ਤੂੰ ਯਾ ਰੱਬ, ਕਬੂਲ ਕਰ
ਦਿੱਲੀ 'ਚ ਹੋਏ ਚਾਨਣਾ, ਦੀਵਾ ਬਲੇ ਲਹੌਰ

32 ਤੋਂ ਵੱਧ ਕਿਤਾਬਾਂ ਲਿਖਣ ਵਾਲੇ ਡਾਕਟਰ ਜਗਤਾਰ ਨੂੰ ਕਿਸੇ ਨੇ 'ਬਲਦੇ ਬਿਰਖ ਦੀ ਛਾਂ' ਕਿਹਾ, ਕਿਸੇ ਨੇ 'ਕੁਸੰਭੜੇ ਦਾ ਫੁੱਲ' ਕਿਹਾ, ਕਿਸੇ ਨੇ 'ਅੰਬਰ ਦੇ ਵਿਹੜੇ ਵਿੱਚ ਖਿੜਿਆ ਹੋਇਆ ਗੁਲਾਬ' ਕਿਹਾ। ਉਸ ਦੀ ਸ਼ਾਇਰੀ ਲੋਕਾਂ ਦੀ ਜ਼ੁਬਾਨ ਸੀ। 'ਵਸੀਹਤ', 'ਹੀਰਾ ਮੰਡੀ ਲਾਹੌਰ ਦੀ ਇਕ ਸ਼ਾਮ', 'ਅਲਵਿਦਾ', 'ਨਿੱਕੇ ਵੱਡੇ ਡਰ' ਵਰਗੀਆਂ ਉਸ ਦੀਆਂ ਕਵਿਤਾਵਾਂ ਸਦਾ ਜਿਊਂਦੀਆਂ ਹਨ।

ਉਹ ਪੰਜਾਬੀ ਗ਼ਜ਼ਲ ਦਾ ਅਜਿਹਾ ਹਸਤਾਖ਼ਰ ਹੈ, ਜੋ ਪੰਜਾਬੀ ਗ਼ਜ਼ਲਗੋਆਂ ਦੀ ਨਵੀਂ ਅਤੇ ਪੁਰਾਣੀ ਪੀੜ੍ਹੀ ਦਾ ਸੁਮੇਲ ਹੈ। ਜਦੀਦ ਰੰਗ ਵਿੱਚ ਲਿਖੀਆਂ ਗਈਆਂ ਉਸ ਦੀਆਂ ਗ਼ਜ਼ਲਾਂ ਵਿੱਚ ਸਮਾਜਿਕ ਤਬਦੀਲੀ ਦੇ ਜਜ਼ਬੇ ਨਾਲ ਲਬਰੇਜ਼ ਬਗ਼ਾਵਤੀ ਸੁਰ ਵੀ ਹੈ ਅਤੇ ਰਵਾਇਤੀ ਗ਼ਜ਼ਲਕਾਰੀ ਦਾ ਰੋਮਾਨੀ ਰੰਗ ਵੀ।

ਗ਼ਜ਼ਲ ਦੀ ਰਵਾਨੀ ਵਿੱਚ ਵਹਿੰਦਾ, ਉਸ ਦੇ ਵਿਚਾਰਾਂ ਦਾ ਪ੍ਰਵਾਹ ਬਹਿਰ-ਵਜ਼ਨ ਦੀਆਂ ਬੰਦਿਸ਼ਾਂ ਵਿੱਚ ਬੱਝਿਆ ਹੋਇਆ ਵੀ ਅਜ਼ੀਮ ਕਿਸਮ ਦੇ ਖੁੱਲ੍ਹੇਪਨ ਵਾਲਾ ਹੈ। ਉਹ ਇਕੋ ਸਮੇਂ, ਕਦੇ ਖੁੱਲ੍ਹੀ ਕਵਿਤਾ ਵਾਂਗ ਵਿਚਰਦਾ ਇਕ ਪ੍ਰੌੜ ਪ੍ਰੋਯਗਵਾਦੀ ਦਿਸਦਾ ਹੈ ਅਤੇ ਕਦੇ ਰਵਾਇਤੀ ਗ਼ਜ਼ਲ ਸਕੂਲਾਂ ਦੇ ਸਮਾਨੰਤਰ ਵਿਚਰਦਾ ਹੋਇਆ, ਇਕ ਪ੍ਰਯੋਗਸ਼ੀਲ ਸਕੂਲਧਾਰੀ। ਉਸਤਾਦੀ ਸ਼ਾਗਿਰਦੀ ਦਾ ਜ਼ਾਹਰਾ ਵਿਰੋਧ ਕਰਦਾ ਹੋਇਆ ਵੀ, ਉਹ ਆਪ ਪੰਡਤ ਦੀਨਾ ਨਾਥ ਤੋਂ ਪਿੰਗਲ ਅਤੇ ਆਰੂਜ਼ ਸਿੱਖ ਕੇ ਹੀ, ਉਰਦੂ ਕਹਾਣੀ ਲਿਖਣੀ ਛੱਡ ਕੇ, ਪੰਜਾਬੀ ਕਵਿਤਾ ਅਤੇ ਗ਼ਜ਼ਲ ਦੇ ਖੇਤਰ ਵਿੱਚ ਆਇਆ ਸੀ। ਇਸੇ ਕਰਕੇ ਉਹ ਬਹਿਰ-ਵਜ਼ਨ ਦੀਆਂ ਬੰਦਸ਼ਾਂ ਵਿੱਚ ਨਵੀਂ ਗ਼ਜ਼ਲ ਲਿਖਣ ਵਾਲਿਆਂ ਦਾ ਸਦਾ ਪ੍ਰਸ਼ੰਸਕ ਰਿਹਾ। ਪੰਜਾਬੀ ਵਿੱਚ ਗ਼ਜ਼ਲ ਅਤੇ ਖੁੱਲ੍ਹੀ ਕਵਿਤਾ ਨੂੰ ਇਕ ਦੂਸਰੇ ਦੇ ਵਿਰੋਧ ਵਿੱਚ ਖੜ੍ਹੇ ਕਰਨ ਅਤੇ ਇਕ ਤੋਂ ਵੱਧ ਦੂਸਰੀ ਵਿਧਾ ਨੂੰ ਉੱਤਮ ਜਾਂ ਦੋਮ ਸਿੱਧ ਕਰਨ ਦੀ ਲੜਾਈ ਕਈ ਵਾਰ ਭਖਦੀ ਰਹੀ ਹੈ। ਪਰ ਡਾਕਟਰ ਜਗਤਾਰ ਨੇ ਇਨ੍ਹਾਂ ਦੋਹਾਂ ਰੂਪਾਂ ਵਿੱਚ ਆਪਣੀ ਵਿਲੱਖਣਤਾ ਨੂੰ ਸਹਿਜ ਰੂਪ ਵਿੱਚ ਹੀ ਉਜਾਗਰ ਕੀਤਾ ਹੈ। ਉਸ ਦਾ ਆਪਣਾ ਵਿਚਾਰ ਸੀ

"ਗ਼ਜ਼ਲ ਉੱਡਦੇ ਜੁਗਨੂੰ ਵਾਂਗ ਹੁੰਦੀ ਹੈ। ਜੁਗਨੂੰ ਦੇ ਟਿਮਟਿਮਾ ਕੇ ਬੁਝਣ ਅਤੇ ਫਿਰ ਜਗਣ ਦਾ ਕਰਮ ਗ਼ਜ਼ਲ ਦੇ ਇਕ ਸ਼ੇਅਰ ਤੋਂ ਦੂਸਰੇ ਸ਼ੇਅਰ ਦੇ ਗੈਪ ਵਰਗਾ ਹੁੰਦਾ ਹੈ।

('ਮੈਂ ਤੇ ਮੇਰੀ ਰਚਨਾ' ਲਕੀਰ, ਪੰਨਾ : 42)

ਪੰਜਾਬੀ ਕਵਿਤਾ ਨਾਲ ਜੁੜੀ ਲਗਭਗ ਹਰ ਲਹਿਰ ਨਾਲ ਜੁੜਿਆ ਰਹਿਣ ਵਾਲਾ ਅਤੇ ਫੇਰ ਉਸ ਲਹਿਰ ਤੋਂ ਅੱਗੇ ਨਿਕਲ ਜਾਣ ਵਾਲਾ ਜਗਤਾਰ ਹਮੇਸ਼ਾ ਤਬਦੀਲੀ ਦਾ ਤਲਬਗਾਰ ਰਿਹਾ।

ਪੰਜਾਬੀ ਗ਼ਜ਼ਲ ਵਿੱਚ ਉਸ ਦਾ ਬਾਕਾਇਦਾ ਪ੍ਰਵੇਸ਼ 1980 ਵਿੱਚ ਛਪੇ 'ਸ਼ੀਸ਼ੇ ਦਾ ਜੰਗਲ' ਤੋਂ ਹੀ ਮੰਨਿਆ ਜਾਂਦਾ ਹੈ ਪਰ ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਪਿਛਲੇ ਵੀਹ ਸਾਲਾਂ ਵਿੱਚ ਲਿਖੇ ਹੋਣ ਦੀ ਭਰਪੂਰ ਗਵਾਹੀ ਭਰਦੀਆਂ ਹਨ। ਉਸ ਦੀ ਸ਼ਾਇਰੀ ਦੇ ਲੰਮੇ

ਸਫ਼ਰ ਵਿੱਚ 'ਜੁਗਨੂੰ ਦੀਵਾ ਤੇ ਦਰਿਆ' ਅਜਿਹਾ ਮੁਕਾਮ ਹੈ, ਜਿਸ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ (1996) ਵੀ ਪ੍ਰਾਪਤ ਹੋਇਆ।

ਉਸ ਨੇ ਗ਼ਜ਼ਲ ਨੂੰ ਇਕ ਮਿਸ਼ਨ ਵਾਂਗ ਅਪਣਾਇਆ, ਸਾਹਿਤ ਇਤਿਹਾਸ ਅਤੇ ਸੱਭਿਆਚਾਰ ਦੀਆਂ ਪਰਤਾਂ ਵਿਚੋਂ ਗ਼ਜ਼ਲ ਰੂਪਾਕਾਰ ਦੇ ਬੀਜਾਂ ਨੂੰ ਪਛਾਣਿਆ ਅਤੇ ਗ਼ਜ਼ਲ ਦੀ ਰੂਹ ਨੂੰ ਨਿਹਾਰ ਕੇ ਅਤੇ ਸਮਕਾਲੀ ਭਾਵਬੋਧ ਨਾਲ ਇਸ ਨੂੰ ਓਤਪੋਤ ਕਰਕੇ ਅਜਿਹੇ ਸ਼ਬਦ ਪ੍ਰਯੋਗਾਂ ਵਿੱਚ ਢਾਲਿਆ ਕਿ ਗ਼ਜ਼ਲਕਾਰੀ ਉਸ ਦਾ ਸੁਭਾਅ ਬਣ ਗਈ, ਅਕੀਦਾ ਬਣ ਗਈ:-

ਗ਼ਜ਼ਲਾਂ ਦੇ ਸ਼ਿਅਰ ਕਹਿਣਾ, ਇਸ ਤਰ੍ਹਾਂ ਹੈ ਜੀਕੂੰ,
ਪਾਣੀ 'ਚ ਮੇਖ਼ ਗੱਡਣੀ, ਪੌਣਾਂ 'ਚ ਰੰਗ ਭਰਨਾ

ਪਾਣੀ ਵਿੱਚ ਮੇਖ ਗੱਡਣ ਅਤੇ ਪੌਣਾਂ ਵਿੱਚ ਰੰਗ ਭਰਨ ਦੀ ਇਸ ਵਿਕੋਲਿਤਰੀ ਪ੍ਰਕਿਰਿਆ ਨੂੰ ਡਾਕਟਰ ਜਗਤਾਰ ਦੀ ਸਿਰਜਣਸ਼ੀਲਤਾ ਨੇ ਇਕ ਨਵਾਂ ਮੋੜ ਦਿੱਤਾ। ਡਾਕਟਰ ਜਗਤਾਰ ਦੀ ਵਿਲੱਖਣਤਾ ਉਸ ਦੀ ਬੇਬਾਕੀ ਅਤੇ ਉਸ ਦੇ ਸਿਰੜ ਨਾਲ ਜੁੜੀ ਹੋਈ ਹੈ। ਉਸ ਕੋਲ ਕਹਿਣ ਲਈ ਗੱਲਾਂ ਸਨ, ਪ੍ਰਗਟਾਉਣ ਲਈ ਵਿਚਾਰ ਸਨ, ਲਿਖਣ ਲਈ ਸ਼ਬਦ ਸਨ ਅਤੇ ਸੁਣਾਉਣ ਲਈ ਅੰਦਾਜ਼ ਸੀ। ਉਸ ਨੂੰ ਮੌਕੇ ਅਨੁਸਾਰ ਅੱਗੇ ਵਧਣਾ ਆਉਂਦਾ ਸੀ। ਵਿਚਾਰਾਂ ਨੂੰ ਸ਼ਬਦਾਂ ਵਿੱਚ ਢਾਲਣ ਦੀ ਕਲਾ ਨਾਲ ਭਰਪੂਰ ਡਾਕਟਰ ਜਗਤਾਰ :-

ਹਰ ਮੋੜ 'ਤੇ ਸਲੀਬਾਂ ਹਰ ਪੈਰ 'ਤੇ ਹਨ੍ਹੇਰਾ
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਵੇਖ ਜੇਰਾ।(1970)

ਵਰਗੇ ਸ਼ਿਅਰਾਂ ਕਰਕੇ ਜਾਣਿਆ ਜਾਂਦਾ ਹੈ। ਉਸ ਦੀ ਸ਼ਬਦਾਵਲੀ,ਉਸ ਦੇ ਬਿੰਬ, ਉਸ ਦੇ ਚਿੰਨ੍ਹ, ਜ਼ਿੰਦਗੀ ਦੀ ਅਗਰਸਰਤਾ ਨਾਲ ਜੁੜੇ ਹੋਏ ਹਨ। ਜਿਨ੍ਹਾਂ ਵਿੱਚੋਂ ਵਰਤਮਾਨ ਦੀ ਉਪਰਾਮਤਾ ਅਤੇ ਭਵਿੱਖ ਦਾ ਉਜਾਲਾ ਝਲਕਦਾ ਹੈ। ਉਸ ਦੀਆਂ ਰਚਨਾਵਾਂ ਵਿੱਚ ਵਾਰ-ਵਾਰ ਆਉਣ ਵਾਲੇ ਸ਼ਬਦਾਂ ਨੂੰ ਨਿਹਾਰੀਏ ਤਾਂ ਜ਼ਿੰਦਗੀ ਦੇ ਸਾਰੇ ਰੰਗ ਵਿਭਿੰਨ ਚਿੰਨ੍ਹਾਂ-ਸੰਕਲਪਾਂ ਰਾਹੀਂ ਸਹਿਜ ਰੂਪ ਵਿੱਚ ਹੀ ਸਾਕਾਰ ਹੁੰਦੇ ਦਿਸਦੇ ਹਨ। 'ਜੰਗਲ, ਜੁਗਨੂੰ, ਹਨ੍ਹੇਰਾ, ਸਲੀਬ, ਬੇੜੀਆਂ, ਸੰਗੀਨਾਂ, ਮਕਤਲ, ਕਾਤਿਲ, ਮੰਜ਼ਿਲ, ਮੁਸਾਫ਼ਰ, ਪੱਥਰ, ਖ਼ੂਨ, ਤਨਹਾਈ, ਝੱਖੜ, ਸ਼ੀਸ਼ਾ, ਜ਼ੁਲਫ਼, ਜੰਜ਼ੀਰ, ਦਰਿਆ, ਕਬਰ, ਪਰਿੰਦਾ, ਬਸਤੀ, ਹਾਦਸਾ, ਦਰਦ, ਜਜ਼ੀਰਾ, ਤਿਤਲੀ, ਫੁੱਲ, ਖ਼ੁਸ਼ਬੂ ਆਦਿ ਸ਼ਬਦਾਂ-

ਸੰਕਲਪਾਂ ਵਿੱਚੋਂ ਕੋਈ ਨਾ ਕੋਈ ਕਿਸੇ ਨਾ ਕਿਸੇ ਰੂਪ ਵਿੱਚ ਉਸ ਦੀ ਗ਼ਜ਼ਲ ਵਿੱਚ ਹਾਜ਼ਰ ਰਹਿੰਦਾ ਹੈ।

ਜਗਤਾਰ ਦੀ ਵਿਲੱਖਣਤਾ ਇਸ ਵਿੱਚ ਵੀ ਹੈ ਕਿ ਉਸ ਦੀ ਆਧੁਨਿਕਤਾ ਵਿੱਚੋਂ ਪਰੰਪਰਾ ਝਾਕਦੀ ਹੈ ਅਤੇ ਉਸ ਦੇ ਰਵਾਇਤੀ ਰੰਗ ਵਿੱਚੋਂ ਆਧੁਨਿਕਤਾ ਝਲਕਦੀ ਹੈ। ਆਧੁਨਿਕਤਾ ਦਾ ਪਰੰਪਰਾ ਨਾਲ ਤਵਾਜ਼ਨ ਬਣਾਈ ਰੱਖਣ ਦਾ ਵੱਲ ਉਸ ਨੂੰ ਆਉਂਦਾ ਸੀ। ਇਸੇ ਕਰਕੇ ਉਹ ਬਹਿਰ ਵਜ਼ਨ ਵਿੱਚ ਗ਼ਜ਼ਲ ਲਿਖ ਕੇ ਵੀ ਬਹਿਰ-ਵਜ਼ਨ ਦੀ ਕੱਟੜਤਾ ਦਾ ਹਾਮੀ ਨਹੀਂ ਸੀ। ਇਥੋਂ ਤੱਕ ਕਿ ਅਜਿਹੇ ਕੱਟੜਪੰਥੀਆਂ ਨੂੰ ਉਹ ਬਹੁਤ ਕੌੜਾ ਹੋ ਕੇ ਟੱਕਰਦਾ ਸੀ:-

ਕੁਝ ਲੋਕ ਪਟਵਾਰੀ ਤਰ੍ਹਾਂ, ਗ਼ਜ਼ਲਾਂ ਨੇ ਮਾਪਦੇ
ਮਫ਼ਊਲ ਫ਼ਾਇਲਾਤ ਦੀ ਹੱਥ ਵਿਚ ਜਰੀਬ ਹੈ-

'ਜਗਤਾਰ' ਉਹ ਗ਼ਜ਼ਲ ਦੇ ਉਸਤਾਦ ਬਣ ਰਹੇ ਨੇ
ਜੋ ਲੋਕ ਤੂੰ ਕਦੇ ਸੀ, ਤੋਤੇ ਤਰ੍ਹਾਂ ਪੜ੍ਹਾਏ।

'ਜ਼ੌਕ' ਤੇ 'ਦਾਗ਼' ਦੇ ਪਾਲੇ ਤੋਤੇ ਕਈ
ਬਹਿ ਕੇ ਖੰਡਰਾਤ ਤੇ ਕਰ ਰਹੇ ਮਸ਼ਵਰਾ
ਇਸ ਪਰਿੰਦੇ ਦੇ ਪਰ ਨੋਚ ਕੇ ਸੁੱਟ ਦਿਓ
ਇਸ ਨੂੰ ਕੀ ਪਤੈ ਬਹਿਰ ਦਾ, ਤਾਲ ਦਾ।

ਸਿਰਫ਼ ਅਤੇ ਸਿਰਫ਼ ਬਹਿਰ-ਵਜ਼ਨ ਨੂੰ ਗ਼ਜ਼ਲਕਾਰੀ ਸਮਝਣ ਵਾਲਿਆਂ ਦਾ ਵਿਸ਼ਲੇਸ਼ਣ ਕਰਦਿਆਂ ਉਹ ਹਮੇਸ਼ਾ ਵਿਚਾਰ ਨੂੰ ਸ਼ਾਇਰੀ ਦੇ ਮੂਲ ਨਾਲ ਜੋੜਦਾ ਸੀ। 'ਚੋਣਵੀ ਪੰਜਾਬੀ ਗ਼ਜ਼ਲ' ਦੀ ਭੂਮਿਕਾ ਵਿੱਚ ਉਸ ਨੇ ਲਿਖਿਆ ਸੀ -

"ਕੁਝ ਲੋਕ ਲਕੀਰ ਦੇ ਫ਼ਕੀਰ ਹਨ ਤੇ ਪੁਰਾਣੀਆਂ ਰਵਾਇਤਾਂ ਦੇ ਜਕੜਬੰਦਾਂ ਵਿੱਚ ਜਕੜ ਕੇ ਗ਼ਜ਼ਲ ਨੂੰ ਮਾਰ ਦੇਣਾ ਚਾਹੁੰਦੇ ਹਨ ਤੇ ਕੁਝ ਇਕ ਆਲੋਚਕ ਇਸ ਦੀਆਂ ਸੀਮਾਵਾਂ ਨੂੰ ਨਾ ਸਮਝਦੇ ਹੋਏ, ਇਸ ਨੂੰ ਆਪਣੇ ਅਨੁਸਾਰ ਢਾਲਣ ਦਾ ਯਤਨ ਕਰ ਰਹੇ ਹਨ। ਜਿਹੜੇ ਲੋਕ ਅਰਬੀ, ਫ਼ਾਰਸੀ ਅਰੂਜ਼ ਦੇ ਨਿਯਮ ਪੰਜਾਬੀ ਗ਼ਜ਼ਲ 'ਤੇ ਠੋਸਣਾ ਚਾਹੁੰਦੇ ਹਨ, ਉਹ ਭੁੱਲ ਜਾਂਦੇ ਹਨ ਕਿ ਹਰ ਜ਼ੁਬਾਨ ਦਾ ਆਪਣਾ ਆਪਣਾ ਸੁਭਾਅ ਹੁੰਦਾ ਹੈ।"

(ਪੰਨਾ-3)

ਪੰਜਾਬੀ ਜ਼ੁਬਾਨ ਦੇ ਸੁਭਾਅ ਅਨੁਸਾਰ ਪੰਜਾਬੀ ਗ਼ਜ਼ਲ ਨੂੰ ਢਾਲਣ ਦਾ ਯਤਨ ਕਰਦਿਆਂ ਉਸ ਨੇ ਤਿੰਨ ਅੱਖਰੀ ਸ਼ਬਦਾਂ ਨੂੰ ਨਵੇਂ ਵਜ਼ਨਾਂ ਵਿੱਚ ਬੰਨ੍ਹਣ ਜਿਵੇਂ ਅਸ+ਰ, ਕਬ+ਰ, ਸਬ+ਰ ਨੂੰ ਅ+ਸਰ, ਕ+ਬਰ, ਸ+ਬਰ... ਅਤੇ ਅੱਧਕ ਦੀ ਵਰਤੋਂ ਨੂੰ ਰਵਾਇਤ ਨਾਲੋਂ ਨਖੇੜ ਕੇ ਅਗ-ਅੱਗ, ਅਜ-ਅੱਜ ਇਕ-ਇੱਕ, ਛਡ-ਛੱਡ ਆਦਿ ਵਰਤਣ ਦੀ ਵਕਾਲਤ ਕੀਤੀ। ਇਸ ਦੇ ਨਾਲ-ਨਾਲ ਉਸ ਨੇ, ਬੰਦਸ਼ਾਂ ਤੋੜ ਕੇ ਗ਼ਜ਼ਲ ਲਿਖਣ ਦੇ ਗਰੂਰ ਨੂੰ ਆਪਣੀ ਰਚਨਾ ਦਾ ਅੰਗ ਵੀ ਬਣਾਇਆ:-

ਜਿਸ ਨੂੰ ਦਾਅਵਾ ਹੈ ਪਿੰਗਲ ਦਾ ਮੇਰੇ ਵਰਗੇ ਸ਼ੇਅਰ ਕਹੇ,
ਜੇ ਨਹੀਂ ਸੋਚ ਬੁਲੰਦੀ ਜਜ਼ਬਾ, ਕਿਸ ਕੰਮ ਇਹ ਫੇਲਨ ਫੇਲਾਤ

ਇਸ ਸ਼ੇਅਰ ਵਿੱਚ ਵੀ ਉਸ ਨੇ ਫਾਇਲਾਤ ਨੂੰ ਆਪਣੀ ਸੁਵਿਧਾ ਅਨੁਸਾਰ ਫੇਲਾਤ ਬਣਾ ਲਿਆ। ਅਜਿਹੀਆਂ ਖੁੱਲ੍ਹਾਂ ਦੀ ਵਾਰ ਵਾਰ ਗੱਲ ਕਰਦਿਆਂ ਉਸ ਨੇ ਕਿਹਾ ਸੀ :-

"ਸਾਨੂੰ ਆਪਣੀ ਭਾਸ਼ਾ ਦੇ ਸੁਭਾਅ ਅਨੁਸਾਰ ਅਰੂਜ਼ ਨੂੰ ਢਾਲ ਕੇ, ਉਸ ਵਿੱਚੋਂ ਗ਼ੈਰ-ਜ਼ਰੂਰੀ ਪਾਬੰਦੀਆਂ ਤਿਆਗ਼ ਦੇਣੀਆਂ ਚਾਹੀਦੀਆਂ ਹਨ ਜਾਂ ਫੇਰ ਬੈਂਤ, ਦੋਹਰਾ, ਕੋਰੜਾ ਛੰਦ ਆਦਿ ਵਿੱਚ ਗ਼ਜ਼ਲਾਂ ਕਹਿਣੀਆਂ ਚਾਹੀਦੀਆਂ ਹਨ। ਪਰ ਜਿਹੜੇ ਬਹਿਰ ਜਿਵੇਂ ਮੁਤਕਾਰਿਬ (ਫਊਲੁਨ ਫਾਊਲੁਨ) ਮੁਤਦਾਰਿਕ (ਫੇਲੁਨ ਫੇਲੁਨ) ਅਤੇ ਹਜ਼ਜ (ਮੁਫਾਈਲੁਨ ਮੁਫਾਈਲੁਨ) ਆਦਿ ਪੰਜਾਬੀ ਲਈ ਢੁਕਵੇਂ ਹਨ, ਉਨ੍ਹਾਂ ਨੂੰ ਅਪਣਾ ਲੈਣਾ ਚਾਹੀਦਾ ਹੈ। ਪਰ ਛੰਦ ਭਾਵੇਂ ਕੋਈ ਵੀ ਹੋਵੇ, ਉਸ ਦੇ ਨਿਯਮਾਂ ਵਿੱਚ ਹੋਰ ਖੁੱਲ੍ਹਾਂ ਨਹੀਂ ਦਿੱਤੀਆਂ ਜਾ ਸਕਦੀਆਂ।"

'ਚੋਣਵੀ ਪੰਜਾਬੀ ਗ਼ਜ਼ਲ' (ਪੰਨਾ 13)

ਆਪਣੇ ਇਨ੍ਹਾਂ ਵਿਚਾਰਾਂ ਉੱਤੇ ਪਹਿਰਾ ਦਿੰਦਿਆਂ ਹੀ ਉਸ ਨੇ ਖੁੱਲ੍ਹੀ ਗ਼ਜ਼ਲ ਲਿਖਣ ਦੀ ਵਿਰੋਧਤਾ ਕੀਤੀ। ਗ਼ਜ਼ਲ ਨੂੰ ਕਾਫ਼ੀਏ ਅਤੇ ਰਦੀਫ਼ ਦੀ ਕੈਦ ਤੋਂ ਮੁਕਤ ਕਰਨ ਦੇ ਵਿਚਾਰ ਦਾ ਵੀ ਉਸ ਨੇ ਆਪਣੀਆਂ ਦਲੀਲਾਂ ਦੇ ਕੇ ਵਿਰੋਧ ਕੀਤਾ ਸੀ। ਉਸ ਨੇ ਕਿਹਾ ਸੀ:- 'ਕਾਫ਼ੀਆ-ਰਦੀਫ਼ ਜਿਥੇ ਖ਼ਿਆਲ ਦੇ ਅਭਿਵਿਅਕਤ ਹੋਣ ਵਿੱਚ ਰੁਕਾਵਟ ਪਾਉਂਦੇ ਹਨ, ਉਥੇ ਸ਼ਿਅਰ ਵਿੱਚ ਸੰਗੀਤਕਤਾ ਲਿਆਉਣ ਦਾ ਵਸੀਲਾ ਵੀ ਹਨ।' 'ਚੋਣਵੀਂ ਪੰਜਾਬੀ ਗ਼ਜ਼ਲ' (ਪੰਨਾ, 12)

ਗ਼ਜ਼ਲ ਦੇ 'ਮਤਲੇ' ਅਤੇ 'ਮਕਤੇ' ਦੀ ਰਵਾਇਤ ਨੂੰ ਨਵੇਂ ਪ੍ਰਯੋਗਾਂ ਵਿੱਚ ਢਾਲਣ ਦਾ ਯਤਨ ਕਰਦਿਆਂ ਜਗਤਾਰ ਨੇ ਆਪਣੇ ਨਾਂ ਨੂੰ 'ਮਤਲੇ' ਵਿੱਚ ਵਰਤ ਕੇ ਪੰਜਾਬੀ ਵਿਚ ਇਕ ਨਵੀਂ ਰਵਾਇਤ ਸ਼ੁਰੂ ਕਰਨ ਦਾ ਯਤਨ ਵੀ ਕੀਤਾ। ਉਸ ਦੀਆਂ ਬਹੁਤ ਸਾਰੀਆਂ ਗ਼ਜ਼ਲਾਂ ਵਿੱਚ ਉਸ ਦਾ ਨਾਂ ਦੋ ਦੋ ਵਾਰੀ ਹਾਜ਼ਰ ਹੈ ।ਮਤਲੇ ਵਿੱਚ ਵੀ ਅਤੇ ਮਕਤੇ ਵਿੱਚ ਵੀ। ਜਿਵੇਂ :-

ਇਸ ਪਹਾੜੀ ਸ਼ਹਿਰ ਵਿੱਚ, 'ਜਗਤਾਰ' ਤੇਰਾ ਹੈ ਉਦਾਸ
ਨਾ ਹਵਾ ਤੇ ਨਾ ਫਜ਼ਾ, ਨਾ ਰੰਗ ਹੀ ਆਏ ਨੇ ਰਾਸ
-(ਮਤਲਾ)
ਵੇਖੀਏ ਇਸ ਸ਼ਹਿਰ ਦੀ 'ਜਗਤਾਰ' ਨੂੰ ਮਿਲਣੀ ਸਜ਼ਾ
ਕਹਿ ਰਿਹਾ ਹੈ ਲਾ ਇਲਾ ਤੇ ਫਿਰ ਰਿਹਾ ਹੈ ਬੇਲਿਬਾਸ
-(ਮਕਤਾ)
ਸੁਣਨਾ ਨਹੀਂ ਗਵਾਰਾ, ਜਿਹਨਾਂ ਨੂੰ ਨਾਮ ਤੇਰਾ
'ਜਗਤਾਰ' ਉਹ ਕਬੂਲਣ, ਕੀਕੂੰ ਸਲਾਮ ਤੇਰਾ
-(ਮਤਲਾ)
ਮਹਿੰਦੀ ਦੀ ਮਹਿਕ ਆਵੇ, ਉਸ ਨੇ ਨਾ ਹੋਵੇ ਲਿਖਿਆ
ਉਜੜੇ ਕਿਲੇ ਦੇ ਮੱਥੇ, 'ਜਗਤਾਰ' ਨਾਮ ਤੇਰਾ।
-(ਮਕਤਾ)

ਉਸ ਨੇ ਆਪਣੀਆਂ ਜ਼ਿਆਦਾ ਗ਼ਜ਼ਲਾਂ ਦਰਮਿਆਨੀਆਂ ਅਤੇ ਲੰਮੀਆਂ ਬਹਿਰਾਂ ਵਿੱਚ ਲਿਖੀਆਂ। ਛੋਟੀ ਬਹਿਰ ਵਿੱਚ ਉਸ ਦੀਆਂ ਗ਼ਜ਼ਲਾਂ ਬਹੁਤ ਘੱਟ ਹਨ। ਸ਼ਾਇਦ ਇਸ ਕਰਕੇ ਕਿ ਉਹ ਵਿਚਾਰਾਂ ਦੇ ਨਵੇਂਪਨ ਉੱਤੇ ਜ਼ਿਆਦਾ ਕੇਂਦਰਿਤ ਰਹਿੰਦਾ ਸੀ ਅਤੇ ਪ੍ਰਯੋਗ ਨੂੰ ਸਿਰਫ਼ ਪ੍ਰਯੋਗ ਮਾਤਰ ਤੱਕ ਘਟਾ ਕੇ ਨਹੀਂ ਵੇਖਦਾ ਸੀ।

ਉਹ ਜੋ ਵੀ ਲਿਖਦਾ ਸੀ, ਉਸ ਦਾ ਜ਼ਿੰਦਗੀ ਨਾਲ ਬਹੁਤ ਨੇੜੇ ਦਾ ਵਾਸਤਾ ਹੁੰਦਾ। ਉਸ ਦੀਆਂ ਗ਼ਜ਼ਲਾਂ ਵਿੱਚੋਂ ਹੀ ਉਸ ਦੇ ਗ਼ਜ਼ਲ-ਸ਼ਾਸਤਰ ਦੀ ਤਲਾਸ਼ ਕਰਨੀ ਹੋਵੇ ਤਾਂ ਉਸ ਦੇ ਸ਼ਿਅਰ ਪੁਕਾਰ ਪੁਕਾਰ ਕੇ ਬੋਲਦੇ ਹਨ :-

ਹਰ ਗ਼ਜ਼ਲ ਵਿੱਚ ਧੜਕਦਾ ਹੈ, ਮੇਰਾ ਦਿਲ ਮੇਰਾ ਲਹੂ
ਮੇਰਿਆਂ ਸ਼ਬਦਾਂ 'ਚ ਤੇਰੀ ਹਿਨਾ ਹੈ ਰੁਸ਼ਨਾ ਰਹੀ

ਕੁਰਸੀਆਂ ਨੂੰ ਲੋਕ ਅੱਜਕਲ੍ਹ ਪੂਜਦੇ ਜਗਤਾਰ ਜੀ,
ਕੌਣ ਸ਼ਾਇਰ ਨੂੰ ਤੇ ਕਿਹੜਾ ਸ਼ਿਅਰ ਨੂੰ ਹੈ ਪਰਖਦਾ।

ਜਾਗਦੇ ਵਿਚਾਰਾਂ ਨੂੰ ਸੁੰਦਰ ਸ਼ਬਦਾਂ ਵਿੱਚ ਇਸ ਤਰ੍ਹਾਂ ਪਰੋਣ ਅਤੇ ਜ਼ਿੰਦਗੀ ਦੀਆਂ ਮੁਸ਼ਕਿਲਾਂ ਨੂੰ, ਗੁੰਝਲਦਾਰ ਪਰਤਾਂ ਨੂੰ, ਸ਼ਾਇਰੀ ਦੀ ਜ਼ੁਬਾਨ ਵਿੱਚ ਇਸ ਤਰ੍ਹਾਂ ਢਾਲਣ ਵਾਲੇ ਜਗਤਾਰ ਵਰਗੇ ਬੇਬਾਕ ਸ਼ਾਇਰ ਵਿਰਲੇ ਹੀ ਹਨ, ਜਿਨ੍ਹਾਂ ਦੇ ਹਿੱਸੇ ਅਜਿਹੇ ਸ਼ਿਅਰ ਲਿਖਣੇ ਆਏ ਹੋਣ ਕਿ ਉਨ੍ਹਾਂ ਨੂੰ ਪੜ੍ਹਨ ਵਾਲੇ ਆਪਣੇ ਵਿਰਸੇ ਉੱਤੇ ਮਾਣ ਕਰ ਸਕਣ।

ਕਤਲਗਾਹ ਵਿੱਚ ਸਿਰ ਝੁਕਾ ਕੇ ਕਿਉਂ ਤੁਰਾਂ
ਮੈਂ ਕਿਸੇ ਕੀਤੀ 'ਤੇ ਸ਼ਰਮਿੰਦਾ ਨਹੀਂ

ਜ਼ਿੰਦਗੀ ਦੇ ਸੱਚ ਨੂੰ ਲਿਖਣਾ ਅਤੇ ਅਜਿਹੀ ਲੇਖਣੀ ਦਾ ਪਰਚਮ ਹੱਥਾਂ ਵਿੱਚ ਲੈ ਕੇ ਅਡੋਲ ਖੜ੍ਹੇ ਹੋਣ ਉੱਤੇ ਮਾਣ ਮਹਿਸੂਸ ਕਰਨਾ, ਜਗਤਾਰ ਦਾ ਹਾਸਿਲ ਹੈ। ਅਜਿਹੇ ਹਾਸਿਲ ਕਰਕੇ ਹੀ ਉਹ ਸਮੁੱਚੀ ਪੰਜਾਬੀ ਗ਼ਜ਼ਲ ਦਾ ਅਮਿੱਟ ਹਸਤਾਖ਼ਰ ਹੈ। ਅਜਿਹੇ ਹਸਤਾਖ਼ਰ ਹੀ ਬਾਹਾਂ ਫੈਲਾ ਕੇ ਸਮੇਂ ਨੂੰ ਅਤੇ ਸਮੇਂ ਦੇ ਸ਼ਾਇਰਾਂ ਨੂੰ ਵੰਗਾਰ ਕੇ ਕਹਿ ਸਕਦੇ ਸਨ :

ਹਨ੍ਹੇਰੇ ਵਿੱਚ ਮੁਰਝਾਏ,
ਧੁਆਂਖੇ ਜ਼ਰਦ ਚਿਹਰੇ ਨੂੰ
ਜੇ ਸ਼ਾਇਰ ਏਂ ਯਥਾਰਥ ਦਾ
ਨਾ ਐਵੇਂ ਆਫ਼ਤਾਬ ਲਿਖ

ਸਮਾਂ ਪਾ ਕੇ ਮਰ ਜਾਏਗੀ
ਉਸ ਸ਼ਾਇਰੀ ਦਾ ਕੀ ਫ਼ਾਇਦਾ
ਸੋ ਸਦੀਆਂ ਤੱਕ ਰਹੇ ਜ਼ਿੰਦਾ
ਕੋਈ ਐਸੀ ਕਿਤਾਬ ਲਿਖ

ਸਦੀਆਂ ਤੀਕ ਜ਼ਿੰਦਾ ਰਹਿਣ ਵਾਲੀ ਸ਼ਾਇਰੀ ਦਾ ਇਹ ਸ਼ਾਇਰ ਹਰ ਸਮੇਂ ਮੇਰੇ ਅੰਗ ਸੰਗ ਰਹਿੰਦਾ ਹੈ। ਬਹੁਤ ਯਾਦ ਆਉਂਦਾ ਹੈ,ਉਸ ਦਾ ਗੱਲ-ਗੱਲ ਉੱਤੇ ਖਿੱਝਣਾ,

ਵਿਸ਼ਵਾਸ ਨਾਲ ਭਰੇ ਰਹਿਣਾ, ਸੱਤਾ ਅਤੇ ਸਥਾਪਤੀ ਨੂੰ ਪੂਰੇ ਜਲੌਅ ਨਾਲ ਵੰਗਾਰਨਾ ਅਤੇ ਬੇਬਾਕੀ ਨਾਲ ਆਪਣੇ ਵਿਚਾਰ ਪ੍ਰਗਟ ਕਰ ਦੇਣਾ... ਉਸ ਦੀ ਇਕ ਮੁੱਲਵਾਨ ਪ੍ਰਾਪਤੀ 'ਕਲਾ ਸਿਰਜਕ' ਰਸਾਲੇ ਦੀ ਸੰਪਾਦਨਾ ਕਰਨਾ ਵੀ ਸੀ, ਜਿਸ ਵਿੱਚ ਉਹ ਸਿਹਤਮੰਦ ਸਾਹਿਤ ਨੂੰ ਛਾਪਦਾ। ਪਾਕਿਸਤਾਨ ਵਿੱਚ ਰਚੇ ਜਾਂਦੇ ਪੰਜਾਬੀ ਸਾਹਿਤ ਨੂੰ ਗੁਰਮੁਖੀ ਲਿੱਪੀ ਵਿੱਚ ਛਾਪ ਕੇ ਪਾਠਕਾਂ ਤੱਕ ਪਹੁੰਚਾਉਣਾ ਉਸ ਦਾ ਅਕੀਦਾ ਰਿਹਾ।

ਉਸ ਦੀ ਵਿਰਾਸਤ ਨੂੰ ਜ਼ਿੰਦਾ ਰੱਖਣ ਲਈ ਉਸੇ ਵੱਲੋਂ ਸਥਾਪਤ ਕੀਤੀ ਹੋਈ ਸੰਸਥਾ 'ਫੁਲਕਾਰੀ' ਹਰ ਸਾਲ ਜਗਤਾਰ ਯਾਦਗਾਰੀ ਪੁਰਸਕਾਰ ਦੇਣ ਲਈ ਸਮਾਗਮ ਕਰਦੀ ਹੈ।ਉਸ ਦੀਆਂ ਧੀਆਂ ਕੰਚਨ ਅਤੇ ਨੀਰੂ ਆਪਣੀ ਮਾਤਾ ਨੂੰ ਨਾਲ ਲੈ ਕੇ ਹਰ ਸਾਲ ਇਸ ਸਮਾਗਮ ਵਿੱਚ ਸ਼ਾਮਿਲ ਹੁੰਦੀਆਂ ਹਨ। ... ਮੈਨੂੰ ਹਰ ਵਾਰ ਲਗਦਾ ਜਿਵੇਂ ਜਗਤਾਰ ਇਹ ਪੁਰਸਕਾਰ ਆਪ ਹੀ ਦੇ ਰਿਹਾ ਹੋਵੇ...

ਪਿਛਲੇ ਸਾਲ ਇਹ ਪੁਰਸਕਾਰ ਪ੍ਰਾਪਤ ਕਰਦਿਆਂ ਸੁਰਜੀਤ ਪਾਤਰ ਨੇ ਕਿਹਾ ਸੀ "ਪੁਰਸਕਾਰ ਦੇਣ ਲਈ ਪ੍ਰਬੰਧਕਾਂ ਦਾ ਬਹੁਤ ਬਹੁਤ ਧੰਨਵਾਦ ।ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜੇਕਰ ਆਪਣੀ ਯਾਦ ਵਿੱਚ ਇਹ ਪੁਰਸਕਾਰ ਡਾਕਟਰ ਜਗਤਾਰ ਨੇ ਆਪ ਦੇਣਾ ਹੁੰਦਾ ਤਾਂ ਵੀ ਇਹ ਪੁਰਸਕਾਰ ਉਹ ਮੈਨੂੰ ਹੀ ਦਿੰਦਾ।"......।

••

# ਡਾ. ਗੁਰਬਖ਼ਸ਼ ਸਿੰਘ ਫ਼ਰੈਂਕ



(01 ਸਤੰਬਰ, 1935 — 14 ਅਪ੍ਰੈਲ, 2022)

# ਸੁਹਜ, ਸਹਿਜ ਅਤੇ ਸਿਰੜ ਦੀ ਤ੍ਰਿਵੈਣੀ

1981 ਵਿਚ ਮੈਂ ਡਾਕਟਰ ਗੁਰਬਖ਼ਸ਼ ਸਿੰਘ ਫ਼ਰੈਂਕ ਨੂੰ ਪਹਿਲੀ ਵਾਰ ਵੇਖਿਆ ਸੀ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਰੀਡਰ ਸਨ। ਮੈਂ ਐੱਮ.ਫਿਲ ਪੰਜਾਬੀ ਵਿੱਚ ਦਾਖਲ ਹੋਇਆ ਤਾਂ ਯੂਨੀਵਰਸਿਟੀ ਵਿੱਚ ਸਾਨੂੰ ਪੜ੍ਹਾਉਣ ਵਾਲਿਆਂ ਵਿੱਚ ਡਾ. ਗੁਰਬਖ਼ਸ਼ ਸਿੰਘ ਫ਼ਰੈਂਕ ਦੇ ਨਾਲ-ਨਾਲ ਡਾਕਟਰ ਜੋਗਿੰਦਰ ਸਿੰਘ ਰਾਹੀ, ਡਾ. ਆਤਮਜੀਤ ਸਿੰਘ (ਭਾਸ਼ਾ ਵਿਗਿਆਨੀ), ਡਾ. ਪਿਆਰ ਸਿੰਘ, ਡਾ. ਕਰਨੈਲ ਸਿੰਘ ਥਿੰਦ, ਡਾ. ਸਤਿੰਦਰ ਸਿੰਘ ਅਤੇ ਡਾਕਟਰ ਹਰਜਿੰਦਰ ਸਿੰਘ ਢਿੱਲੋਂ ਵਰਗੇ ਦਿੱਗਜ਼ ਸਨ। ਇਨ੍ਹਾਂ ਸਾਰੇ ਕੱਦਵਾਰ ਅਧਿਆਪਕਾਂ ਵਿੱਚ ਡਾਕਟਰ ਫ਼ਰੈਂਕ ਮੈਨੂੰ ਇਸ ਕਰਕੇ ਵੀ ਵਿਸ਼ੇਸ਼ ਦਿਸਦੇ ਸਨ ਕਿ ਉਹ ਸਾਲਾਂ-ਸਾਲਾਂ ਤੱਕ ਮਾਸਕੋ ਵਿੱਚ ਰਹਿ ਕੇ ਆਏ ਸਨ।

'ਮੈਂ ਉਨ੍ਹਾਂ ਦਿਨਾਂ ਵਿੱਚ 'ਨਵਾਂ ਜ਼ਮਾਨਾ' ਦਾ ਉੱਪ-ਸੰਪਾਦਕ-ਕਮ ਮੈਗਜ਼ੀਨ ਸੰਪਾਦਕ ਸਾਂ। ਉਂਝ ਮੇਰੇ ਇਹ ਦਿਨ ਸਰਗਰਮ ਕਮਿਊਨਿਸਟ ਸਿਆਸਤ ਤੋਂ ਉਪਰਾਮਤਾ ਵਾਲੇ ਦਿਨ ਸਨ। ਮੈਂ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਕੁਝ ਸਥਾਨਕ ਕਾਰਨਾਂ ਕਰਕੇ ਅਸਤੀਫ਼ਾ ਦੇ ਚੁੱਕਾ ਸਾਂ, ਪਰ ਅਜੇ 'ਨਵਾਂ ਜ਼ਮਾਨਾ' ਦਾ ਹਿੱਸਾ ਸਾਂ। ਵਿਚਾਰਧਾਰਾ ਨਾਲ ਪ੍ਰਤੀਬੱਧਤਾ ਅਜੇ ਕਾਇਮ ਸੀ। 'ਮੇਰਾ ਦਾਗ਼ਿਸਤਾਨ' ਸਮੇਤ ਮੈਂ ਉਹ ਦਰਜਨਾਂ ਕਿਤਾਬਾਂ ਪੜ੍ਹ ਚੁੱਕਿਆ ਸਾਂ, ਜਿਨ੍ਹਾਂ ਨੂੰ 'ਗੁਰਬਖ਼' ਨੇ ਰੂਸੀ ਅਤੇ ਹੋਰ ਭਾਸ਼ਾਵਾਂ ਵਿੱਚੋਂ ਪੰਜਾਬੀ ਵਿੱਚ ਅਨੁਵਾਦ ਕੀਤਾ ਸੀ। ਇਨ੍ਹਾਂ ਵਿੱਚ ਚੰਗੇਜ਼ ਆਈਤਮਾਤੋਵ ਦਾ ਨਾਵਲ 'ਅਲਵਿਦਾ ਗੁਲਸਾਰੀ' ਵੀ ਸੀ। ਬੋਰਿਸ ਪੋਲੇਵਈ ਦੀ ਹਰਮਨ ਪਿਆਰੀ ਪੁਸਤਕ 'ਅਸਲੀ ਇਨਸਾਨ ਦੀ ਕਹਾਣੀ' ਵੀ ਸੀ। ਗੋਰਕੀ ਅਤੇ ਟਾਲਸਟਾਏ ਦੀਆਂ ਕਹਾਣੀਆਂ ਵੀ ਸਨ। ਇਮਰੇ ਸਰਕੱਦੀ ਦਾ ਹੰਗੇਰੀਅਨ ਨਾਵਲ 'ਬੁਜ਼ਦਿਲ' ਵੀ ਸੀ।.. .. .. ਅਤੇ ਚੈਖਵ ਦੀਆਂ ਕਹਾਣੀਆਂ ਵੀ ਸਨ।

'ਮੇਰਾ ਦਾਗ਼ਿਸਤਾਨ' ਤਾਂ ਮੈਂ ਕਾਲਜ ਦੇ ਦਿਨਾਂ ਵਿਚ ਪਾਗਲਾਂ ਵਾਂਗ ਪੜ੍ਹਦਾ ਰਿਹਾ ਸਾਂ। ਘੱਟੋ-ਘੱਟ ਵੀਹ ਵਾਰ ਪੜ੍ਹੀ ਹੋਵੇਗੀ ਮੈਂ ਇਹ ਕਿਤਾਬ। ਇਸ ਕਿਤਾਬ ਦੇ ਪਹਿਲੇ ਸੰਸਕਰਨ ਦੀਆਂ ਦੋ ਕਾਪੀਆਂ ਮੈਂ ਅਜੇ ਤੱਕ ਵੀ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਹ ਕਿਤਾਬ ਮੈਂ ਜਲੰਧਰ ਬੁੱਕ ਸੈਂਟਰ ਤੋਂ ਖ਼ਰੀਦ ਕੇ ਆਪਣੇ ਜਮਾਤੀਆਂ ਨੂੰ ਵੰਡਦਾ ਰਹਿੰਦਾ ਸਾਂ। ... ਇਸੇ ਜਨੂੰਨ ਦੇ ਆਲਮ ਵਿੱਚ ਹੀ ਮੈਂ 'ਨਵਾਂ ਜ਼ਮਾਨਾ' ਰਾਹੀਂ ਹੁੰਦਾ

ਹੋਇਆ ਯੂਨੀਵਰਸਿਟੀ ਪਹੁੰਚਿਆ ਸਾਂ .. .. ਤੇ ਜਦੋਂ ਮੈਂ ਆਪਣੇ ਮਹਿਬੂਬ ਅਨੁਵਾਦਕ 'ਗੁਰੂਬਖ਼ਸ਼' ਦੇ ਸਾਹਮਣੇ ਆਪਣੇ-ਆਪ ਨੂੰ ਖੜ੍ਹਾ ਵੇਖਿਆ ਤਾਂ ਮੈਂ ਬੇਹੱਦ ਭਾਵੁਕ ਹੋ ਗਿਆ ਸਾਂ। ਡਾਕਟਰ ਫ਼ਰੈਂਕ ਨੇ ਤਿੰਨ ਨਾਵਾਂ ਨਾਲ ਅਨੁਵਾਦ ਕਾਰਜ ਕੀਤੇ ਸਨ। 'ਗੁਰੂਬਖ਼ਸ਼', 'ਗੁਰਬਖ਼ਸ਼ ਸਿੰਘ', ਅਤੇ 'ਡਾਕਟਰ ਗੁਰਬਖ਼ਸ਼ ਸਿੰਘ ਫ਼ਰੈਂਕ'।...

ਉਦੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਪੰਜਾਬੀ ਵਿਭਾਗ ਵੀ, ਅਜੇ ਭਾਈ ਗੁਰਦਾਸ ਲਾਇਬ੍ਰੇਰੀ ਦਾ ਹੀ ਹਿੱਸਾ ਹੁੰਦਾ ਸੀ। ਡਾਕਟਰ ਫ਼ਰੈਂਕ ਸਾਨੂੰ ਸੱਭਿਆਚਾਰ ਦਾ ਪੇਪਰ ਪੜ੍ਹਾਉਂਦੇ ਸਨ।

ਸੱਭਿਆਕਾਰ ਕੀ ਹੈ? ਸਮਾਜ ਅਤੇ ਸੱਭਿਆਚਾਰ ਦੀਆਂ ਗਹਿਰੀਆਂ ਪਰਤਾਂ ਦੀ ਮਨੁੱਖ ਦੇ ਵਿਕਾਸ ਵਿੱਚ ਕੀ ਭੂਮਿਕਾ ਹੋ ਸਕਦੀ ਹੈ? ਵਿਅਕਤੀ ਦੀ ਸੋਚ ਕਿਵੇਂ ਵਿਗਸਦੀ ਹੈ? ਇਨਕਲਾਬੀ ਤਬਦੀਲੀਆਂ ਵਿੱਚ ਸੱਭਿਆਚਾਰ ਕਿਵੇਂ ਸਹਾਈ ਹੁੰਦਾ ਹੈ? ਇਨ੍ਹਾਂ ਸਾਰੇ ਸਵਾਲਾਂ ਦੇ ਰੂ-ਬਰੂ ਹੁੰਦੇ ਡਾਕਟਰ ਫ਼ਰੈਂਕ, ਆਪਣੇ ਸਾਹਮਣੇ ਬੈਠੇ ਵਿਦਿਆਰਤੀ ਦੇ ਦਿਮਾਗ਼ਾਂ ਨੂੰ ਸਹਿਜ ਰੂਪ ਵਿੱਚ ਹੀ ਹਲੂਣ ਦਿੰਦੇ। ਉਹ ਏਨੀ ਸਪੱਸ਼ਟਤਾ ਨਾਲ ਪੜ੍ਹਾਉਂਦੇ ਕਿ ਦਿਮਾਗ਼ਾਂ ਵਿੱਚ ਲੱਗਿਆ ਜਾਲਾ ਆਪ ਮੁਹਾਰੇ ਝੜਦਾ ਜਾਂਦਾ। ਸਾਡੀ ਐੱਮ.ਫਿਲ ਦੀ ਕਲਾਸ ਯੂਨੀਵਰਸਿਟੀ ਦੇ ਅਕਾਦਮਿਕ ਇਤਿਹਾਸ ਦੀ ਸਭ ਤੋਂ ਨਿਆਰੀ ਕਲਾਸ ਕਹੀ ਜਾ ਸਕਦੀ ਹੈ। ਇਸ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਵਿੱਚੋਂ ਕੁਝ ਇਕ ਨਾਂਅ ਇਹ ਹਨ—ਗੁਰਸਾਗਰ ਸਿੰਘ (ਸਿੰਘ ਬ੍ਰਦਰਜ਼), ਪਰਮਜੀਤ ਸਿੰਘ ਢੀਂਗਰਾ (ਮੁਕਤਸਰ), ਕੁਲਵੰਤ ਸਿੰਘ ਸੰਧੂ (ਖ਼ਾਲਸਾ ਕਾਲਜ, ਜਲੰਧਰ), ਆਰਥਰ ਵਿਕਟਰ (ਪ੍ਰਸਾਰ ਭਾਰਤੀ), ਸੁਖਬੀਰ ਸਿੰਘ (ਖ਼ਾਲਸਾ ਕਾਲਜ, ਅੰਮ੍ਰਿਤਸਰ), ਇਕਬਾਲ ਸਿੰਘ ਭੋਮਾ (ਖ਼ਾਲਸਾ ਕਾਲਜ, ਜਲੰਧਰ), ਲਾਭ ਸਿੰਘ ਖੀਵਾ (ਕੇਂਦਰੀ ਪੰਜਾਬੀ ਲੇਖਕ ਸਭਾ), ਸਰਬਜੀਤ ਸੰਧੂ (ਗ਼ਜ਼ਲਗੋ), ਸੁਖਪਾਲ ਸਿੰਘ ਲਾਲੀ (ਗੁਰੂ ਨਾਨਕ ਦੇਵ ਯੂਨੀਵਰਸਿਟੀ) ਅਤੇ ਲਖਵਿੰਦਰ ਜੌਹਲ...

ਇਕ ਦਿਨ ਪੀਰੀਅਡ ਤੋਂ ਬਾਅਦ ਮੈਂ ਡਾਕਟਰ ਫ਼ਰੈਂਕ ਨੂੰ ਉਨ੍ਹਾਂ ਦੇ ਕਮਰੇ ਵਿੱਚ ਜਾ ਕੇ ਮਿਲਿਆ। ... ਉਨ੍ਹਾਂ ਨਾਲ 'ਨਵਾਂ ਜ਼ਮਾਨਾ' ਬਾਰੇ, ਕਾਮਰੇਡ ਜਗਜੀਤ ਸਿੰਘ ਆਨੰਦ ਬਾਰੇ ਅਤੇ ਸੁਰਜਨ ਜ਼ੀਰਵੀ ਬਾਰੇ ਢੇਰ ਸਾਰੀਆਂ ਗੱਲਾਂ ਹੋਈਆਂ। ਪਾਰਟੀ ਵਿੱਚ ਆਪਣੀ ਸਥਿਤੀ ਮੈਂ ਉਨ੍ਹਾਂ ਨੂੰ ਖੁੱਲ੍ਹ ਕੇ ਬਿਆਨ ਕੀਤੀ... ਉਨ੍ਹਾਂ ਸਿਰਫ਼ ਏਨਾ ਪੁੱਛਿਆ ਕਾਮਰੇਡ ਆਨੰਦ ਨਾਲ ਤੇਰੀ ਗੱਲ ਨਹੀਂ ਹੋਈ...।

ਡਾਕਟਰ ਫ਼ਰੈਂਕ ਦੀ ਸਰੀਰਕ ਦਿਖ ਬਿਲਕੁਲ ਨਿਵੇਕਲੀ ਸੀ। ਚੌੜੇ ਮੋਢਿਆਂ ਵਾਲਾ, ਮੋਟਾ ਤਾਜ਼ਾ ਸਰੀਰ, ਚੌੜਾ ਚਿਹਰਾ, ਮੋਟੇ-ਮੋਟੇ ਬੁੱਲ੍ਹ ਅਤੇ ਮੋਟੀ ਜੀਭ ਵਾਲਾ ਇਹ

ਅਦਭੁੱਤ ਸਕਾਲਰ ਆਪਣੀ ਮਿਸਾਲ ਆਪ ਸੀ। .. .. .. ਕਲਾਸ ਵਿੱਚ ਬੈਠੇ ਕਦੇ ਕਦੇ ਅਸੀਂ ਆਪਸ ਵਿੱਚ ਘੁਸਰ-ਮੁਸਰ ਕਰਦੇ, "ਡਾਕਟਰ ਸਾਹਿਬ ਬਿਨਾਂ ਜੀਭ ਹਿਲਾਏ ਕਿਵੇਂ ਬੋਲ ਲੈਂਦੇ ਹਨ?.. .. ਆਲੇ ਦੁਆਲੇ ਹਾਸਾ ਪਸਰ ਜਾਂਦਾ.. .. ਪਰ ਉਹ ਅਣਡਿੱਠ ਕਰ ਦਿੰਦੇ।

ਜਦੋਂ ਉਹ ਕਲਾਸ ਲਾਉਣ ਲਈ ਆ ਰਹੇ ਹੁੰਦੇ ਤਾਂ ਮੈਨੂੰ ਉਹ ਸ਼ੇਰ ਦੇ ਮੂੰਹ ਵਾਲੇ ਹਾਥੀ ਵਾਂਗ ਦਿਸਦੇ.. .. ਮਸਤ ਚਾਲ ਚਲਦੇ ਭਾਰੇ ਭਾਰੇ ਕਦਮ.. .. ਡਾਇਸ ਉੱਤੇ ਆਪਣੀ ਡਾਇਰੀ ਜਾਂ ਕਿਤਾਬ ਰੱਖ ਕੇ ਉਹ ਪੜ੍ਹਾਉਣਾ ਸ਼ੁਰੂ ਕਰਦੇ। .. .. ਇਕ ਘੰਟੇ ਦੇ ਪੀਰੀਅਡ ਵਿੱਚ ਕਦੇ ਵੀ ਕੋਈ ਵੀ ਗੱਲ, ਉਨ੍ਹਾਂ ਪਾਠਕ੍ਰਮ ਤੋਂ ਬਾਹਰੀ ਕੀਤੀ ਹੋਵੇ ਜਾਂ ਕਿਸੇ ਵਿਦਿਆਰਥੀ ਨੂੰ ਹਲਕੀ ਫੁਲਕੀ ਜਾਂ ਗੁੱਸੇ ਭਰੀ ਖਿੱਝੂ ਸ਼ੈਲੀ ਵਿੱਚ ਸੰਬੋਧਨ ਕੀਤਾ ਹੋਵੇ, ਇਸ ਦੀ ਮਿਸਾਲ ਮੈਂ ਕਦੇ ਨਹੀਂ ਵੇਖੀ। ਆਪਣਾ ਲੈਕਚਰ ਖ਼ਤਮ ਕਰਕੇ ਕੋਈ ਸਵਾਲ ਕਰਨ ਲਈ ਸੱਦਾ ਦਿੰਦੇ ਹੋਏ, ਉਹ ਹਮੇਸ਼ਾ ਸਹਿਜ ਰਹਿੰਦੇ, ਸਹਿਜ ਭਾਵ ਨਾਲ ਹੀ ਸਮਝਾਊ ਮੁਦਰਾ ਵਿੱਚ ਸਵਾਲਾਂ ਦੇ ਜਵਾਬ ਦਿੰਦੇ। ਹਲਕੇ-ਫੁਲਕੇ ਸਵਾਲਾਂ ਉੱਤੇ ਕਦੇ ਹਲਕਾ ਜਿਹਾ ਮੁਸਕਰਾਉਂਦੇ... ਫੇਰ ਇਕਦਮ ਗੰਭੀਰ ਹੋ ਜਾਂਦੇ...

ਵਿਭਾਗ ਦੀ ਰਾਜਨੀਤੀ ਤੋਂ ਉਹ ਅਕਸਰ ਨਿਰਲੇਪ ਹੀ ਰਹਿੰਦੇ। ਡਾਕਟਰ ਕਰਨੈਲ ਸਿੰਘ ਥਿੰਦ ਵਿਭਾਗ ਦੇ ਮੁਖੀ ਸਨ। ਡਾ. ਸਤਿੰਦਰ ਸਿੰਘ ਉਨ੍ਹਾਂ ਦੇ ਸੱਜੇ ਖੱਬੇ। ਡਾਕਟਰ ਫ਼ਰੈਂਕ ਅਤੇ ਡਾਕਟਰ ਜੋਗਿੰਦਰ ਸਿੰਘ ਰਾਹੀ ਵਿਚਾਰਧਾਰਕ ਸਮਾਨਤਾਵਾਂ ਦਾ ਝਾਉਲਾ ਪਾਉਂਦੇ ਹੋਏ ਵੀ, ਆਪਸ ਵਿੱਚ ਕਦੇ ਬਹੁਤਾ ਨਾ ਖੁੱਲ੍ਹਦੇ। ਡਾਕਟਰ ਆਤਮਜੀਤ ਹਮੇਸ਼ਾ ਵੱਖਰੇ-ਵੱਖਰੇ ਹੀ ਰਹਿੰਦੇ। ਕੁੱਲ ਮਿਲਾ ਕੇ ਮੁੱਖ ਰੂਪ ਵਿੱਚ ਦੋ ਹੀ ਧੜੇ ਸਨ—'ਸੱਤਾਧਾਰੀਆਂ' ਅਤੇ 'ਵਿਰੋਧੀਆਂ' ਦਾ। ਕਿਹੜਾ ਵਿਦਿਆਰਥੀ ਕਿਸ ਨਾਲ ਟਰਮ ਪੇਪਰ ਕਰੇਗਾ ਅਤੇ ਕਿਸ ਨਾਲ ਥੀਸਿਸ.. .. ਇਹ ਕਸ਼ਮਕਸ਼ ਅੱਜਕਲ੍ਹ ਦੀਆਂ ਯੂਨੀਵਰਸਿਟੀਆਂ ਦੇ ਵਿਭਾਗਾਂ ਵਾਂਗ ਹੀ ਉਦੋਂ ਵੀ ਸੀ.. .. .. ਉਸ ਵੇਲੇ ਦਿੱਲੀ ਵਿੱਚ ਸੰਰਚਨਾਵਾਦੀਆਂ ਦੀ ਚੜ੍ਹਤ ਸੀ। ਡਾਕਟਰ ਹਰਿਭਜਨ ਸਿੰਘ ਦੇ ਆਲੇ-ਦੁਆਲੇ ਅਜੀਬ ਕਿਸਮ ਦਾ ਆਭਾ ਮੰਡਲ ਸੀ, ਜੋ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਤੱਕ ਆਮ ਤੌਰ 'ਤੇ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਤੱਕ ਖ਼ਾਸ ਤੌਰ 'ਤੇ ਫ਼ੈਲਿਆ ਹੋਇਆ ਸੀ। ਕਿਸੇ ਵੀ ਨਵੀਂ ਨਿਯੁਕਤੀ ਦਾ ਮਾਰਗ ਦਿੱਲੀ ਵਿੱਚੀਂ ਹੋ ਕੇ ਗੁਜ਼ਰਦਾ ਸੀ। ਕੋਈ ਵੀ ਥੀਸਸ ਦਿੱਲੀ ਦੇ ਮਾਹਿਰਾਂ ਰਾਹੀਂ ਹੀ ਪ੍ਰਵਾਨ ਚੜ੍ਹਦਾ ਸੀ। ਸਾਡਾ ਵਿਭਾਗ ਵੀ ਇਸ ਤੋਂ ਅਛੂਤਾ ਨਹੀਂ ਸੀ। ਯੂਨੀਵਰਸਿਟੀ ਦੇ ਜਲੰਧਰ ਵਾਲੇ ਰੀਜ਼ਨਲ ਸੈਂਟਰ ਵਿੱਚ ਹੋਏ ਇਕ ਕਹਾਣੀ ਸੈਮੀਨਾਰ ਦੌਰਾਨ ਡਾਕਟਰ ਹਰਿਭਜਨ ਸਿੰਘ ਅਤੇ ਡਾ. ਜੋਗਿੰਦਰ ਸਿੰਘ ਰਾਹੀ ਵਿੱਚ ਹੋਈ

ਤਿੱਖੀ ਬਹਿਸ ਵਿੱਚ ਮੈਂ ਵੀ ਬੁਰੀ ਤਰ੍ਹਾਂ ਉਲਝ ਚੁੱਕਿਆ ਸਾਂ। ਇਸ ਸੈਮੀਨਾਰ ਤੋਂ ਇਕਦਮ ਬਾਅਦ ਹੀ ਮੈਂ ਯੂਨੀਵਰਸਿਟੀ ਗਿਆ ਸਾਂ। ਇਕ ਦਿਨ ਮੈਨੂੰ ਡਾਕਟਰ ਫ਼ਰੈਂਕ ਨੇ ਉਸ ਸਾਰੇ ਵਰਤਾਰੇ ਦੇ ਵਿਸਥਾਰ ਪੁੱਛੇ, ਪਰ ਆਪਣੇ ਵਲੋਂ ਕੋਈ ਟਿੱਪਣੀ ਨਾ ਕੀਤੀ। ਉਨ੍ਹਾਂ ਦੀ ਮੁਸਕਰਾਹਟ ਤੋਂ ਮੈਨੂੰ ਸਾਫ਼ ਪਤਾ ਲੱਗ ਰਿਹਾ ਸੀ ਕਿ ਡਾ. ਹਰਿਭਜਨ ਸਿੰਘ ਅਤੇ ਡਾਕਟਰ ਰਾਹੀ ਦੀ ਬਹਿਸ ਵਿੱਚ ਮੇਰੇ ਵਲੋਂ ਲਿਆ ਗਿਆ ਪੈਂਤੜਾ, ਉਨ੍ਹਾਂ ਨੂੰ ਪਸੰਦ ਨਹੀਂ ਸੀ। ਪਰ ਉਨ੍ਹਾਂ ਨੇ ਸਿਰਫ਼ ਮੁਸਕਰਾਉਂਦੇ ਹੋਏ ਮੇਰੀ ਗੱਲ ਸੁਣੀ, ਕੋਈ ਟਿੱਪਣੀ ਨਾ ਕੀਤੀ। ...

ਜਦੋਂ ਟਰਮ ਪੇਪਰਾਂ ਅਤੇ ਥੀਸਿਸ ਦੀ ਗੱਲ ਆਈ ਤਾਂ ਮੇਰੇ ਗਾਈਡ ਡਾਕਟਰ ਸਤਿੰਦਰ ਸਿੰਘ ਬਣੇ। ਇਸ ਵਿੱਚ ਮੇਰੀ ਕੋਈ ਉਚੇਚ ਨਹੀਂ ਸੀ। ਕਿਉਂਕਿ ਮੈਂ ਆਪਣੀ ਖੋਜ ਦਾ ਖੇਤਰ ਕਵਿਤਾ ਚੁਣਿਆ ਸੀ, ਇਸ ਕਰਕੇ ਇਹ ਇੰਜ ਹੀ ਹੋਣਾ ਸੀ। ਡਾ. ਫ਼ਰੈਂਕ ਨੇ ਮੈਨੂੰ ਸੱਭਿਆਚਾਰ ਉੱਤੇ ਖੋਜ ਕਾਰਜ ਕਰਨ ਲਈ ਕਿਹਾ, ਪਰ ਮੈਂ ਨਾ ਮੰਨਿਆ... ਇਥੋਂ ਸਾਡੇ ਸੰਬੰਧਾਂ ਵਿੱਚ ਇਕ ਚੁੱਪ ਜਿਹੀ ਪਸਰ ਗਈ... ਹੁਣ ਉਹ ਮੇਰੇ ਨਾਲ ਰਸਮੀ ਜਿਹੀ ਗੱਲਬਾਤ ਹੀ ਕਰਦੇ। ਮੈਂ ਵੀ ਉਨ੍ਹਾਂ ਤੋਂ ਕੰਨੀ ਕਤਰਾਉਣ ਲੱਗ ਪਿਆ ਸਾਂ।... ਇਹ ਸਭ ਕੁਝ ਕਿਉਂ ਵਾਪਰਿਆ ਸੀ? ਕੀ ਮੈਂ ਸੱਚਮੁੱਚ ਕਵਿਤਾ ਉੱਤੇ ਕੰਮ ਕਰਨ ਦੇ ਇਰਾਦੇ ਕਰਕੇ ਹੀ ਸੰਰਚਨਾਵਾਦੀਆਂ ਦੇ ਖੇਮੇ ਵਿੱਚ ਚਲਾ ਗਿਆ ਸਾਂ? ਕਮਿਊਨਿਸਟ ਪਾਰਟੀ ਤੋਂ ਅਸਤੀਫ਼ਾ ਦੇਣ ਉਪਰੰਤ ਮੇਰੇ ਵਿੱਚ ਇਕ ਚੁੱਪ-ਵਿਰੋਧ (Silent rebil) ਪਨਪ ਰਿਹਾ ਸੀ? ਜਾਂ ਮੈਂ ਅਚੇਤ ਰੂਪ ਵਿੱਚ ਹੀ ਕਰੀਅਰਿਸਟ ਹੋ ਗਿਆ ਸਾਂ? ਇਸ ਦਾ ਵਿਸ਼ਲੇਸ਼ਣ ਮੈਂ ਅੱਜ ਤੱਕ ਵੀ ਨਹੀਂ ਕਰ ਸਕਿਆ। ਡਾਕਟਰ ਰਾਹੀ ਨਾਲ ਹੋਈ ਮੇਰੀ ਸਾਰੀ ਬਹਿਸ 'ਨਵਾਂ ਜ਼ਮਾਨਾ' ਵਿੱਚ ਛੇ ਕਿਸ਼ਤਾਂ ਵਿੱਚ ਛਪੀ ਸੀ, ਜਿਸ ਨੂੰ ਮੈਂ ਅੱਜ ਵੀ ਸੰਭਾਲ ਕੇ ਰੱਖਿਆ ਹੋਇਆ ਹੈ। ਇਹ ਵੀ ਸੱਚ ਹੈ ਕਿ ਇਸ ਬਹਿਸ ਦੇ ਕਈ ਨੁਕਤੇ ਮੈਂ ਡਾਕਟਰ ਰਵਿੰਦਰ ਰਵੀ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਪਹੁੰਚ ਕੇ ਪਹਿਲਾਂ ਵਿਚਾਰੇ ਸਨ ਅਤੇ ਫੇਰ ਲਿਖੇ ਸਨ। ਪਰ ਮੈਂ ਇਹ ਗੱਲ ਡਾਕਟਰ ਫ਼ਰੈਂਕ ਨੂੰ ਨਹੀਂ ਦੱਸੀ। .. .. .. ਫੇਰ ਡਾਕਟਰ ਫ਼ਰੈਂਕ ਕੁਝ ਦਿਨ ਯੂਨੀਵਰਸਿਟੀ ਨਾ ਆਏ। ਉਨ੍ਹਾਂ ਨੂੰ ਵਾਇਰਲ ਹੋ ਗਿਆ ਸੀ। ਮੈਂ ਉਨ੍ਹਾਂ ਦੇ ਛਿਹਰਟਾ ਵਾਲੇ ਘਰ ਉਨ੍ਹਾਂ ਦੀ ਖ਼ਬਰ ਲੈਣ ਗਿਆ.. .. .. ਲਗਭਗ ਇਕ ਘੰਟਾ ਮੈਂ ਉਨ੍ਹਾਂ ਨਾਲ ਗੁਜ਼ਾਰਿਆ.. .. ਬਹੁਤੀਆਂ ਗੱਲਾਂ 'ਨਵਾਂ ਜ਼ਮਾਨਾ'.. .. .. ਅਤੇ ਕਾਮਰੇਡ ਆਨੰਦ ਬਾਰੇ ਹੀ ਹੋਈਆਂ। ਉਨ੍ਹਾਂ ਨੇ ਮੇਰੇ ਨਾਲ ਵਿਭਾਗ ਦੀ ਕੋਈ ਗੱਲ ਨਾ ਕੀਤੀ...

ਐਮ.ਫਿਲ ਕਰਨ ਤੋਂ ਅੱਠ ਸਾਲ ਬਾਅਦ 1991 ਵਿੱਚ ਮੈਂ ਵਿਭਾਗ ਵਿੱਚ ਡਾਕਟਰ ਐਸ.ਪੀ. ਸਿੰਘ ਨਾਲ ਬਰਤਾਨਵੀ ਪੰਜਾਬੀ ਕਵਿਤਾ ਉੱਤੇ ਪੀਐਚ.ਡੀ. ਕਰਨ ਲੱਗ ਪਿਆ। ... ਚਾਰ ਕੁ ਸਾਲਾਂ ਵਿੱਚ ਮੈਂ ਆਪਣਾ ਕੰਮ ਮੁਕੰਮਲ ਕਰ ਲਿਆ। ਡਾਕਟਰ

ਐਸ. ਪੀ. ਸਿੰਘ ਰੀਡਰ ਤੋਂ ਪ੍ਰੋਫ਼ੈਸਰ ਅਤੇ ਡੀਨ ਕਾਲਜ ਡਿਵੈੱਲਪਮੈਂਟ ਕੌਂਸਿਲ ਬਣ ਚੁੱਕੇ ਸਨ।... 1995 ਦੇ ਸ਼ੁਰੂ ਵਿੱਚ ਮੇਰੇ ਵਾਈਵੇ ਦੀ ਤਰੀਕ ਆ ਗਈ... ਡਾਕਟਰ ਫ਼ਰੈਂਕ ਵਿਭਾਗ ਦੇ ਮੁਖੀ ਸਨ... ਮੇਰਾ ਵਾਈਵਾ ਲੈਣ ਲਈ ਡਾਕਟਰ ਅਮਰਜੀਤ ਸਿੰਘ ਕਾਂਗ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਆਉਣਾ ਸੀ। ਦਿੱਤੇ ਗਏ ਸਮੇਂ ਤੋਂ ਅੱਧਾ ਘੰਟਾ ਪਹਿਲਾਂ ਮੈਂ ਆਪਣੀ ਪਤਨੀ ਪਰਮਜੀਤ ਨਾਲ ਡਾਕਟਰ ਫ਼ਰੈਂਕ ਕੋਲ ਉਨ੍ਹਾਂ ਦੇ ਕਮਰੇ ਵਿੱਚ ਪਹੁੰਚ ਗਿਆ। ਮੈਂ ਪੂਰੇ ਉਮਾਹ ਅਤੇ ਸਤਿਕਾਰ ਨਾਲ ਉਨ੍ਹਾਂ ਨੂੰ ਮਿਲਿਆ। ਗੋਡਿਆਂ ਨੂੰ ਹੱਥ ਲਗਾਇਆ। ਉਨ੍ਹਾਂ ਦੇ ਚਿਹਰੇ ਦਾ ਜਲੌਅ ਉਸੇ ਤਰ੍ਹਾਂ ਸੀ, ਜਿਵੇਂ ਤੇਰਾਂ ਸਾਲ ਪਹਿਲਾਂ ਸੀ। 1982 ਤੋਂ 1995 ਤੱਕ ਦੇ ਸਾਲਾਂ ਦਾ ਕੋਈ ਪਰਛਾਵਾਂ ਉਨ੍ਹਾਂ ਦੇ ਚਿਹਰੇ ਉੱਤੇ ਨਹੀਂ ਸੀ... ਚਾਹ ਪੀਂਦਿਆਂ ਉਨ੍ਹਾਂ ਨੇ ਮੇਰੇ ਉੱਤੇ ਕੁਝ ਸਵਾਲ ਤਾਬੜ-ਤੋੜ ਦਾਗ਼ ਦਿੱਤੇ... 'ਕੀ ਗੱਲ ਦੂਰਦਰਸ਼ਨ ਛੱਡ ਕੇ ਅਕਾਦਮਿਕ ਖੇਤਰ ਵਿੱਚ ਆਉਣ ਦਾ ਮਨ ਬਣਾ ਲਿਐ?'

—ਮੈਂ ਕਿਹਾ – 'ਨਹੀਂ ਜੀ।'

–ਪੀ.ਐੱਚ.ਡੀ. ਕਰਨ ਨਾਲ ਕੋਈ ਵਾਧੂ ਇਨਕਰੀਮੈਂਟ ਮਿਲੇਗੀ?'

—ਨਹੀਂ ਜੀ'।

—'ਕਿਸੇ ਹੋਰ ਵਿਭਾਗ ਵਿੱਚ ਜਾਣ ਦਾ ਇਰਾਦਾ ਬਣਾ ਰਿਹੈਂ?'

—'ਨਹੀਂ ਜੀ'...

... ਫੇਰ ਕੁਝ ਦੇਰ ਉਹ ਚੁੱਪ ਰਹੇ ... ਮੈਂ ਸੋਚ ਰਿਹਾ ਸਾਂ ਕਿ ਏਨੇ ਸਵਾਲ ਪੁੱਛਣ ਦਾ ਮਕਸਦ ਕੀ ਹੋ ਸਕਦੈ ਹੈ? ... । ... ਉਹ ਮੁਸਕਰਾਏ ਤੇ ਬੋਲੇ ... ਫੇਰ ਤੈਨੂੰ ਇਹ ਪੀਐੱਚ.ਡੀ. ਕਰਨ ਦੀ ਲੋੜ ਕੀ ਸੀ?

... ਮੈਂ ਡਰ ਗਿਆ ਕਿ ਹੋਰ ਘੜੀ ਨੂੰ ਹੋਣ ਵਾਲੇ ਮੇਰੇ ਵਾਈਵੇ ਵਿੱਚ ਪਤਾ ਨਹੀਂ ਕੀ ਵਾਪਰਨ ਵਾਲਾ ਹੈ ...ਮੇਰੀਆਂ ਅੱਖਾਂ ਛਲਕਣ ਹੀ ਵਾਲੀਆਂ ਸਨ। ... ...

ਮੈਂ ਇਕ ਲੰਮਾ ਸਾਹ ਲਿਆ ... ਪਰ ਚੁੱਪ ਰਿਹਾ। ਪਤਨੀ ਵੱਲ ਵੇਖਿਆ ... ਉਹ ਵੀ ਸਵਾਲੀਆ ਨਜ਼ਰਾਂ ਨਾਲ ਮੇਰੇ ਵੱਲ ਵੇਖ ਰਹੀ ਸੀ ... ਮਾਰਚ ਦੇ ਸ਼ੁਰੂਆਤੀ ਦਿਨਾਂ ਵਿੱਚ ਵੀ ਮੈਨੂੰ ਪਸੀਨਾ ਆ ਰਿਹਾ ਸੀ ... ਉਹ ਫੇਰ ਬੋਲੇ–"ਤੂੰ ਇਹ ਫੀਲਡ ..." ਉਨ੍ਹਾਂ ਨੇ ਅੱਧਾ ਫਿਕਰਾ ਹੀ ਬੋਲਿਆ ਸੀ ਕਿ ਡਾਕਟਰ ਐਸ. ਪੀ. ਸਿੰਘ ਅਤੇ ਡਾਕਟਰ ਅਮਰਜੀਤ ਸਿੰਘ ਕਾਂਗ ਕਮਰੇ ਵਿੱਚ ਪ੍ਰਵੇਸ਼ ਕਰ ਗਏ ... ਹਫ਼ਤੇ ਕੁ ਬਾਅਦ ਹੀ ਕਨਵੋਕੇਸ਼ਨ ਸੀ। ਮੈਂ ਡਾਕਟਰ ਹੋ ਗਿਆ। ... ਇਸੇ ਸਾਲ ਉਨ੍ਹਾਂ ਦੀ ਸੇਵਾ ਮੁਕਤੀ ਸੀ ...ਮੈਂ ਕੁਝ ਦਿਨਾਂ ਬਾਅਦ ਉਨ੍ਹਾਂ ਨੂੰ ਛਿਹਰਟਾ ਵਾਲੇ ਘਰ ਮਿਲਣ ਗਿਆ, ਉਹ ਬਹੁਤ ਪਿਆਰ ਅਤੇ ਖਲੂਸ ਨਾਲ

ਮੈਨੂੰ ਮਿਲੇ। ਉਨ੍ਹਾਂ ਦਾ ਸਹਿਜ ਅਤੇ ਚਿਹਰੇ ਦੀ ਗੰਭੀਰਤਾ ਪਹਿਲਾਂ ਵਰਗੀ ਹੀ ਸੀ। ...ਮੈਂ ਜਦੋਂ ਕਦੇ ਵੀ ਉਨ੍ਹਾਂ ਨੂੰ ਮਿਲਦਾ ਇਕ ਨਵੀਂ ਸ਼ਕਤੀ ਨਾਲ ਭਰ ਜਾਂਦਾ। ਪ੍ਰਗਤੀਵਾਦੀ ਪੰਜਾਬੀ ਆਲੋਚਨਾ ਦੀ ਦੂਸਰੀ ਪੀੜ੍ਹੀ ਦੇ ਪ੍ਰਮੁੱਖ ਆਲੋਚਕ ਅਤੇ ਪ੍ਰਤੀਬੱਧ ਚਿੰਤਕ ਵਜੋਂ ਉਨ੍ਹਾਂ ਦੀ ਸਮਰੱਥਾ ਦਾ ਮੈਂ ਹਮੇਸ਼ਾ ਕਾਇਲ ਰਿਹਾ ਹਾਂ ... ਤਾਂ ਰਵਿੰਦਰ ਰਵੀ, ਡਾ. ਟੀ. ਆਰ. ਵਿਨੋਦ ਅਤੇ ਡਾਕਟਰ ਗੁਰਬਖ਼ਸ਼ ਸਿੰਘ ਫ਼ਰੈਂਕ ਉਹ ਤ੍ਰਿਵੈਣੀ ਸਨ, ਜਿਨ੍ਹਾਂ ਦੇ ਕਾਰਜ ਨੇ ਪ੍ਰਗਤੀਵਾਦੀ ਆਲੋਚਨਾ ਦਾ ਉਹ ਇਤਿਹਾਸ ਸਿਰਜਿਆ ਹੈ, ਜੋ ਆਲੋਚਨਾ ਦੀ ਇਸ ਪੱਧਤੀ ਦੀ ਅਸਲ ਬੁਨਿਆਦ ਹੈ। ਵੱਡੇ ਰੂਸੀ ਸਾਹਿਤਕਾਰਾਂ ਦੀਆਂ ਸਿਰਜਨਾਤਮਿਕ ਲਿਖਤਾਂ ਨੂੰ ਪੰਜਾਬੀ ਪਾਠਕਾਂ ਦੇ ਮਨਾਂ ਵਿਚ ਵਸਾਉਣ ਦਾ ਅਦੁੱਤੀ ਕਾਰਜ ਕਰਨ ਦੇ ਨਾਲ-ਨਾਲ ਦਵੰਧਾਤਮਿਕ ਪਦਾਰਥਵਾਦ ਦੇ ਸਿਧਾਂਤ ਨਾਲ ਸੰਬੰਧਿਤ ਮੂਲ ਲਿਖਤਾਂ ਅਤੇ 'ਕਮਿਊਨਿਸਟ ਮੈਨੀਫਿਸਟੋ' ਵਰਗੀਆਂ ਗੁੰਝਲਦਾਰ ਲਿਖਤਾਂ ਰੌਚਕ ਪੰਜਾਬੀ ਵਿੱਚ ਅਨੁਵਾਦ ਕਰਨਾ, ਉਨ੍ਹਾਂ ਦੇ ਵਡਮੁੱਲੇ ਕਾਰਜਾਂ ਵਿੱਚੋਂ ਇਕ ਹੈ। ਪੰਜਾਬੀ ਨਿੱਕੀ ਕਹਾਣੀ ਦੀ ਬਣਤਰ ਅਤੇ ਬੁਣਤਰ ਦੀਆਂ ਪਰਤਾਂ ਨੂੰ ਫਰੋਲਣਾ, ਪੂਰਵਲੇ ਪ੍ਰਗਤੀਵਾਦੀ ਸਮੀਖਿਆਕਾਰਾਂ ਅਤੇ ਸੰਰਚਨਾਵਾਦੀਆਂ ਨਾਲ ਸੰਵਾਦ ਰਚਾਉਂਦੇ ਹੋਏ ਮਾਰਕਸਵਾਦੀ ਸੁਹਜ ਸ਼ਾਸਤਰ ਨੂੰ ਸਥਾਪਿਤ ਕਰਨ ਵੱਲ ਅਗਰਸਰ ਰਹਿਣਾ, ਉਨ੍ਹਾਂ ਦੀ ਵਿਸ਼ੇਸ਼ ਪਛਾਣ ਸੀ।

ਇਕ ਸਤੰਬਰ, 1935 ਨੂੰ ਅੰਮ੍ਰਿਤਸਰ ਵਿੱਚ ਮਾਤਾ ਕਿਸ਼ਨ ਕੌਰ ਦੀ ਕੁੱਖੋਂ ਸਰਦਾਰ ਪ੍ਰਤਾਪ ਸਿੰਘ ਦੇ ਘਰ ਜਨਮੇ ਡਾਕਟਰ ਫ਼ਰੈਂਕ ਅਤੇ ਸ੍ਰੀਮਤੀ ਹਰਦੇਵ ਕੌਰ ਦੀਆਂ ਦੋ ਸਪੁੱਤਰੀਆਂ ਜੀਨਾ ਅਤੇ ਵੀਨਾ ਹਨ। ਅੰਬਾਲਾ ਦੇ ਜੀ.ਐਨ.ਐਨ. ਕਾਲਜ ਦੇ ਪੰਜਾਬੀ ਪ੍ਰਾਅਧਿਆਪਕ ਵਜੋਂ ਸ਼ੁਰੂ ਹੋਇਆ ਉਨ੍ਹਾਂ ਦਾ ਅਕਾਦਮਿਕ ਸਫ਼ਰ ਡੀ.ਏ.ਵੀ. ਕਾਲਜ ਅਬੋਹਰ ਤੋਂ ਹੁੰਦਾ ਹੋਇਆ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੱਕ ਪਹੁੰਚਿਆ ਸੀ। ਇਸ ਦੇ ਵਿੱਚ ਵਿਚਾਲੇ ਉਹ ਸੋਵੀਅਤ ਸੂਚਨਾ ਵਿਭਾਗ ਨਵੀਂ ਦਿੱਲੀ ਵਿਖੇ ਪ੍ਰੈੱਸ ਪਬਲਿਸਿਟੀ ਅਫ਼ਸਰ ਵੀ ਰਹੇ ਅਤੇ ਮਾਸਕੋ (1969-76) ਦੇ ਪ੍ਰਗਤੀ ਪ੍ਰਕਾਸ਼ਨ ਵਿਭਾਗ ਵਿੱਚ ਅਨੁਵਾਦਕ ਅਤੇ ਸੰਪਾਦਕ ਵੀ ਰਹੇ।

ਵੱਖ-ਵੱਖ ਭਾਰਤੀ ਭਾਸ਼ਾਵਾਂ ਦੀਆਂ ਕਹਾਣੀਆਂ ਅਨੁਵਾਦ ਕਰਨ ਕਰਕੇ ਉਨ੍ਹਾਂ ਨੂੰ 2011 ਦਾ ਭਾਰਤੀ ਸਾਹਿਤ ਅਕਾਦਮੀ ਦਾ ਅਨੁਵਾਦ ਪੁਰਸਕਾਰ ਵੀ ਮਿਲਿਆ ਸੀ। ਅੱਜ ਤੱਕ ਵੀ ਉਨ੍ਹਾਂ ਦੀ ਸਭ ਤੋਂ ਮਹੱਤਵਪੂਰਨ ਅਨੁਵਾਦਿਤ ਕਿਤਾਬ 'ਮੇਰਾ ਦਾਗ਼ਿਸਤਾਨ' ਮੰਨੀ ਜਾਂਦੀ ਹੈ। ਇਹ ਕਿਤਾਬ ਰਸੂਲ ਹਮਜ਼ਾਤੋਵ ਨੇ ਅਵਾਰ ਬੋਲੀ ਵਿੱਚ ਲਿਖੀ ਸੀ, ਜਿਸ ਨੂੰ 1967 ਵਿੱਚ ਵਲਾਦੀਮੀਰ ਸੋਲਿਊਖਿਨ ਨੇ ਰੂਸੀ ਭਾਸ਼ਾ ਵਿੱਚ

ਅਨੁਵਾਦ ਕੀਤਾ ਅਤੇ ਡਾਕਟਰ ਫ਼ਰੈਂਕ ਨੇ ਇਹ ਕਿਤਾਬ 1971 ਵਿੱਚ ਰੂਸੀ ਭਾਸ਼ਾ ਤੋਂ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕੀਤੀ ਅਤੇ ਰਸੂਲ ਹਮਜ਼ਾਤੋਵ ਨੂੰ ਪੰਜਾਬੀ ਵਿੱਚ ਵੀ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਮਹਾਨ ਲੇਖਕ ਵਜੋਂ ਸਥਾਪਿਤ ਕਰ ਦਿੱਤਾ।

'ਮੇਰਾ ਦਾਗ਼ਿਸਤਾਨ' ਕਵਿਤਾ ਵਾਰਤਕ ਅਤੇ ਆਲੋਚਨਾ ਦੀ ਅਦਭੁੱਤ ਤ੍ਰਿਵੈਣੀ ਹੈ, ਜਿਸ ਨੂੰ ਸਾਹਿਤ ਦੀ ਕਿਸੇ ਵਿਧਾ ਵਿੱਚ ਨਹੀਂ ਬੰਨ੍ਹਿਆ ਜਾ ਸਕਦਾ। ... 'ਮੇਰਾ ਦਾਗ਼ਿਸਤਾਨ' ਵਾਂਗ ਹੀ ਡਾਕਟਰ ਗੁਰਬਖ਼ਸ਼ ਸਿੰਘ ਫ਼ਰੈਂਕ ਨੂੰ ਵੀ ਕਿਸੇ ਇਕ ਕੋਟੀ ਵਿੱਚ ਰੱਖ ਕੇ ਵਿਸ਼ਲੇਸ਼ਿਤ ਨਹੀਂ ਕੀਤਾ ਜਾ ਸਕਦਾ। ਉਹ ਕਦੇ ਫਿਲਾਸਫ਼ੀ ਕੀ ਹੈ? ਦਾ ਰਚੇਤਾ ਹੈ, ਕਦੇ ਗ਼ਦਰ ਲਹਿਰ ਦੀ ਵਿਚਾਰਧਾਰਾ, ਜਥੇਬੰਦੀ ਅਤੇ ਰਣਨੀਤੀ ਦਾ ਵਿਆਖਿਆਕਾਰ ਹੈ, ਕਦੇ ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਬਾਰੇ ਲਿਖੀਆਂ ਗਈਆਂ ਲਿਖਤਾਂ ਅਤੇ ਸੰਸਾਰ ਪ੍ਰਸਿੱਧ ਸਾਹਿਤਕਾਰਾਂ ਦੀਆਂ ਰਚਨਾਵਾਂ ਦਾ ਸਮਰੱਥ ਅਨੁਵਾਦਕ ਹੈ, ਅਤੇ ਕਦੇ ਉਹ ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ ਦੀ ਪ੍ਰੀਭਾਸ਼ਾ ਦਾ ਸਭ ਤੋਂ ਪ੍ਰਮਾਣਿਕ ਸਿਰਜਕ ਹੈ। ਅਕਾਦਮਿਕ ਅਤੇ ਅਨੁਵਾਦ ਕਾਰਜਾਂ ਤੋਂ ਬਿਨਾਂ, ਉਹ ਪੰਜਾਬੀ ਰਾਈਟਰਜ਼ ਕੋਅਪਰੇਟਿਵ ਸੁਸਾਇਟੀ ਦੇ ਪ੍ਰਧਾਨ ਵੀ ਰਹੇ ਸਨ ਅਤੇ ਡਾਕਟਰ ਬਿਕਰਮ ਸਿੰਘ ਘੁੰਮਣ ਨਾਲ ਮਿਲ ਕੇ ਉਨ੍ਹਾਂ ਨੇ ਇਸ ਸੰਸਥਾ ਨੂੰ ਪ੍ਰਫੁੱਲਿਤ ਕਰਨ ਅਤੇ ਚੰਗਾ ਸਾਹਿਤ ਛਾਪਣ ਵਿੱਚ ਵੀ ਵਡਮੁੱਲਾ ਯੋਗਦਾਨ ਪਾਇਆ ਸੀ।

... ਆਪਣੇ ਆਖ਼ਰੀ ਦਿਨਾਂ ਵਿਚ ਉਹ ਬਹੁਤ ਲੰਮਾ ਸਮਾਂ ਬਿਮਾਰੀ ਦੀ ਹਾਲਤ ਵਿੱਚ ਘਰ ਵਿੱਚ ਹੀ ਰਹੇ। 14 ਅਪ੍ਰੈਲ, 2022 ਨੂੰ ਉਨ੍ਹਾਂ ਦੇ ਚਲੇ ਜਾਣ ਦੀ ਖ਼ਬਰ ਆ ਗਈ ...।

... ਮੇਰੇ ਮਨ ਉੱਤੇ ਉਨ੍ਹਾਂ ਦਾ ਪ੍ਰਭਾਵ ਇਕ ਅਜਿਹੀ ਪੱਕੀ ਧੁਨ ਵਾਲੀ, ਸਹਿਜ ਅਤੇ ਸਿਰੜੀ ਸ਼ਖ਼ਸੀਅਤ ਵਾਲਾ ਹੈ, ਜੋ ਜੰਗਲ ਦੇ ਸ਼ੋਰ ਵਿੱਚ ਵੀ, ਆਪਣੇ ਆਦਰਸ਼ਾਂ ਅਤੇ ਵਿਚਾਰਾਂ ਦੇ ਜਲੌਅ ਵਾਲੇ ਸ਼ੇਰ-ਚਿਹਰੇ ਨਾਲ, ਮਸਤ ਹਾਥੀ ਦੀ ਚਾਲ ਚੱਲ ਸਕਦੀ ਸੀ ...।

●●

# ਜਗਦੀਸ਼ ਸਿੰਘ ਵਰਿਆਮ



(01 ਸਤੰਬਰ, 1938 — 4 ਮਾਰਚ, 2017)

# ਕਲ਼ ਕਲ਼ ਕਰਦਾ ਨਿਰਮਲ ਚਸ਼ਮਾ

ਜਗਦੀਸ਼ ਸਿੰਘ ਵਰਿਆਮ ਇਕ ਸਾਮੂਰਤ ਸਾਦਗੀ ਦਾ ਨਾਮ ਸੀ। ਦੁੱਧ-ਚਿੱਟੇ ਨਾਮਧਾਰੀ ਬਾਣੇ ਵਿੱਚ ਲਿਪਟੀ ਹੋਈ ਇਕ ਅਜਿਹੀ ਨਿਰਛੱਲ ਰੂਹ, ਜਿਸ ਦੇ ਨੇੜੇ ਬੈਠਣਾ ਹੀ ਆਨੰਦ ਦੀ ਉਸ ਬੁਲੰਦੀ ਨੂੰ ਪਾ ਲੈਣਾ ਸੀ, ਜਿਸ ਦੀ ਤਲਾਸ਼ ਵਿੱਚ ਉਮਰਾਂ ਦੀ ਭਟਕਣ ਦਰਕਾਰ ਹੋ ਸਕਦੀ ਹੈ।

ਉਹ ਕੋਈ ਸੰਤ-ਮਹਾਤਮਾ ਨਹੀਂ ਸੀ, ਆਮ ਵਿਅਕਤੀਆਂ ਵਰਗਾ ਇਕ ਵਿਅਕਤੀ ਸੀ। ਜ਼ਿੰਦਗੀ ਨੂੰ ਭਰਪੂਰਤਾ ਨਾਲ ਜਿਊਣ ਵਾਲਾ ਵਿਅਕਤੀ। ਹਲਕੀਆਂ-ਫੁਲਕੀਆਂ ਗੱਲਾਂ ਵਿਚ ਵੀ ਗਹਿਰੇ ਅਰਥ ਭਰ ਦੇਣ ਵਾਲਾ। ਉਸ ਦੀ ਵਿਲੱਖਣਤਾ ਇਹ ਸੀ ਕਿ ਉਹ ਦੋਸਤਾਂ ਦੇ ਨਾਲ-ਨਾਲ, ਆਪਣੇ ਦੁਸ਼ਮਣਾਂ ਦਾ ਦੋਸਤ ਵੀ ਬਣੇ ਰਹਿਣਾ ਜਾਣਦਾ ਸੀ।

ਮੈਂ ਪਹਿਲੀ ਵਾਰ ਉਸ ਨੂੰ 1976 ਵਿੱਚ ਉਸ ਦੇ ਲਾਡੋਵਾਲੀ ਰੋਡ ਵਾਲੇ ਦਫ਼ਤਰ ਵਿੱਚ ਹੀ ਮਿਲਿਆ ਸਾਂ। ਸਾਡੇ ਇਲਾਕੇ ਦਾ ਪ੍ਰਸਿੱਧ ਗ਼ਜ਼ਲਗੋ ਸਰਵਨ ਰਾਹੀ ਮੈਨੂੰ ਜੰਡਿਆਲਾ ਕਾਲਜ ਵਿੱਚ ਪੜ੍ਹਦੇ ਨੂੰ ਹੀ, ਇਸ ਮਣਸ਼ੇ ਨਾਲ ਜਲੰਧਰ ਲੈ ਕੇ ਆਇਆ ਸੀ ਕਿ "ਚੱਲ ਤੇਰੀ ਅਖ਼ਬਾਰਾਂ, ਰਸਾਲਿਆਂ ਦੇ ਸੰਪਾਦਕਾਂ ਨਾਲ ਮੁਲਾਕਾਤ ਕਰਾਵਾਂ।" ਜਲੰਧਰ ਦੇ ਬੱਸ ਅੱਡੇ ਤੋਂ ਰਿਕਸ਼ਾ ਕਰਕੇ, ਜਿਸ ਸੰਪਾਦਕ ਨੂੰ ਅਸੀਂ ਸਭ ਤੋਂ ਪਹਿਲਾਂ ਮਿਲਣ ਲਈ ਪਹੁੰਚੇ, ਉਹ ਜਗਦੀਸ਼ ਸਿੰਘ ਵਰਿਆਮ ਸੀ।

ਦੁੱਧ ਚਿੱਟੇ ਬਾਣੇ ਨਾਲ ਫਬਦੀ ਸ਼ਾਹ ਕਾਲੀ ਦਾੜ੍ਹੀ ਵਾਲੀ ਇਕ ਅਦਭੁਤ ਸ਼ਖ਼ਸੀਅਤ ਮੇਰੇ ਸਾਹਮਣੇ ਸੀ। ਮਾਸਿਕ ਰਸਾਲਾ 'ਵਰਿਆਮ' ਅਜੇ ਨਵਾਂ-ਨਵਾਂ ਛਪਣਾ ਸ਼ੁਰੂ ਹੋਇਆ ਸੀ। ਮੈਂ ਲਕੀਰਾਂ ਵਾਲੀ ਕਾਪੀ ਦੇ ਸਫ਼ਿਆਂ ਉੱਤੇ ਸਾਫ਼-ਸਾਫ਼ ਲਿਖੀ ਹੋਈ ਆਪਣੀ ਇਕ ਗ਼ਜ਼ਲ ਸੰਪਾਦਕ ਸਾਹਿਬ ਦੇ ਸਾਹਮਣੇ ਰੱਖੀ। ਸੰਪਾਦਕ ਮੁਸਕਰਾਇਆ, ਕਹਿਣ ਲੱਗਾ, "ਚੰਗਾ ਲਿਖਦੇ ਹੋ, ਇਸੇ ਮਹੀਨੇ ਛਾਪ ਲਵਾਂਗੇ।" ਮੇਰੀ ਖ਼ੁਸ਼ੀ ਡੁੱਲ੍ਹ-ਡੁੱਲ੍ਹ

ਪੈ ਰਹੀ ਸੀ। ਅਗਲੇ ਮਹੀਨੇ ਸਰਵਨ ਰਾਹੀ ਨੇ ਮੇਰੀ ਗ਼ਜ਼ਲ ਵਾਲਾ 'ਵਰਿਆਮ' ਮੇਰੇ ਸਾਹਮਣੇ ਆ ਰੱਖਿਆ। ਕਾਲਜ ਮੈਗਜ਼ੀਨ ਤੋਂ ਬਾਅਦ ਕਿਸੇ ਸਾਹਿਤਕ ਰਸਾਲੇ ਵਿੱਚ ਛਪਣ ਵਾਲੀ ਇਹ ਮੇਰੀ ਪਹਿਲੀ ਰਚਨਾ ਸੀ :-

ਮੇਰਾ ਤਨ ਤਾਂ ਨਿੰਮੀ ਨਿੰਮੀ ਭਟਕਣਾ ਦਾ ਹੀ ਸਾਇਆ ਹੈ
ਦਰਦਾਂ-ਭਿੰਨੀ ਦੇਹੀ ਅੰਦਰ ਸੂਰਜ ਕਿਸ ਗਰਮਾਇਆ ਹੈ

ਮੈਂ ਕਈ ਦਿਨਾਂ ਤੱਕ 'ਵਰਿਆਮ' ਰਸਾਲਾ ਆਪਣੇ ਨਾਲ ਚੁੱਕੀ ਫਿਰਦਾ ਰਿਹਾ ਸਾਂ।... ਫੇਰ ਮੈਂ ਡਾਕ ਰਾਹੀਂ 'ਵਰਿਆਮ' ਨੂੰ ਗ਼ਜ਼ਲਾਂ ਭੇਜਦਾ ਰਿਹਾ, ਹਰ ਵਾਰ ਛਪਦੀਆਂ ਰਹੀਆਂ।

ਮੈਂ ਜਦੋਂ ਕਦੇ ਜਲੰਧਰ ਆਉਂਦਾ ਜਗਦੀਸ਼ ਸਿੰਘ ਨੂੰ ਮਿਲਣ ਤੋਂ ਬਿਨਾਂ ਨਾ ਮੁੜਦਾ। ਉਸ ਨਾਲ ਮੇਰੀ ਪਹਿਲੇ ਪਿਆਰ ਵਾਲੀ ਸਾਹਿਤਕ ਅਪਣੱਤ ਸੀ। ਜਦੋਂ ਮੈਂ 'ਨਵਾਂ ਜ਼ਮਾਨਾ' ਵਿੱਚ ਆ ਗਿਆ ਤਾਂ ਇਹ ਮੁਲਾਕਾਤਾਂ ਆਮ ਹੋ ਗਈਆਂ। ਉਹ ਅਕਸਰ 'ਨਵਾਂ ਜ਼ਮਾਨਾ' ਆਉਂਦੇ, ਜ਼ੀਰਵੀ ਸਾਹਿਬ ਦੀਆਂ ਗੱਲਾਂ ਸੁਣਦੇ, ਸਾਰੇ ਸਟਾਫ਼ ਨਾਲ ਪਰਿਵਾਰ ਵਾਂਗ ਹੀ ਦੁੱਖ-ਸੁੱਖ ਸਾਂਝੇ ਕਰਦੇ... ਜਗਜੀਤ ਸਿੰਘ ਆਨੰਦ, ਬਾਬਾ ਬੰਨੋਆਣਾ, ਪ੍ਰੀਤਮ ਸਿੰਘ ਕਵੀ ਅਤੇ ਕ੍ਰਿਸ਼ਨ ਭਾਰਦਵਾਜ ਨਾਲ ਹਰ ਰੋਜ਼ ਕੋਈ ਨਾ ਕੋਈ ਗਿਟ-ਮਿਟ ਕਰਦੇ ਅਤੇ ਵਾਪਸ ਚਲੇ ਜਾਂਦੇ।... "ਨਵਾਂ ਜ਼ਮਾਨਾ" ਦੇ ਸੰਪਾਦਕੀ ਅਮਲੇ ਨੂੰ ਪੰਜ ਪੀਰ ਚੌਕ ਤੋਂ ਮੰਗਵਾ ਕੇ, ਉਹ ਅਕਸਰ ਗਰਮਾ ਗਰਮ ਜਲੇਬੀਆਂ ਖੁਆ ਕੇ ਜਾਂਦੇ।

ਇਨ੍ਹਾਂ ਦਿਨਾਂ ਵਿੱਚ ਪੰਜਾਬ ਦੀਆਂ ਸਾਹਿਤਕ ਸਰਗਰਮੀਆਂ ਬਾਰੇ ਉਨ੍ਹਾਂ ਨੇ 'ਵਰਿਆਮ' ਵਿੱਚ ਮੇਰਾ ਇਕ ਕਾਲਮ ਸ਼ੁਰੂ ਕਰਵਾਇਆ, ਜਿਸ ਨੂੰ ਮੈਂ "ਅਨੁਭਵੀ" ਦੇ ਕਲਮੀ ਨਾਮ ਹੇਠ ਲਿਖਦਾ ਸਾਂ। ਇਸ ਵਿੱਚ ਚੋਭਾਂ ਭਰੀ ਦਿਲਚਸਪ ਰੀਪੋਰਟਿੰਗ ਹੁੰਦੀ ਸੀ। ਕਾਲਮ ਕਾਫ਼ੀ ਮਕਬੂਲ ਹੋ ਗਿਆ ਸੀ। ਈਸ਼ਰ ਸਿੰਘ ਅਟਾਰੀ ਦੇ ਸਾਹਿਤ ਸਮੀਖਿਆ ਬੋਰਡ ਦੇ ਸਮਾਗਮ ਦੀ ਰੀਪੋਰਟਿੰਗ ਦਾ ਸਾਹਿਤਕ ਹਲਕਿਆਂ ਵਿੱਚ ਕਾਫ਼ੀ ਚਰਚਾ ਹੋਇਆ। ਇਸ ਸਮਾਗਮ ਦੇ ਪ੍ਰਧਾਨਗੀ ਭਾਸ਼ਣ ਵਿੱਚ ਈਸ਼ਰ ਸਿੰਘ ਅਟਾਰੀ ਖ਼ੁਦ ਹੀ ਇਕ ਕਹਾਣੀਆਂ ਦੀ ਕਿਤਾਬ ਨੂੰ ਕਵਿਤਾ ਦੀ ਕਿਤਾਬ ਸਮਝ ਕੇ ਭਾਸ਼ਣ ਕਰ ਗਿਆ ਸੀ, ਜਿਸ

ਨੂੰ ਮੈਂ ਮਜ਼ਾਹੀਆ ਅੰਦਾਜ਼ ਨਾਲ ਇਸ ਕਾਲਮ ਵਿੱਚ ਲਿਖ ਦਿੱਤਾ। ਈਸ਼ਰ ਸਿੰਘ ਅਟਾਰੀ ਅਗਲੇ ਹੀ ਦਿਨ ਜਗਦੀਸ਼ ਸਿੰਘ ਦੇ ਦਫ਼ਤਰ ਇਹ ਪੁੱਛਣ ਲਈ ਆਇਆ ਕਿ ਇਹ 'ਅਨੁਭਵੀ' ਕੌਣ ਹੈ? ਜਗਦੀਸ਼ ਸਿੰਘ ਤੋਂ ਸੱਚ ਬੋਲਿਆ ਗਿਆ... ਉਹ ਸਿੱਧਾ 'ਨਵਾਂ ਜ਼ਮਾਨਾ' ਵਿੱਚ ਮੇਰੇ ਕੋਲ ਆ ਗਿਆ। ਕਹਿਣ ਲੱਗਾ "ਮੇਰੀ ਬਹੁਤ ਬੇਇੱਜ਼ਤੀ ਹੋਈ ਹੈ। ਅਗਲੀ ਵਾਰ ਕੁਝ ਨਾ ਕੁਝ ਮੇਰੇ ਹੱਕ ਵਿੱਚ ਲਿਖ ਦੇਈਂ..." ਮੈਂ ਹੱਸ ਛੱਡਿਆ, ਪਰ ਉਸ ਤੋਂ ਬਾਅਦ ਮੈਂ ਇਹ ਕਾਲਮ ਬੰਦ ਕਰ ਦਿੱਤਾ। ਜਗਦੀਸ਼ ਸਿੰਘ ਦੇ ਵਾਰ-ਵਾਰ ਕਹਿਣ 'ਤੇ ਵੀ ਮੈਂ ਇਸ ਨੂੰ ਦੁਬਾਰਾ ਸ਼ੁਰੂ ਨਾ ਕੀਤਾ। ਜਗਦੀਸ਼ ਸਿੰਘ ਨੇ ਆਪਸੀ ਵਿਸ਼ਵਾਸ ਦੀ ਸੰਧੀ ਨੂੰ ਸੱਚ ਬੋਲਣ ਦੇ ਅਸੂਲ ਉੱਤੇ ਕੁਰਬਾਨ ਕਰ ਦਿੱਤਾ ਸੀ।

ਇਸ ਘਟਨਾ ਤੋਂ ਬਾਅਦ ਅਸੀਂ ਕੁਝ ਦੇਰ ਤੱਕ ਇਕ-ਦੂਸਰੇ ਨਾਲ ਨਰਾਜ਼ ਜਿਹੇ ਰਹੇ ਸਾਂ...

ਪਿਆਰਾ ਸਿੰਘ ਭੋਗਲ, ਗੁਰਬਖ਼ਸ਼ ਸਿੰਘ ਬੰਨੋਆਣਾ ਅਤੇ ਜਗਦੀਸ਼ ਸਿੰਘ ਪੰਜਾਬੀ ਲੇਖਕ ਸਭਾ ਜਲੰਧਰ ਦੇ ਕਰਤਾ-ਧਰਤਾ ਸਨ। ਅੱਗੋਂ ਰੌਸ਼ਨ ਲਾਲ ਆਹੂਜਾ, ਰਾਜਿੰਦਰ ਸਿੰਘ ਬੱਲ, ਸੁਰਜੀਤ ਸਿੰਘ ਮਿਨਹਾਸ ਅਤੇ ਬੇਅੰਤ ਸਿੰਘ ਸਰਹੱਦੀ ਇਨ੍ਹਾਂ ਦੇ ਪੱਕੇ ਖ਼ੈਰ-ਖ਼ੁਆਹ। ਕੋਈ ਵੀ ਸਾਹਿਤਕ ਸਰਗਰਮੀ ਇਨ੍ਹਾਂ ਦੀ ਹਾਜ਼ਰੀ ਤੋਂ ਬਿਨਾਂ ਮੁਕੰਮਲ ਨਾ ਹੁੰਦੀ। ਅਸਲ ਵਿੱਚ ਇਹ ਕੜੀ ਹੀਰਾ ਸਿੰਘ ਦਰਦ ਤੋਂ ਸ਼ੁਰੂ ਹੋ ਕੇ ਤੇਰਾ ਸਿੰਘ ਚੰਨ ਰਾਹੀਂ ਬਾਬਾ ਬੰਨੋਆਣਾ ਅਤੇ ਜਗਦੀਸ਼ ਸਿੰਘ ਤੱਕ ਪਹੁੰਚੀ ਸੀ। ਫਿਰ ਜਦੋਂ ਵਰਿਆਮ ਸਿੰਘ ਸੰਧੂ ਅਤੇ ਜਗਦੀਸ਼ ਸਿੰਘ ਵਰਿਆਮ ਇਕੱਠੇ ਹੋ ਕੇ 'ਵਰਿਆਮ ਜੋੜੀ' ਬਣ ਗਏ ਤਾਂ ਜਗਦੀਸ਼ ਸਿੰਘ ਵਰਿਆਮ ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਬਣ ਗਏ। ਜਲੰਧਰ ਦੇ ਸਾਹਿਤਕਾਰਾਂ ਦੇ ਅਨੇਕ ਰੰਗਾਂ ਵਿੱਚ ਜਗਦੀਸ਼ ਸਿੰਘ ਵਰਿਆਮ ਦੇ ਚਿੱਟੇ ਰੰਗ ਦਾ ਸਮਾ ਜਾਣਾ ਕੁਦਰਤੀ ਅਤੇ ਸੁਭਾਵਿਕ ਸੀ। ਇਹ ਜਗਦੀਸ਼ ਸਿੰਘ ਦੇ ਸੁਭਾਅ ਦਾ ਕਮਾਲ ਹੀ ਸੀ, ਕਿ ਵਾਰ-ਵਾਰ ਭੜਕਦੇ ਅਤੇ ਭਟਕਦੇ ਭੜਕੀਲੇ ਰੰਗ ਵੀ ਚਿੱਟੇ ਰੰਗ ਦੀ ਆਭਾ ਉੱਤੇ ਕਦੇ ਭਾਰੇ ਨਾ ਪੈ ਸਕੇ... ਉਹ ਉਮਰ ਭਰ ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਬਣੇ ਰਹੇ।

1989 ਵਿੱਚ ਸਤਿਗੁਰ ਪਰਤਾਪ ਸਿੰਘ ਜੀ ਦੀ ਜਨਮ ਸ਼ਤਾਬਦੀ ਮਨਾਉਣ ਉਪਰੰਤ ਦੂਰਦਰਸ਼ਨ ਵਲੋਂ ਤਿਆਰ ਕੀਤੇ ਜਾਣ ਵਾਲੀ ਦਸਤਾਵੇਜ਼ੀ ਫ਼ਿਲਮ ਬਣਾਉਣ

ਦੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਮੈਨੂੰ ਜਗਦੀਸ਼ ਸਿੰਘ ਵਰਿਆਮ ਨਾਲ ਲਗਭਗ ਸਾਰੇ ਨਾਮਧਾਰੀ ਕੇਂਦਰਾਂ ਉੱਤੇ ਜਾਣ ਦਾ ਮੌਕਾ ਮਿਲਿਆ। ਸ਼੍ਰੀ ਭੈਣੀ ਸਾਹਿਬ, ਮੰਡੀ (ਹਿਮਾਚਲ ਪ੍ਰਦੇਸ਼) ਅਤੇ ਜੀਵਨ ਨਗਰ (ਸਿਰਸਾ, ਹਰਿਆਣਾ) ਇਨ੍ਹਾਂ ਵਿੱਚੋਂ ਪ੍ਰਮੁੱਖ ਸਨ। ਇਨ੍ਹਾਂ ਤਿੰਨਾਂ ਹੀ ਕੇਂਦਰਾਂ ਵਿੱਚ ਅਸੀਂ ਕਈ ਕਈ ਦਿਨ ਰਹੇ। ਜੀਵਨ ਨਗਰ ਦੀ ਇਕ ਇਕ ਫੇਰੀ ਵੇਲੇ ਤਾਂ ਵਰਿਆਮ ਸਿੰਘ ਸੰਧੂ ਵੀ ਸਾਡੇ ਨਾਲ ਹੀ ਸਨ। ਮਹਾਰਾਜ ਬੀਰ ਸਿੰਘ ਜੀ, ਉੱਘੇ ਨਾਮਧਾਰੀ ਸਾਹਿਤਕਾਰ ਤਰਨ ਸਿੰਘ ਵਹਿਮੀ, ਸਾਧੂ ਸਿੰਘ ਕਿਸਾਨ, ਮਾਸਟਰ ਅਮਰੀਕ ਸਿੰਘ ਅਤੇ ਸੁਵਰਨ ਸਿੰਘ ਵਿਰਕ ਨੂੰ ਵੀ ਮਿਲਣ ਦਾ ਮੌਕਾ ਮਿਲਿਆ। ਭੈਣੀ ਸਾਹਿਬ ਅਤੇ ਜੀਵਨ ਨਗਰ ਵਿਖੇ ਤਾਂ ਉਸ ਵੇਲੇ ਦੇ ਨਾਮਧਾਰੀ ਮੁਖੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਆਸ਼ੀਰਵਾਦ ਲੈਣ ਦਾ ਸੁਭਾਗ ਵੀ ਪ੍ਰਾਪਤ ਹੋਇਆ। ਵਰਤਮਾਨ ਨਾਮਧਾਰੀ ਮੁੱਖੀ ਸਤਿਗੁਰੂ ਉਦੈ ਸਿੰਘ ਜੀ, ਜੋ ਉਦੋਂ ਅਜੇ ਠਾਕੁਰ ਉਦੈ ਸਿੰਘ ਸਨ, ਨੂੰ ਵੀ ਇਥੇ ਹੀ ਪਹਿਲੀ ਵਾਰ ਮਿਲੇ ਸਾਂ...

ਉਹ ਦਸਤਾਵੇਜ਼ੀ ਫ਼ਿਲਮ, ਮੇਰੇ ਵਲੋਂ ਦੂਰਦਰਸ਼ਨ ਲਈ ਕੀਤੇ ਗਏ ਬਿਹਤਰੀਨ ਕੰਮਾਂ ਵਿੱਚ ਸ਼ਾਮਿਲ ਹੈ। ਉਸ ਦਾ ਆਲੇਖ, ਉਸ ਦਾ ਸੰਗੀਤ, ਉਸ ਵਿੱਚ ਵਰਤੀਆਂ ਗਈਆਂ ਨਾਮਧਾਰੀ ਸ਼ੈਲੀ ਦੀਆਂ ਧਾਰਨਾਂ, ਸਭ ਜਗਦੀਸ਼ ਸਿੰਘ ਨੇ ਹੀ ਮੁਹੱਈਆ ਕਰਵਾਈਆਂ ਸਨ।... ... ਦਸਤਾਵੇਜ਼ੀ ਪ੍ਰਸਾਰਿਤ ਹੋਣ ਉਪਰੰਤ ਵੀ ਜਗਦੀਸ਼ ਸਿੰਘ ਵਰਿਆਮ ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਕੋਲ ਆਸ਼ੀਰਵਾਦ ਲੈਣ ਲਈ ਲੈ ਕੇ ਗਏ ਸਨ...

ਜਦੋਂ ਜਦੋਂ ਵੀ 'ਵਰਿਆਮ' ਦੇ ਵਿਸ਼ੇਸ਼ ਅੰਕ ਨਿਕਲਦੇ ਜਗਦੀਸ਼ ਸਿੰਘ ਮੇਰੇ ਤੋਂ ਸਤਿਗੁਰੂ ਜੀ ਬਾਰੇ ਲੇਖ ਜ਼ਰੂਰ ਲਿਖਵਾਉਂਦੇ। ਜਗਦੀਸ਼ ਸਿੰਘ ਦੀ ਸ਼ੀਰੀ-ਸ਼ਖ਼ਸੀਅਤ ਦਾ ਰੂਹਾਨੀ ਜਲੌਅ ਹੀ ਅਜਿਹਾ ਸੀ ਕਿ ਉਨ੍ਹਾਂ ਵਲੋਂ ਕਿਹਾ ਗਿਆ ਕੋਈ ਵੀ ਕੰਮ, ਮੈਂ ਹਰ ਹਾਲਤ ਵਿੱਚ ਪੂਰਾ ਕਰਨ ਦਾ ਯਤਨ ਕਰਦਾ।

ਜਗਦੀਸ਼ ਸਿੰਘ ਦਾ ਜਨਮ ਇਕ ਸਤੰਬਰ 1938 ਨੂੰ ਜਥੇਦਾਰ ਨੱਥਾ ਸਿੰਘ ਦੇ ਘਰ, ਬੀਬੀ ਸਵਰਨ ਕੌਰ ਦੀ ਕੁੱਖੋਂ ਜ਼ਿਲ੍ਹਾ ਸਿਆਲਕੋਟ ਦੀ ਤਹਿਸੀਲ ਨਾਰੋਵਾਲ ਦੇ ਪਿੰਡ ਢੇਅ (ਹੁਣ ਪਾਕਿਸਤਾਨ) ਵਿਖੇ ਹੋਇਆ ਸੀ। ਉਨ੍ਹਾਂ ਨੇ ਪਹਿਲਾਂ ਗਿਆਨੀ ਅਤੇ ਫੇਰ ਐਫ਼.ਏ. ਤੱਕ ਪੜ੍ਹਾਈ ਕੀਤੀ ਸੀ। ਜਲੰਧਰ ਆ ਕੇ ਉਨ੍ਹਾਂ ਨੇ ਆਪਣੇ ਮਾਮਾ ਸੁਰੈਣ ਸਿੰਘ

ਕੋਲ ਬੈਟਰੀਆਂ ਦੀ ਦੁਕਾਨ ਉੱਤੇ ਕੰਮ ਕਰਨਾ ਸ਼ੁਰੂ ਕੀਤਾ। ਇਸੇ ਦੌਰਾਨ ਕੰਮਕਾਰ ਦੇ ਸਿਲਸਿਲੇ ਵਿੱਚ ਉਹ ਕੁਝ ਸਮਾਂ ਬੰਬਈ ਅਤੇ ਜੰਮੂ ਵੀ ਗਏ, ਪਰ ਫੇਰ ਪੱਕੇ ਤੌਰ 'ਤੇ ਜਲੰਧਰ ਵਿੱਚ ਹੀ ਟਿਕ ਗਏ।

11 ਸਤੰਬਰ, 1959 ਨੂੰ ਉਨ੍ਹਾਂ ਦਾ ਵਿਆਹ ਬੀਬੀ ਬਖ਼ਸ਼ੀਸ਼ ਕੌਰ ਨਾਲ ਨਾਮਧਾਰੀ ਪਰੰਪਰਾਵਾਂ ਅਨੁਸਾਰ ਹੋਇਆ। ਇਸੇ ਨਾਮਧਾਰੀ ਜੋੜ-ਮੇਲੇ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਦੀਆਂ ਭੋਗ ਰਸਮਾਂ ਸਨ ਅਤੇ ਇਸੇ ਦਿਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਸਤਾਰਬੰਦੀ ਵੀ ਹੋਈ ਸੀ। ਜਗਦੀਸ਼ ਸਿੰਘ ਵਰਿਆਮ ਨਾਮਧਾਰੀ ਦਰਬਾਰ ਦੇ ਉਨ੍ਹਾਂ ਵਿਸ਼ਵਾਸਯੋਗ ਵਿਅਕਤੀਆਂ ਵਿੱਚੋਂ ਸਨ, ਜਿਨ੍ਹਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਹਮੇਸ਼ਾ ਆਪਣੇ ਆਸ-ਪਾਸ ਵੇਖਣਾ ਚਾਹੁੰਦੇ ਸਨ। ਇਸੇ ਕਰਕੇ ਉਨ੍ਹਾਂ ਨੂੰ ਨਾਮਧਾਰੀ ਵਿਦਿਅਕ ਜਥੇ ਦੀ ਪ੍ਰਧਾਨਗੀ ਅਤੇ ਨਾਮਧਾਰੀ ਦਰਬਾਰ ਦੀ ਜਨਰਲ ਸਕੱਤਰੀ ਵੀ ਨਿਵਾਜੀ ਗਈ ਸੀ।

...ਇਕ ਦਿਨ ਸ੍ਰੀ ਭੈਣੀ ਸਾਹਿਬ ਤੋਂ ਵਿਸ਼ੇਸ਼ ਸੱਦਾ ਆਇਆ ਕਿ ਸਤਿਗੁਰਾਂ ਨੇ ਜਗਦੀਸ਼ ਸਿੰਘ ਨੂੰ ਕਾਰ ਬਖ਼ਸ਼ਿਸ਼ ਕਰਨੀ ਹੈ, ਤੁਰੰਤ ਸ੍ਰੀ ਭੈਣੀ ਸਾਹਿਬ ਪਹੁੰਚੋ... ਜਲੰਧਰ ਤੋਂ ਦੋਸਤਾਂ ਦਾ ਜਥਾ ਕਾਰ ਲੈਣ ਲਈ ਸ੍ਰੀ ਭੈਣੀ ਸਾਹਿਬ ਪਹੁੰਚ ਗਿਆ।...ਕਾਰ ਆ ਗਈ... ਤਾਂ ਜਗਦੀਸ਼ ਸਿੰਘ ਨੂੰ ਕਾਰ ਚਲਾਉਣੀ ਵੀ ਸਿੱਖਣੀ ਪਈ...

ਉਹ ਮੇਰੇ ਪਿਤਾ ਜੀ ਤੋਂ ਸਿਰਫ਼ ਸੱਤ ਸਾਲ ਛੋਟੇ ਸਨ, ਪਰ ਉਨ੍ਹਾਂ ਦੀ ਦੋਸਤੀ ਮੇਰੇ ਨਾਲ ਸੀ। ਇਹ ਦੋਸਤੀ ਏਨੀ ਪਰਿਵਾਰਕ ਹੋ ਗਈ ਸੀ ਕਿ ਉਹ ਅਕਸਰ ਮੈਨੂੰ ਮਿਲਣ ਘਰ ਆਉਂਦੇ, ਪਰ ਬਹੁਤੀ ਗੱਲਬਾਤ ਪਿਤਾ ਜੀ ਨਾਲ ਕਰਦੇ, ਪਹਿਲਾਂ ਸਾਈਕਲ 'ਤੇ ਆਉਂਦੇ ਸਨ, ਫੇਰ ਸਕੂਟਰ 'ਤੇ ਅਤੇ ਫੇਰ ਕਾਰ ਉੱਤੇ...... ਉਨ੍ਹਾਂ ਦੀ ਪਤਨੀ ਬਖ਼ਸ਼ੀਸ਼ ਕੌਰ ਵੀ ਉਨ੍ਹਾਂ ਦੇ ਨਾਲ ਆਉਂਦੇ ਤਾਂ ਦੇਰ ਤੱਕ ਮੇਰੇ ਮਾਤਾ, ਪਿਤਾ, ਪਤਨੀ, ਭਰਾ ਅਤੇ ਬੱਚਿਆਂ ਨਾਲ, ਉਨ੍ਹਾਂ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ...ਵਰਿਆਮ ਸਿੰਘ ਸੰਧੂ ਭਾ ਜੀ ਵੀ ਕਦੇ-ਕਦੇ ਉਨ੍ਹਾਂ ਦੇ ਨਾਲ ਆ ਜਾਂਦੇ ਤਾਂ ਚਾਹ-ਦੁੱਧ ਦੇ ਕੱਪਾਂ ਉੱਤੇ ਹੀ ਦੇਰ ਤੱਕ ਮਹਿਫ਼ਲ ਜੰਮੀ ਰਹਿੰਦੀ।

ਜਗਦੀਸ਼ ਸਿੰਘ ਕੋਲ ਗੱਲ ਨੂੰ ਸੁਣਾਉਣ ਦੀ ਇਕ ਅਨੋਖੀ ਅਦਾ ਸੀ। ਪਰ ਜਦੋਂ ਦੋਨੋਂ ਵਰਿਆਮ ਇਕੱਠੇ ਹੁੰਦੇ ਤਾਂ ਕਿਸੇ ਵੀ ਗੱਲ ਨੂੰ ਇਵੇਂ ਘੁੰਮਾਉਂਦੇ ਅਤੇ ਮੁੜ-ਮੁੜ

ਮਟਕਾਉਂਦੇ ਕਿ ਅਸੀਂ ਹੱਸ-ਹੱਸ ਦੋਹਰੇ ਹੋ ਜਾਂਦੇ। ਸੰਧੂ ਸਾਹਿਬ ਕਹਿੰਦੇ, "ਸੰਤ ਜੀ ਉਹ ਗੱਲ ਸੁਣਾਓ ਜਦੋਂ ਤੁਸੀਂ ਅੰਮ੍ਰਿਤਸਰ ਗਏ ਸੀ... ..." ਉਹ ਇਵੇਂ ਹੋਈ ਕਿ "ਅਸੀਂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਜਾਣਾ ਸੀ, ਮੇਰੇ ਨਾਲ ਮੇਰਾ ਫਲਾਣਾ ਨਾਮਧਾਰੀ ਦੋਸਤ ਵੀ ਸੀ। ਬੱਸ ਅੱਡੇ ਤੋਂ ਰਿਕਸ਼ਾ ਕਰਕੇ ਅਜੇ ਅਸੀਂ ਰਿਕਸ਼ੇ ਵਿੱਚ ਬੈਠੇ ਹੀ ਸੀ ਤਾਂ ਰਿਕਸ਼ੇ ਵਾਲਾ ਕਹਿੰਦਾ... ... "ਬਾਬਿਓ ! ਜਦੋਂ ਅਜੇ ਤੁਸੀਂ ਬੱਸ ਵਿੱਚੋਂ ਉੱਤਰੇ ਹੀ ਸੀ ਤਾਂ ਮੈਂ ਦੂਰੋਂ ਦੇਖ ਕੇ ਉਦੋਂ ਈ ਸੋਚ ਲਿਆ ਸੀ, ਓਹ ਬਾਬੇ ਮੈਂ ਲੱਦਣੇ ਆ।" "ਬਾਬਿਆਂ ਨੂੰ ਲੱਦਣ" ਵਾਲੀ ਗੱਲ ਸੁਣ ਕੇ ਸੰਧੂ ਸਾਹਿਬ ਜ਼ੋਰ ਦੀ ਠਹਾਕਾ ਮਾਰਦੇ ਤਾਂ ਜਗਦੀਸ਼ ਸਿੰਘ ਬੋਲਦੇ... "ਕਿਹਾ ਉਸ ਨੇ ਇਵੇਂ , ਜਿਵੇਂ ਲੋਥਾਂ ਲੱਦਣੀਆਂ ਹੋਣ।"

ਜੇਕਰ ਕਦੇ ਗੱਲਬਾਤ ਵਿੱਚ ਕਿਸੇ ਬਾਰੇ ਇਹ ਕਿਹਾ ਜਾਵੇ ਕਿ ਉਹ ਬੰਦਾ ਬਹੁਤ ਚੰਗਾ ਹੈ ਤਾਂ ਜਗਦੀਸ਼ ਸਿੰਘ 'ਚੰਗੇ ਬੰਦੇ' ਦੀ ਪ੍ਰੀਭਾਸ਼ਾ ਆਪਣੇ ਇਕ ਦੋਸਤ ਦੇ ਹਵਾਲੇ ਨਾਲ ਇਉਂ ਦੱਸਦੇ, "ਸਾਡਾ ਇਕ ਨਾਮਧਾਰੀ ਦੋਸਤ ਰਹਿੰਦਾ, ਫਲਾਣਾ ਆਦਮੀ ਬਹੁਤ ਚੰਗਾ ਹੈ।" ਅਸੀਂ ਪੁੱਛਿਆ, "ਤੈਨੂੰ ਕਿਵੇਂ ਪੱਤਾ ਲੱਗਾ ਕਿ ਉਹ ਚੰਗਾ ਆਦਮੀ ਹੈ?" ਕਹਿਣ ਲੱਗਾ... ..."ਉਹ ਮੇਰੀ ਬੜੀ ਕਦਰ ਕਰਦਾ, ਇਸ ਕਰਕੇ"

"ਉਸ ਦੀ ਨਜ਼ਰ ਵਿੱਚ ਉਹੀ ਚੰਗਾ ਆਦਮੀ ਹੁੰਦਾ ਸੀ, ਜੋ ਉਸ ਦੀ ਕਦਰ ਕਰਦਾ ਹੋਵੇ...।"

...ਜਗਦੀਸ਼ ਸਿੰਘ ਹਮੇਸ਼ਾ ਆਪਣੇ ਖੀਸੇ ਵਿੱਚ ਛੋਟੀਆਂ ਇਲਾਚੀਆਂ, ਮਿਸ਼ਰੀ, ਬਦਾਮ ਅਤੇ ਕਾਲੀਆਂ ਮਿਰਚਾਂ ਰੱਖਦੇ। ਦੋਸਤਾਂ ਨੂੰ ਵੰਡਦੇ ਵੀ ਰਹਿੰਦੇ ਅਤੇ ਗੱਲਬਾਤ ਕਰਦੇ ਹੋਏ , ਇਨ੍ਹਾਂ ਵਿੱਚੋਂ ਕੁਝ ਨਾ ਕੁਝ ਚਬਾਉਂਦੇ ਵੀ ਰਹਿੰਦੇ।

ਪੰਜਾਬੀ ਸਾਹਿਤਕਾਰਾਂ ਅਤੇ  ਸਮਾਜ ਸੇਵੀ ਕਾਰਕੁੰਨਾਂ ਨਾਲ ਉਹ ਬਹੁਤ ਸਹਿਜ ਭਾਵੀ ਪਰਿਵਾਰਕ ਸਾਂਝ ਬਣਾਈ ਰੱਖਦੇ...ਦੋਸਤਾਂ ਨੂੰ ਮਿਲਣਾ-ਗਿਲਣਾ ਉਨ੍ਹਾਂ ਨਾਲ ਬੈਠ ਕੇ ਘੰਟਿਆਂ ਬੱਧੀ ਗੱਲਾਂ ਕਰਨਾ ਉਨ੍ਹਾਂ ਦਾ ਸੁਭਾਅ ਸੀ...  ਇਕ ਵਾਰ ਉਹ ਭਾਪਾ ਪ੍ਰੀਤਮ ਸਿੰਘ ਅਤੇ ਪ੍ਰੀਤਮ ਸਿੰਘ ਕਵੀ ਜੀ ਨਾਲ ਅੰਮ੍ਰਿਤਾ ਪ੍ਰੀਤਮ ਨੂੰ ਵੀ ਮਿਲਣ ਗਏ ਸਨ। ਵਾਪਸ ਆ ਕੇ ਕਹਿਣ ਲੱਗੇ... "ਅੰਮ੍ਰਿਤਾ ਨਾਲ ਬਹੁਤ ਸਾਰੀਆਂ ਗੱਲਾਂ ਹੋਈਆਂ। ਰਾਜਸੀ ਨੇਤਾਵਾਂ ਬਾਰੇ, ਸਮਕਾਲੀ ਸਾਹਿਤਕਾਰਾਂ ਬਾਰੇ, ਸਰਕਾਰੀ ਅਧਿਕਾਰੀਆਂ ਬਾਰੇ...ਪਰ ਮੈਂ ਵੇਖਿਆ ਕਿ ਜੇਕਰ ਅੰਮ੍ਰਿਤਾ ਪ੍ਰੀਤਮ ਵਿੱਚ ਵੀ ਆਮ ਵਿਅਕਤੀਆਂ ਵਾਂਗ

ਹੀ ਸਾੜਾ, ਕੀਨਾ, ਈਰਖਾ ਹੀ ਭਰੀ ਹੋਈ ਹੈ ਤਾਂ ਫੇਰ ਇਹ ਕਾਹਦੀ ਅੰਮ੍ਰਿਤਾ ਪ੍ਰੀਤਮ ਹੈ?" ਉਹ ਬਹੁਤ ਨਿਰਾਸ਼ ਸਨ। ਸਾਹਿਤਕਾਰਾਂ ਦੀਆਂ ਚੰਗਿਆਈਆਂ ਦੇ ਉਹ ਰੱਜ ਕੇ ਕਦਰਦਾਨ ਸਨ। ਉਨ੍ਹਾਂ ਨੇ ਆਪਣੀਆਂ ਯਾਦਾਂ ਨੂੰ 'ਖਿਲਰੇ ਪੱਤਰੇ' ਕਿਤਾਬ ਵਿਚ ਕਲਮਬੱਧ ਕੀਤਾ ਅਤੇ ਸਮਕਾਲੀ ਘਟਨਾਵਾਂ ਬਾਰੇ, ਆਪਣੇ ਤਜਰਬਿਆਂ ਬਾਰੇ, ਉਹ ਅਕਸਰ 'ਵਰਿਆਮ' ਵਿੱਚ ਲਿਖਦੇ ਰਹਿੰਦੇ।

29 ਅਪ੍ਰੈਲ, 2001 ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ "ਵਰਿਆਮ" ਰਸਾਲੇ ਦਾ ਸਿਲਵਰ ਜੁਬਲੀ ਸਮਾਗਮ ਧੂਮ ਧਾਮ ਨਾਲ ਕਰਵਾਇਆ ਗਿਆ ਸੀ। ਇਨ੍ਹਾਂ ਦਿਨਾਂ ਵਿੱਚ ਮੇਰੀ ਪੋਸਟਿੰਗ ਗਵਾਲੀਅਰ (ਮੱਧ ਪ੍ਰਦੇਸ਼) ਹੋਣ ਕਾਰਨ ਮੈਂ ਸਮਾਗਮ ਵਿੱਚ ਸ਼ਾਮਿਲ ਨਾ ਹੋ ਸਕਿਆ। ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸਰਦਾਰ ਤਰਲੋਚਨ ਸਿੰਘ ਦੀ ਪ੍ਰਧਾਨਗੀ ਹੇਠ ਹੋਏ ਇਸ ਇਤਿਹਾਸਕ ਸਮਾਗਮ ਵਿੱਚ, ਡਾਕਟਰ ਬਰਜਿੰਦਰ ਸਿੰਘ ਹਮਦਰਦ (ਅਜੀਤ), ਜਗਜੀਤ ਸਿੰਘ ਆਨੰਦ (ਨਵਾਂ ਜ਼ਮਾਨਾ), ਵਿਜੇ ਕੁਮਾਰ ਚੋਪੜਾ (ਪੰਜਾਬ ਕੇਸਰੀ), ਕਿਰਪਾਲ ਸਿੰਘ ਕਸੇਲ,ਅਤੇ ਪ੍ਰੀਤਮ ਸਿੰਘ ਕਵੀ ਸਮੇਤ ਅਨੇਕਾਂ ਵੱਡੀਆਂ ਹਸਤੀਆਂ ਹਾਜ਼ਰ ਹੋਈਆਂ। ਉੱਘੇ ਵਿਦਵਾਨ ਸੁਵਰਨ ਸਿੰਘ ਵਿਰਕ ਨੇ "ਵਰਿਆਮ" ਦੇ ਸਫ਼ਰ ਬਾਰੇ ਪਰਚਾ ਪੜ੍ਹਿਆ। ਦੇਸ਼ ਭਗਤ ਯਾਦਗਾਰ ਜਲੰਧਰ ਦੇ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਨੇ ਜਗਦੀਸ਼ ਸਿੰਘ ਵਰਿਆਮ ਨੂੰ ਸਨਮਾਨ ਪੱਤਰ ਭੇਟ ਕੀਤਾ। ਇਸ ਦਿਨ ਨੂੰ ਜਗਦੀਸ਼ ਸਿੰਘ ਆਪਣੀ ਜ਼ਿੰਦਗੀ ਦਾ ਸਭ ਤੋਂ ਮਾਣਮੱਤਾ ਅਤੇ ਖ਼ੁਸ਼ੀ ਭਰਿਆ ਦਿਨ ਗਿਣਦੇ ਸਨ। ਸਮਾਗਮ ਤੋਂ ਕੁੱਝ ਦਿਨਾਂ ਬਾਅਦ ਮੈਂ ਜਲੰਧਰ ਆਇਆ ਤਾਂ ਸਮਾਗਮ ਬਾਰੇ ਦੱਸਦਿਆਂ, ਉਨ੍ਹਾਂ ਦੇ ਚਿਹਰੇ ਦਾ ਨੂਰ ਅਤੇ ਅੱਖਾਂ ਦੀ ਚਮਕ ਅਜੇ ਤੱਕ ਵੀ ਪੂਰੇ ਜਲੌਅ ਵਿੱਚ ਸੀ। ਮੈਂ ਦੇਰ ਤੱਕ ਉਨ੍ਹਾਂ ਦੇ ਸ਼ਬਦਾਂ ਨੂੰ ਮਾਣਦਾ ਰਿਹਾ...

ਭਾਸ਼ਾ ਵਿਭਾਗ ਪੰਜਾਬ ਦਾ 'ਸ਼੍ਰੋਮਣੀ ਸਾਹਿਤਕ ਪੱਤਰਕਾਰ ਪੁਰਸਕਾਰ' ਉਨਾਂ ਨੂੰ 2011 ਵਿੱਚ ਮਿਲਿਆ ਸੀ। ਇਹ ਸਾਲ ਉਨ੍ਹਾਂ ਦੀ ਸਿਹਤ ਲਈ ਵੱਡੀਆਂ ਵੰਗਾਰਾਂ ਲੈ ਕੇ ਆਇਆ। ਉਨ੍ਹਾਂ ਨੂੰ ਅਧਰੰਗ ਦਾ ਅਟੈਕ ਹੋਇਆ, ਜਿਸ ਨੇ ਹੌਲੀ-ਹੌਲੀ ਉਨ੍ਹਾਂ ਨੂੰ ਏਨਾ ਨਿਢਾਲ ਕਰ ਦਿੱਤਾ ਕਿ ਸਭ ਸਰਗਰਮੀਆਂ ਮੱਠੀਆਂ ਪੈ ਗਈਆਂ। 2015 ਵਿੱਚ ਸਤਿਗੁਰੂ ਉਦੈ ਸਿੰਘ ਜੀ ਦੇ ਹੁਕਮ ਅਨੁਸਾਰ ਉਹ ਭੈਣੀ ਸਾਹਿਬ ਚਲੇ ਗਏ, ਜਿਥੋਂ 31

ਦਸੰਬਰ, 2015 ਨੂੰ ਬੇਹੋਸ਼ੀ ਦੀ ਹਾਲਤ ਵਿੱਚ ਉਨ੍ਹਾਂ ਨੂੰ ਸਤਿਗੁਰੂ ਪਰਤਾਪ ਸਿੰਘ ਹਸਪਤਾਲ ਲੁਧਿਆਣਾ ਵਿੱਚ ਦਾਖਲ ਕਰਵਾਇਆ ਗਿਆ। ਲਗਭਗ ਚੌਦਾਂ ਮਹੀਨੇ ਤੱਕ ਉਹ ਬੇਹੋਸ਼ੀ (ਕੋਮਾ) ਦੀ ਹਾਲਤ ਵਿੱਚ ਹੀ ਹਸਪਤਾਲ ਵਿੱਚ ਰਹੇ।

4 ਮਾਰਚ, 2017 ਨੂੰ ਇਥੇ ਹੀ ਉਨ੍ਹਾਂ ਨੇ ਆਖ਼ਰੀ ਸਾਹ ਲਿਆ।

ਲੁਛ ਲੁਛ ਕਰਦਾ ਮੁਸਕਾਨ ਭਰਿਆ ਚਿਹਰਾ ਫ਼ਿਜ਼ਾ ਵਿੱਚ ਵਲੀਨ ਹੋ ਗਿਆ...

...ਗਿਆਰਾਂ ਮਾਰਚ 2017 ਨੂੰ ਸ਼੍ਰੀ ਭੈਣੀ ਸਾਹਿਬ ਵਿਖੇ ਉਨ੍ਹਾਂ ਦੀ ਅੰਤਿਮ ਅਰਦਾਸ ਹੋਈ...

... ਸ਼੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਆਦੇਸ਼,ਅਸ਼ੀਰਵਾਦ ਅਤੇ ਕਿਰਪਾ ਨਾਲ ਜਗਦੀਸ਼ ਸਿੰਘ ਦੇ ਛੋਟੇ ਭਰਾ ਨਰੈਣ ਸਿੰਘ ਦੀ ਪ੍ਰੇਰਨਾ ਅਤੇ ਹੱਲਾਸ਼ੇਰੀ ਨਾਲ ਉਨ੍ਹਾਂ ਦੀ ਤੀਜੀ ਅਤੇ ਸਭ ਤੋਂ ਛੋਟੀ ਬੇਟੀ ਰਜਵੰਤ ਕੌਰ ਨੇ 'ਵਰਿਆਮ' ਦੀ ਜੋਤ ਨੂੰ ਲਗਾਤਾਰ ਜਗਾਈ ਰੱਖਿਆ ਹੈ। ... ਸਾਲ 2023 ਦੇ ਸ਼ੁਰੂ ਵਿੱਚ ਭਾ ਜੀ ਵਰਿਆਮ ਸਿੰਘ ਸੰਧੂ, ਉਮਿੰਦਰ ਜੌਹਲ ਅਤੇ ਮੈਂ ਪੰਜਾਬੀ ਸਾਹਿਤ ਸਭਾ ਭੈਣੀ ਸਾਹਿਬ ਦੇ ਇਕ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਗਏ, ਜਿਥੇ ਵੱਡੇ ਨਾਮਧਾਰੀ ਲੇਖਕਾਂ ਦੀ ਯਾਦ ਵਿੱਚ ਵਰਤਮਾਨ ਨਾਮਧਾਰੀ ਲੇਖਕਾਂ ਨੂੰ ਕੁਝ ਪੁਰਸਕਾਰ ਦਿੱਤੇ ਜਾ ਰਹੇ ਸਨ। ਵਰਿਆਮ ਸਿੰਘ ਸੰਧੂ ਨੇ ਸਭਾ ਨੂੰ ਸਲਾਹ ਦਿੱਤੀ ਕਿ ਜਗਦੀਸ਼ ਸਿੰਘ ਵਰਿਆਮ ਦੀ ਯਾਦ ਵਿੱਚ ਵੀ ਇਕ ਪੁਰਸਕਾਰ ਸਥਾਪਿਤ ਕੀਤਾ ਜਾਵੇ, ਜਿਸ ਦੇ ਖ਼ਰਚੇ ਦਾ ਪ੍ਰਬੰਧ ਉਹ ਅਤੇ ਜਲੰਧਰ ਵਾਲੇ ਸਾਥੀ ਮਿਲ ਕੇ ਕਰਨਗੇ। ਭੈਣੀ ਸਾਹਿਬ ਨੂੰ ਜਾਂਦੇ ਹੋਏ ਅਤੇ ਵਾਪਸ ਆਉਂਦੇ ਹੋਏ ਜਗਦੀਸ਼ ਸਿੰਘ ਵਰਿਆਮ ਦੀਆਂ ਗੱਲਾਂ ਕਰਦੇ ਹੋਏ ਅਸੀਂ ਕਦੇ ਹੱਸਦੇ-ਕਦੇ ਉਦਾਸ ਹੁੰਦੇ ਰਹੇ।

...ਪੁਰਸਕਾਰ ਵਾਲੀ ਗੱਲ ਮੈਂ ਇਕ ਦਿਨ ਨਰੈਣ ਸਿੰਘ ਨਾਲ ਸਾਂਝੀ ਕੀਤੀ, ਉਸ ਨੇ ਕਿਹਾ, "ਜਗਦੀਸ਼ ਸਿੰਘ ਵਰਿਆਮ ਯਾਦਗਾਰੀ ਸਾਹਿਤਕ ਪੱਤਰਕਾਰੀ ਪੁਰਸਕਾਰ" ਆਰੰਭ ਕੀਤਾ ਜਾਵੇ, ਜਿਸ ਲਈ ਹਰ ਸਾਲ 21,000 ਰੁਪਏ ਦੀ ਰਾਸ਼ੀ ਉਹ ਖ਼ੁਦ ਦੇਣਗੇ। ...ਇਹ ਪੁਰਸਕਾਰ 'ਪੰਜਾਬੀ ਲੇਖਕ ਸਭਾ ਜਲੰਧਰ' ਵਲੋਂ ਸਭਾ ਦੇ ਸਰਪ੍ਰਸਤ ਭਾ ਜੀ ਵਰਿਆਮ ਸਿੰਘ ਸੰਧੂ ਨਾਲ ਮਸ਼ਵਰਾ ਕਰਕੇ, ਇਸੇ ਸਾਲ ਸ਼ੁਰੂ ਕਰ ਦਿੱਤਾ ਗਿਆ।... ਇਹ ਆਏ ਸਾਲ ਜਗਦੀਸ਼ ਸਿੰਘ ਵਰਿਆਮ ਨੂੰ ਯਾਦ ਕਰਨ ਦਾ ਇਕ ਬਹਾਨਾ ਹੋ ਸਕਦਾ ਹੈ।

ਪਰ ਕੀ ਉਸ ਨੂੰ ਯਾਦ ਕਰਨ ਲਈ ਅਜਿਹੇ ਬਹਾਨੇ ਦੀ ਲੋੜ ਹੈ? ਇਹ ਸੋਚਦਾ ਹੋਇਆ ਮੈਂ ਉਦਾਸ ਹੋ ਜਾਂਦਾ ਹਾਂ। ਪਰ ਇਸ ਉਦਾਸੀ ਵਿੱਚ ਵੀ, ਮੈਨੂੰ ਅਕਸਰ ਉਸ ਦੀ ਮੁਸਕਾਨ ਦਿਸਦੀ ਹੈ। ਜਗਦੀਸ਼ ਸਿੰਘ ਦੇ ਨੂਰੀ ਚਿਹਰੇ ਉੱਤੇ ਮੇਲਦੇ ਵਿਸ਼ਵਾਸ ਨਾਲ ਭਰੀਆਂ ਹੋਈਆਂ ਗਹਿਰੀਆਂ ਅੱਖਾਂ ਅਤੇ ਉਸਦੇ ਬੋਲਾਂ ਵਿੱਚੋਂ ਝਰਦਾ ਕਲ਼ ਕਲ਼ ਨਿਰਮਲ ਚਸ਼ਮਾ, ਮੇਰੀ ਜ਼ਿੰਦਗੀ ਨੂੰ ਹਮੇਸ਼ਾ ਨਵੇਂ ਅਰਥ ਦਿੰਦਾ ਰਿਹਾ ਹੈ।

●●

# ਰਣਧੀਰ ਸਿੰਘ ਚੰਦ



(24 ਅਗਸਤ, 1943 — 26 ਮਾਰਚ, 1992)

# ਕਤਰੇ ਵਿੱਚ ਸਮੁੰਦਰ

ਡਾਕਟਰ ਰਣਧੀਰ ਸਿੰਘ ਚੰਦ ਉਨ੍ਹਾਂ ਕਵੀਆਂ ਵਿੱਚੋਂ ਸੀ, ਜਿਨ੍ਹਾਂ ਦੇ ਮੈਂ ਆਪਣੀ ਚੜ੍ਹਦੀ ਉਮਰ ਵਿੱਚ ਹੀ, ਬਹੁਤ ਨੇੜੇ ਹੋ ਗਿਆ ਸਾਂ। ਇਹ ਇਲਾਕੇ ਦਾ ਮੋਹ ਸੀ? ਉਸ ਦੀ ਸ਼ਖ਼ਸੀਅਤ ਦਾ ਤਲਿਸਮ ਸੀ? ਜਾਂ ਉਸ ਦੀ ਗ਼ਜ਼ਲਗੋਈ ਦਾ ਕਮਾਲ? ਇਸ ਦਾ ਫ਼ੈਸਲਾ ਕਰਨਾ ਮੁਸ਼ਕਿਲ ਹੈ।

ਉਸ ਦਾ ਪਿੰਡ ਪਰਤਾਬਪੁਰਾ ਮੇਰੇ ਪਿੰਡ ਜੰਡਿਆਲੇ ਤੋਂ ਪੰਦਰਾਂ ਕੁ ਕਿੱਲੋਮੀਟਰ ਦੂਰ ਸੀ। ਵਾਇਆ ਨੂਰਮਹਿਲ ਫਿਲੌਰ ਨੂੰ ਜਾਂਦਿਆਂ ਰਾਹ ਵਿੱਚ ਪੈਂਦਾ ਸੀ। ਮੁੱਖ ਸੜਕ ਤੋਂ ਥੋੜ੍ਹਾ ਜਿਹਾ ਹਟਵਾਂ। ਅਸੀਂ ਸਾਈਕਲ 'ਤੇ ਚੜ੍ਹ ਕੇ ਹੀ ਉਸ ਦੇ ਪਿੰਡ ਪਹੁੰਚ ਜਾਂਦੇ।

ਸਾਡੇ ਵਿਚਕਾਰ ਇਕ ਅਪਣਤ ਭਰਿਆ ਰਿਸ਼ਤਾ ਸੀ, ਉਹ ਮੈਥੋਂ ਬਾਰਾਂ ਕੁ ਸਾਲ ਵੱਡਾ ਸੀ। ਸ਼ਾਇਰੀ ਅਤੇ ਜ਼ਿੰਦਗੀ ਦੀਆਂ ਰਮਜ਼ਾਂ ਸਮਝਾਉਂਦਾ ਉਹ ਮੈਨੂੰ ਆਪਣੇ ਪੁੱਤਰ ਵਾਂਗ ਹੀ ਸਮਝਦਾ। 24 ਅਗਸਤ, 1943 ਨੂੰ ਜਨਮਿਆ ਰਣਧੀਰ ਸਿੰਘ ਚੰਦ ਆਪਣੇ ਪਿਤਾ ਬਲਬੀਰ ਸਿੰਘ ਚੰਦ (ਦੂਲੇ) ਦੀ ਕਵੀਸ਼ਰੀ ਭਰੇ ਮਾਹੌਲ ਵਿੱਚ ਜਵਾਨ ਹੋਇਆ ਸੀ। ਤੋਲ-ਤੁਕਾਂਤ ਭਰੀ ਰਵਾਇਤੀ ਕਾਵਿਕਾਰੀ, ਉਸ ਦੇ ਲਹੂ ਵਿੱਚ ਸੀ। ਸ਼ਾਇਦ ਇਸੇ ਕਰਕੇ ਉਹ ਖੁੱਲ੍ਹੀ ਕਵਿਤਾ ਨਾਲੋਂ, ਗੀਤ, ਗ਼ਜ਼ਲ ਲਿਖਣ ਵਿੱਚ ਵਧੇਰੇ ਨਿਪੁੰਨ ਸੀ।

ਉਸ ਦੀ ਕਵਿਤਾ ਦਾ ਸਫ਼ਰ 'ਮੇਰੇ ਗੁੰਮਨਾਮ ਦਿਨ' (1967), 'ਗੁੰਬਦ' (1972), "ਇਕ ਸੂਰਜ ਮੇਰਾ ਵੀ" (1977) 'ਰਾਤ ਸ਼ਹਿਰ ਤੇ ਰੇਤ' (1981) ਤੱਕ ਫੈਲਿਆ ਹੋਇਆ ਹੈ। ਇਸ ਤੋਂ ਬਿਨਾਂ ਉਸ ਨੇ 'ਰੂਹਾਂ ਦੇ ਹਾਣੀ', ਕਹਾਣੀਕਾਰ ਸੁਜਾਨ ਸਿੰਘ, ਕਹਾਣੀਕਾਰ ਕੁਲਵੰਤ ਸਿੰਘ ਵਿਰਕ, ਗੁਰੂ ਨਾਨਕ ਅਤੇ ਯੋਗ ਦਰਸ਼ਨ (ਇਹ ਉਸ ਦਾ ਪੀਐਚ.ਡੀ. ਦਾ ਵਿਸ਼ਾ ਵੀ ਸੀ), ਵਿਗਿਆਨ ਟੈਕਨਾਲੋਜੀ ਅਤੇ ਸਮਾਜ ਆਦਿ ਕਿਤਾਬਾਂ ਵੀ ਲਿਖੀਆਂ ਸਨ। ... ...ਉਹ ਅਜੇ ਦਸਵੀਂ ਵਿੱਚ ਹੀ ਪੜ੍ਹਦਾ ਸੀ, ਜਦੋਂ ਉਸ ਨੇ 1959 ਵਿੱਚ ਹੀ ਇਕ ਗੀਤ ਸੰਗ੍ਰਹਿ 'ਵਣਜਾਰੇ' ਦੀ ਸੰਪਾਦਨਾ ਕੀਤੀ ਸੀ। ਸ਼ਾਇਦ ਇਸ ਸੰਪਾਦਨਾ ਨੇ ਹੀ, ਉਸ ਦੀ ਫ਼ਿਤਰਤ ਵਿੱਚ ਪੱਤਰਕਾਰਤਾ ਦਾ ਉਹ ਜਨੂੰਨ ਭਰ ਦਿੱਤਾ ਸੀ, ਜਿਸ ਨੇ ਸਾਰੀ ਉਮਰ ਉਸ ਦਾ ਪਿੱਛਾ ਨਾ ਛੱਡਿਆ। ਕਿਸੇ ਨਾ ਕਿਸੇ ਅਖ਼ਬਾਰ ਵਿੱਚ ਕੋਈ

ਨਾ ਕੋਈ ਕਾਲਮ ਲਿਖਣਾ ਉਸ ਦਾ ਸ਼ੌਂਕ ਬਣ ਗਿਆ ਸੀ। 'ਨਵਾਂ ਜ਼ਮਾਨਾ', 'ਅਜੀਤ', 'ਪੰਜਾਬੀ ਟ੍ਰਿਬਿਊਨ', 'ਜਗ ਬਾਣੀ', 'ਅਕਾਲੀ ਪੱਤ੍ਰਿਕਾ' ਆਦਿ ਅਖਬਾਰਾਂ ਵਿਚ ਉਹ ਨਿਯਮਤ ਕਾਲਮ  ਲਿਖਦਾ ਰਹਿੰਦਾ ਸੀ। 'ਜਗ ਬਾਣੀ' ਵਿੱਚ ਨਵੇਂ ਲੇਖਕਾਂ ਬਾਰੇ ਸ਼ੁਰੂ ਕੀਤੇ ਕਾਲਮ ਵਿੱਚ ਹੀ ਉਸ ਨੇ ਮੇਰੇ ਬਾਰੇ ਵੀ ਲਿਖਿਆ ਸੀ, ਜਿਸ ਦਾ ਸਿਰਲੇਖ ਸੀ 'ਖ਼ੁਸ਼ਕ ਅੱਖਾਂ ਦੀ ਮੁਸਕਾਨ'', ਕਿਸੇ ਸਾਹਿਤਕਾਰ ਵੱਲੋਂ ਮੇਰੇ ਬਾਰੇ ਲਿਖਿਆ ਗਿਆ, ਇਹ ਪਹਿਲਾ ਲੇਖ ਸੀ, ਜਿਸ ਕਰਕੇ ਇਹ ਮੈਨੂੰ ਕਦੇ ਨਹੀਂ ਭੁੱਲਦਾ।

ਉਹ ਜ਼ਿੰਦਗੀ ਵਿੱਚ ਬਹੁਤ ਬੇਸਬਰਾ ਸੀ। ਉਸ ਵਿੱਚ ਟਿਕਾਓ ਜਾਂ ਠਹਿਰਾਓ ਨਹੀਂ ਸੀ। ਤਨਹਾਈ, ਉਦਾਸੀ, ਘੁਟਨ, ਵਿਯੋਗ ਨੂੰ ਹਮੇਸ਼ਾ ਆਪਣੇ ਨਾਲ-ਨਾਲ ਰੱਖਦਾ ਹੋਇਆ, ਉਹ ਅੰਤਾਂ ਦਾ ਘੁਮੱਕੜ ਬਣਿਆ ਰਹਿੰਦਾ। ਉਹਦੇ ਚਿਹਰੇ ਦੀ ਮੁਸਕਾਨ ਵਿੱਚ ਵੀ, ਉਸ ਦੀਆਂ ਅੱਖਾਂ ਦੀ ਲਾਲੀ ਸਮਿਲਿਤ ਹੋਈ ਰਹਿੰਦੀ। ਭਟਕਣਾ ਉਸ ਦਾ ਮੁਕੱਦਰ ਸੀ।

ਸਰਕਾਰੀ ਕਾਲਜ ਦਾ ਪ੍ਰੋਫ਼ੈਸਰ ਹੁੰਦਿਆਂ ਵੀ ਉਹ ਕਦੇ ਲੰਮੀ ਛੁੱਟੀ ਲੈ ਕੇ ਨਕੋਦਰ ਕਾਲਜ ਦਾ ਪ੍ਰਿੰਸੀਪਲ ਬਣ ਗਿਆ। ਕਦੇ ਪੰਜਾਬ ਦੇ ਗਵਰਨਰ ਸਿਧਾਰਥ ਸ਼ੰਕਰ ਰੇਅ ਦਾ ਓ.ਐਸ.ਡੀ. ਜਾ ਲੱਗਾ ਅਤੇ ਕਦੇ ਰੇਡੀਓ-ਦੂਰਦਰਸ਼ਨ ਦਾ ਨਿਯਮਤ ਸੰਚਾਲਕ ਬਣ ਗਿਆ।ਉਸ ਦੀ ਜ਼ਿੰਦਗੀ ਦਾ ਸਫ਼ਰ ਬੇਹੱਦ ਰੌਚਕ ਅਤੇ ਰੰਗ-ਬਰੰਗਾ ਸੀ।

ਸ਼ੁਰੂ-ਸ਼ੁਰੂ ਵਿੱਚ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਖੋਜ ਸਹਾਇਕ ਬਣਿਆ। ਫੇਰ ਸਰਕਾਰੀ ਕਾਲਜ ਦੇ ਅਧਿਆਪਕ ਵਜੋਂ ਉਹ ਕਦੇ ਮੁਕਤਸਰ, ਕਦੇ ਫ਼ਰੀਦਕੋਟ, ਕਦੇ ਕਰਮਸਰ, ਕਦੇ ਲੁਧਿਆਣਾ ਅਤੇ ਕਦੇ ਸਠਿਆਲਾ ਵਰਗੇ ਪੇਂਡੂ ਕਾਲਜਾਂ ਵਿਚ ਪੜ੍ਹਾਉਂਦਾ ਰਿਹਾ। ਏਨੇ ਕਾਲਜਾਂ ਵਿੱਚ ਘੁੰਮ ਘੁਮਾ ਕੇ ,ਉਹ ਹੁਸ਼ਿਆਰਪੁਰ ਦੇ ਸਰਕਾਰੀ ਕਾਲਜ ਵਿੱਚ ਪਹੁੰਚਿਆ ਸੀ। ਉਨ੍ਹਾਂ ਦਿਨਾਂ ਵਿੱਚ ਹੁਸ਼ਿਆਰਪੁਰ ਦਾ ਇਹ ਸਰਕਾਰੀ ਕਾਲਜ, ਲੁਧਿਆਣਾ ਦੇ ਸਰਕਾਰੀ ਕਾਲਜ ਤੋਂ ਬਾਅਦ ਸਾਹਿਤਕਾਰੀ ਲਈ ਸਭ ਤੋਂ ਜਰਖੇਜ਼ ਕਾਲਜ ਮੰਨਿਆ ਜਾਂਦਾ ਸੀ। ਵੱਡੇ-ਵੱਡੇ ਸਾਹਿਤਕਾਰਾਂ ਅਤੇ ਸਿੱਖਿਆ ਸ਼ਾਸ਼ਤਰੀਆਂ ਦੇ ਜਮਘਟੇ ਵਾਲੇ ਇਹ ਦੋਵੇਂ ਕਾਲਜ ਮਾਣਮੱਤੇ ਕਾਲਜ ਸਨ। ਲੁਧਿਆਣੇ ਦੇ ਕਾਲਜ ਵਿੱਚ ਨਿਰੰਜਨ ਸਿੰਘ ਤਸਨੀਮ, ਸੁਰਿੰਦਰ ਸਿੰਘ ਨਰੂਲਾ ਅਤੇ ਤੇਜਵੰਤ ਗਿੱਲ ਪੜ੍ਹਾਉਂਦੇ ਸਨ, ਅਤੇ ਹੁਸ਼ਿਆਰਪੁਰ ਦੇ ਕਾਲਜ ਵਿੱਚ ਡਾਕਟਰ ਜਗਤਾਰ, ਜਸਵੰਤ ਸਿੰਘ ਵਿਰਦੀ, ਸੁਰੇਸ਼ ਸੇਠ, ਪਰਬਿੰਦਰ ਸਿੰਘ, ਵਿਨੋਦ

ਸ਼ਾਹੀ, ਦੀਦਾਰ ਗੜ੍ਹਦੀਵਾਲਾ, ਪ੍ਰਿਤਪਾਲ ਸਿੰਘ ਮਹਿਰੋਕ ਅਤੇ ਰਣਧੀਰ ਸਿੰਘ ਚੰਦ ਪੜ੍ਹਾਉਂਦੇ ਸਨ।

ਇਕ ਤੋਂ ਇਕ ਵਧ ਕੇ ਆਪਣੀ ਪਛਾਣ ਬਣਾਉਣ ਵਾਲੇ ਇਹ ਸਾਰੇ ਲੇਖਕ-ਆਲੋਚਕ-ਕਵੀ ਸੁਪਨਸਾਜ਼ੀ ਦੇ ਮੁਜੱਸਮੇ ਸਨ। ਡਾਕਟਰ ਜਗਤਾਰ ਅਤੇ ਰਣਧੀਰ ਸਿੰਘ ਚੰਦ ਦੀ ਆਪਸੀ ਕਸ਼ਮਕਸ਼ ਕਿਸੇ ਤੋਂ ਲੁਕੀ ਹੋਈ ਨਹੀਂ ਸੀ। ਅੱਜਕਲ੍ਹ ਦੇ ਯੂਨੀਵਰਸਿਟੀ ਵਿਭਾਗਾਂ ਵਾਂਗ ਹੀ ਇਥੋਂ ਦੇ ਵਿਦਿਆਰਥੀ ਵੀ ਧੜਿਆਂ ਦੀ ਮਾਰ ਨੂੰ ਬੁਰੀ ਤਰ੍ਹਾਂ ਝੱਲ ਰਹੇ ਸਨ। ਵਿਦਿਆਰਥੀਆਂ ਦੇ ਸਾਹਮਣੇ ਹੀ ਅਧਿਆਪਕਾਂ ਦੀ ਤੂੰ-ਤੂੰ, ਮੈਂ-ਮੈਂ ਹੋ ਜਾਣੀ ਸੁਭਾਵਿਕ ਜਿਹੀ ਗੱਲ ਸੀ। ਸਿਤਮ-ਜ਼ਰੀਫ਼ੀ ਇਹ ਸੀ ਕਿ ਇਹ ਲੜਾਈ ਕਈ ਵਾਰ ਜਾਤਾਂ, ਬਰਾਦਰੀਆਂ ਅਤੇ ਗੋਤਾਂ ਤੱਕ ਵੀ ਪਹੁੰਚ ਜਾਂਦੀ। ਇਨ੍ਹਾਂ ਤੋਂ ਪੜ੍ਹਨ ਵਾਲੇ ਵਿਦਿਆਰਥੀ, ਅਜਿਹੀਆਂ ਲੜਾਈਆਂ ਦੀਆਂ ਨਿਵਾਣਾਂ ਦੀ ਗਵਾਹੀ ਬੇਹੱਦ ਸ਼ਰਮਸਾਰੀ ਨਾਲ ਭਰਦੇ ਅਕਸਰ ਹਨ।

... ਡਾਕਟਰ ਚੰਦ ਪੈਸੇ ਪ੍ਰਤੀ ਬਹੁਤ ਸੰਜਮੀ ਸੀ। ਘੱਟ ਤੋਂ ਘੱਟ ਖਰਚ ਕਰਨਾ ਅਤੇ ਵੱਧ ਤੋਂ ਵੱਧ ਕਮਾਉਣ ਦਾ ਯਤਨ ਕਰਨਾ, ਉਸ ਦਾ ਸੁਭਾਅ ਸੀ। ਜਦੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਟੇਬਲ ਮਾਰਕਿੰਗ ਦੀ ਸ਼ੁਰੂਆਤ ਹੋਈ ਤਾਂ ਇਕ ਦਿਨ ਵਿੱਚ ਸਭ ਤੋਂ ਵੱਧ ਪੇਪਰ ਦੇਖਣ ਵਾਲਿਆਂ ਵਿੱਚ ਡਾਕਟਰ ਚੰਦ ਦੀ ਝੰਡੀ ਹੁੰਦੀ ਸੀ, ਉਸ ਨੇ ਦਿਨ ਵਿੱਚ 25 ਪੇਪਰ ਦੇਖਣ ਦੀ ਬਜਾਏ, ਪੰਜਾਹ ਪੇਪਰ ਦੇਖਣ ਤੱਕ ਦੀ ਵਿਸ਼ੇਸ਼ ਮਨਜ਼ੂਰੀ ਕੰਟਰੋਲਰ ਤੋਂ ਹਾਸਿਲ ਕਰ ਲਈ ਸੀ। ਉਸ ਨੇ ਸਰਕਾਰੀ ਅਧਿਆਪਕ ਹੁੰਦਿਆਂ ਹੀ ਵੱਖ-ਵੱਖ ਅਖ਼ਬਾਰਾਂ ਤੋਂ ਵਿਸ਼ੇਸ਼ ਸਿੱਖਿਆ ਪ੍ਰਤੀਨਿਧ ਜਾਂ ਸਾਹਿਤ ਸਰਗਰਮੀਆਂ ਦੇ ਪੱਤਰਕਾਰ-ਰਿਪੋਰਟਰ ਵਜੋਂ ਅਧਿਕਾਰਤ ਚਿੱਠੀਆਂ ਵੀ ਪ੍ਰਾਪਤ ਕਰ ਰੱਖੀਆਂ ਸਨ। ਅਖ਼ਬਾਰਾਂ ਵਿਚ ਉਸਨੂੰ ਆਪਣੀਆਂ ਗ਼ਜ਼ਲਾਂ, ਕਵਿਤਾਵਾਂ ਜਾਂ ਗੀਤ ਛਪਵਾਉਣ ਤੋਂ ਵਧ, ਵੱਖ-ਵੱਖ ਵਿਸ਼ਿਆਂ ਉੱਤੇ ਛੋਟੇ-ਮੋਟੇ ਲੇਖ ਅਤੇ ਸਮਾਗਮਾਂ ਦੀਆਂ ਰੀਪੋਰਟਾਂ ਛਪਵਾਉਣਾ, ਵਧੇਰੇ ਸਕੂਨ ਦਿੰਦਾ ਸੀ। ਹਰ ਅਖ਼ਬਾਰ ਵਿਚ ਕੋਈ ਨਾ ਕੋਈ ਕਾਲਮ ਸ਼ੁਰੂ ਕਰੀ ਰੱਖਣਾ ਉਸ ਨੂੰ ਬਹੁਤ ਚੰਗਾ ਲੱਗਦਾ।

ਉਹ ਅਖ਼ਬਾਰਾਂ ਦੇ ਦਫ਼ਤਰਾਂ ਵਿੱਚ ਜਾ ਕੇ, ਸੰਪਾਦਕਾਂ ਨੂੰ ਮਿਲ ਕੇ, ਕੋਈ ਨਾ ਕੋਈ ਕਾਲਮ ਸ਼ੁਰੂ ਕਰਨ ਦੀ ਮੰਗ ਕਰਦਾ ਰਹਿੰਦਾ। ਜਦੋਂ ਅਜਿਹਾ ਨਾ ਹੁੰਦਾ ਤਾਂ ਪ੍ਰੇਸ਼ਾਨ ਹੋ ਜਾਂਦਾ। ਗੁਲਜ਼ਾਰ ਸਿੰਘ ਸੰਧੂ ਜਦੋਂ ਇਕ ਅਖ਼ਬਾਰ ਦੇ ਸੰਪਾਦਕ ਸਨ ਤਾਂ ਉਹ ਉਨ੍ਹਾਂ ਨੂੰ

ਮਿਲਣ ਗਿਆ। ਵਾਪਸ ਆਇਆ ਤਾਂ ਬਹੁਤ ਖਫ਼ਾ ਸੀ। ਕਹਿਣ ਲੱਗਾ, "ਬੜਾ ਗ਼ਲਤ ਬੰਦੈ ਯਾਰ ਸੰਧੂ ਤਾਂ" ਮੈਂ ਕਿਹਾ "ਕੀ ਗੱਲ ਹੋ ਗਈ।" ਕਹਿੰਦਾ "ਮੈਂ ਉਸ ਨੂੰ ਕਿਹਾ, ਮੈਥੋਂ ਵੀ ਅਖ਼ਬਾਰ ਲਈ ਕੁਝ ਨਾ ਕੁਝ ਲਿਖਵਾ ਲਿਆ ਕਰੋ" ਕਹਿੰਦਾ 'ਕੀ ਲਿਖੋਗੇ ਤੁਸੀਂ?' ਮੈਂ ਕਿਹਾ "ਮੈਂ ਸਭ ਕੁਝ ਲਿਖ ਸਕਦਾਂ"। ਅੱਗਿਓਂ ਕਹਿੰਦਾ, "ਮੈਨੂੰ ਸਭ ਕੁਝ ਲਿਖਣ ਵਾਲੇ ਬੰਦੇ ਨਹੀਂ ਚਾਹੀਦੇ ...ਬੜਾ ਗ਼ਲਤ ਬੰਦੈ" ...ਮੈਂ ਹੱਸ ਛੱਡਿਆ...

ਫੇਰ ਸਾਰੀ ਉਮਰ ਉਹ ਗੁਲਜ਼ਾਰ ਸਿੰਘ ਸੰਧੂ ਬਾਰੇ ਬੁਰਾ ਭਲਾ ਬੋਲਦਾ ਰਿਹਾ। ਉਹ ਜਿਸ ਦੇ ਨੇੜੇ ਹੁੰਦਾ, ਪੂਰੀ ਤਰ੍ਹਾਂ ਹੁੰਦਾ, ਜਿਸ ਤੋਂ ਦੂਰ ਹੁੰਦਾ ਤਾਂ ਵੀ ਪੂਰੀ ਤਰ੍ਹਾਂ ਹੁੰਦਾ। ਛੋਟੇ ਵੱਡੇ ਦੀ ਕੋਈ ਪਰਵਾਹ ਨਾ ਕਰਦਾ। ਦੋਸਤੀ ਵੀ ਪੂਰੀ ਅਤੇ ਦੁਸ਼ਮਣੀ ਵੀ ਪੂਰੀ। ਉਸ ਨੂੰ ਦੋਸਤ ਅਤੇ ਦੁਸ਼ਮਣ ਬਣਾਉਣ ਵਿੱਚ ਇਕੋ ਜਿੰਨੀ ਮੁਹਾਰਤ ਹਾਸਿਲ ਸੀ।

... ਉਸ ਦੀ ਬੇਸਬਰੀ ਅਤੇ ਦੂਸਰਿਆਂ ਪ੍ਰਤੀ ਅੰਤਾਂ ਦੀ ਅਪਣੱਤ ਦਾ ਆਲਮ ਬਿਲਕੁਲ ਨਿਵੇਕਲਾ ਸੀ। ਉਸ ਦਾ ਇਹ ਆਲਮ ਕਈ ਵਾਰ ਦੋਸਤਾਂ ਲਈ ਬਿਖਮ ਸਥਿਤੀ ਪੈਦਾ ਕਰ ਦਿੰਦਾ ਸੀ।

...ਡਾਕਟਰ ਜਗਤਾਰ ਨਾਲ ਮੇਰੇ ਸੰਬੰਧਾਂ ਤੋਂ ਉਹ ਅਕਸਰ ਖਫ਼ਾ ਰਹਿੰਦਾ। ਸਧਾਰਨ ਗੱਲਬਾਤ ਵਿੱਚ ਵੀ ਡਾਕਟਰ ਜਗਤਾਰ ਦਾ ਜ਼ਿਕਰ ਆ ਜਾਵੇ ਤਾਂ ਉਹ ਉਸ ਨੂੰ ਗਾਲ੍ਹਾਂ ਤੱਕ ਕੱਢ ਦਿੰਦਾ। ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਪ੍ਰੋਫ਼ੈਸਰਾਂ ਦੀਆਂ ਆਪਸੀ ਘੁਣਤਰਾਂ ਅਤੇ ਗਰੁੱਪਾਂ ਵਿੱਚ ਤਣੀ ਹੋਈ ਰਾਜਨੀਤੀ ਦਾ ਸਾਰਾ ਗੁੱਸਾ, ਉਹ ਅਕਸਰ ਮੇਰੇ ਉੱਤੇ ਵੀ ਕੱਢਦਾ ਰਹਿੰਦਾ। ਹਾਲਾਂ ਕਿ ਜਗਤਾਰ, ਦੀਦਾਰ ਸਿੰਘ ਗੜ੍ਹਦੀਵਾਲਾ ਅਤੇ ਜਸਵੰਤ ਵਿਰਦੀ ਤੋਂ ਬਿਨਾਂ ਹੋਰ ਕਿਸੇ ਨਾਲ ਮੇਰਾ ਬਹੁਤਾ ਸੰਪਰਕ ਨਹੀਂ ਸੀ।

... ਦੂਰਦਰਸ਼ਨ ਲਈ ਪੰਜਾਬੀ ਸਾਹਿਤ, ਸਭਿਆਚਾਰ ਅਤੇ ਪੰਜਾਬ ਦੀ ਵਿਰਾਸਤ ਦੇ ਵੱਖ-ਵੱਖ ਪਹਿਲੂਆਂ ਬਾਰੇ ਬਣਾਏ ਗਏ ਕਈ ਫੀਚਰਜ਼ ਅਤੇ ਦਸਤਾਵੇਜ਼ੀ ਫ਼ਿਲਮਾਂ ਦੇ ਨਿਰਮਾਣ ਸਮੇਂ ਵੀ ਉਹ ਮੇਰੇ ਨਾਲ-ਨਾਲ ਰਿਹਾ। ਕਵੀਸ਼ਰੀ, ਗੱਡੀ ਛੰਦ ਅਤੇ ਕਸੀਦਾਕਾਰੀ ਉੱਤੇ ਬਣਾਏ ਗਏ ਫੀਚਰ ਅਤੇ ਸੁਰਜੀਤ ਰਾਮਪੁਰੀ ਬਾਰੇ ਬਣਾਈ ਗਈ ਦਸਤਾਵੇਜ਼ੀ ਫ਼ਿਲਮ ਦੇ ਆਲੇਖ ਵੀ ਉਸ ਨੇ ਲਿਖੇ ਸਨ। ਵਕੀਲ ਅਤੇ ਨੇਤਾ ਗੁਰਬਿੰਦਰ ਸਿੰਘ ਅਟਵਾਲ ਅਤੇ ਪੰਜਾਬੀ ਕਵੀ ਜਗੀਰ ਸਿੰਘ ਪ੍ਰੀਤ ਉਹਦੇ ਅਜਿਹੇ ਜੋਟੀਦਾਰ ਸਨ, ਕਿ ਦੂਰਦਰਸ਼ਨ ਆਉਣ ਵੇਲੇ ਦੋਹਾਂ ਵਿੱਚੋਂ ਇਕ ਉਸ ਦੇ ਨਾਲ ਜ਼ਰੂਰ ਆਉਂਦਾ। ਜਿਨ੍ਹਾਂ ਦੋ ਗ਼ਜ਼ਲਗੋਆਂ ਦੀ ਉਹ ਅਕਸਰ ਸਿਫ਼ਾਰਿਸ਼ ਕਰਦਾ ਉਹ ਸਨ ਗੁਰਦੇਵ ਨਿਰਧਨ ਅਤੇ

ਕੰਵਰ ਚੌਹਾਨ। ਨਾਭੇ ਦੀ ਇਸ ਗ਼ਜ਼ਲਗੋ ਜੋੜੀ ਤੋਂ ਡਾਕਟਰ ਚੰਦ ਬੇਹੱਦ ਪ੍ਰਭਾਵਿਤ ਸੀ। ਇਹਨਾਂ ਦੋਹਾਂ ਨੂੰ ਉਹ ਪੰਜਾਬੀ ਗ਼ਜ਼ਲ ਦੇ ਸਿਰਮੌਰ ਹਸਤਾਖ਼ਰ ਆਖਦਾ। ਉਨ੍ਹਾਂ ਬਾਰੇ ਉਸਨੇ ਲਿਖਿਆ ਵੀ ਸੀ:-

'ਕੰਵਰ ਚੌਹਾਨ' ਤੇ ਨਿਰਧਨ ਵਰਗਾ
ਦਰਦ ਨਾ ਮੇਰੇ ਵਿੱਚ,
ਭਾਵੇਂ ਸ਼ਿਅਰ ਕਹੇ ਨੇ ਮੈਂ ਵੀ,
ਹੰਝੂਆਂ ਵਿੱਚ ਡਬੋ

... ... ਤ੍ਰੈਮਾਸਕ 'ਸੁਰਤਾਲ' ਦੀ ਸੰਪਾਦਕੀ ਵੀ ਉਸ ਦਾ ਵੱਡਾ ਹਾਸਿਲ ਕਿਹਾ ਜਾ ਸਕਦਾ ਹੈ। ਉਸ ਵਲੋਂ ਕੱਢੇ ਗਏ, ਇਸ ਵੱਕਾਰੀ ਰਸਾਲੇ ਦੇ ਵਿਸ਼ੇਸ਼ ਅੰਕ ਪੰਜਾਬੀ ਸਮੀਖਿਆ ਦਾ ਵਡਮੁੱਲਾ ਸਰਮਾਇਆ ਹਨ। 'ਸੁਰਜੀਤ ਰਾਮਪੁਰੀ', 'ਸੋਹਣ ਸਿੰਘ ਮੀਸ਼ਾ' ਅਤੇ ਕੁਲਵੰਤ ਸਿੰਘ ਵਿਰਕ ਬਾਰੇ ਕੱਢੇ ਗਏ ਅੰਕ ਵਿਸ਼ੇਸ਼ ਰੂਪ ਵਿੱਚ ਜ਼ਿਕਰਯੋਗ ਹਨ।

ਥੋੜ੍ਹਾ ਪਰ ਵਧੀਆ ਲਿਖਣ ਲਈ ਜਾਣਿਆ ਜਾਂਦਾ ਡਾਕਟਰ ਰਣਧੀਰ ਸਿੰਘ ਚੰਦ ਪੰਜਾਬੀ ਗ਼ਜ਼ਲ ਦਾ ਅਜਿਹਾ ਰੁਕਨ ਹੈ, ਜਿਸ ਦੇ ਸ਼ਿਅਰਾਂ ਦਾ ਨਿਵੇਕਲਾਪਨ ਹੈਰਾਨ ਕਰਦਾ ਹੈ। ਲਗਭਗ 49 ਸਾਲਾਂ ਦੀ ਜ਼ਿੰਦਗੀ ਵਿੱਚ ਉਸ ਨੇ ਸਿਰਫ 160 ਸਫਿਆਂ ਤੱਕ ਫੈਲਣ ਜੋਗੀ ਸ਼ਾਇਰੀ ਹੀ ਕੀਤੀ ਸੀ। ਸਰਲ ਸਧਾਰਨ ਸ਼ਬਦਾਂ ਰਾਹੀਂ ਮਨੁੱਖੀ ਅੰਤਰੀਵ ਦੀਆਂ ਗਹਿਰੀਆਂ ਪਰਤਾਂ ਨੂੰ ਉਜਾਗਰ ਕਰਨਾ ਅਤੇ ਪੜ੍ਹਨ-ਸੁਣਨ ਵਾਲੇ ਨੂੰ ਅਜਨਬੀਕਰਨ ਦੇ ਮੰਡਲਾਂ ਤੱਕ ਲੈ ਜਾਣਾ, ਉਸ ਦਾ ਕਮਾਲ ਸੀ:-

ਤੀਹਵੇਂ ਸਾਲ ਤੋਂ ਪਿੱਛੋਂ ਮੈਨੂੰ
ਲੱਗਿਆ ਹੈ ਇਕਤਾਲੀਵਾਂ,
ਇਹ ਸਨਮਾਨ ਮਿਲਣ ਵਿੱਚ ਤੇਰੇ,
ਗ਼ਮ ਦਾ ਕੁੱਝ ਹਿੱਸਾ ਵੀ ਹੈ।

ਇਕ ਬਿੰਦੂ ਫੈਲ ਕੇ
ਦਾਇਰੇ ਬਰਾਬਰ ਹੋ ਗਿਆ,
ਤੇਰਾ ਗ਼ਮ ਚਸ਼ਮੇ ਜਿਹਾ ਸੀ
ਹੁਣ ਸਮੁੰਦਰ ਹੋ ਗਿਆ

ਟੀਮ ਬਣਾਉ ਚੰਦ ਜੀ
ਬਣ ਜਾਉ ਕਪਤਾਨ,
ਪਿਆਰ ਦੀ ਬਾਜ਼ੀ ਹਾਰ ਕੇ
ਖੇਡੋ ਵਾਲੀਵਾਲ

ਚੰਗਾ ਹੋਇਆ ਹੋ ਗਈ
ਬੱਸਾਂ ਦੀ ਹੜਤਾਲ,
ਏਸ ਬਹਾਨੇ ਤੁਰਾਂਗੇ
ਕੁਝ ਪਲ ਨਾਲੋ ਨਾਲ

ਓਪਰੀ ਨਜ਼ਰੇ ਸਰਲ ਸਾਧਾਰਨ ਦਿਸਦੇ ਇਹ ਸ਼ਿਅਰ ਕਟਾਖ਼ਸ਼ ਭਰੇ ਹੋਣ ਦੇ ਨਾਲ-ਨਾਲ ਗਹਿਰੀ ਸੰਵੇਦਨਾ ਵਾਲੇ ਹਨ।

ਪਰਛਾਵੇਂ, ਧਰਤੀ, ਚਸ਼ਮੇਂ, ਝੀਲਾਂ, ਖੰਡਰ, ਚੰਨ, ਸੂਰਜ, ਧੂੰਆਂ, ਅੱਗ, ਹਵਾ, ਪਾਣੀ, ਦਰਿਆ, ਸਮੁੰਦਰ, ਮਹਿਫ਼ਲ, ਸ਼ਾਮ, ਕੰਧਾਂ, ਕਿਆਮਤ ਆਦਿ ਸ਼ਬਦ ਉਸ ਦੀ ਸ਼ਾਇਰੀ ਵਿੱਚ ਆਮ ਵੇਖੇ ਜਾ ਸਕਦੇ ਹਨ। ਇਨ੍ਹਾਂ ਸ਼ਬਦਾਂ-ਸੰਕਲਪਾਂ ਨੂੰ ਉਹ ਇਸ ਤਰ੍ਹਾਂ ਸ਼ਿਅਰਾਂ ਵਿੱਚ ਬੰਨ੍ਹ ਦਿੰਦਾ ਸੀ ਕਿ ਜਦੀਦ ਗ਼ਜ਼ਲੀਅਤ ਆਪ ਮੁਹਾਰੇ ਰੂਪਮਾਨ ਹੋ ਜਾਂਦੀ ਸੀ। ਬਹਿਰ-ਵਜ਼ਨ ਦਾ ਪੱਕਾ ਡਾਕਟਰ ਰਣਧੀਰ ਸਿੰਘ ਚੰਦ ਗ਼ਜ਼ਲ ਦੇ ਦਾਰਸ਼ਨਿਕ ਸੁਭਾਅ ਤੋਂ ਪੂਰੀ ਤਰ੍ਹਾਂ ਵਾਕਿਫ਼ ਸੀ। ਉਹ ਮਹਿਜ਼ ਮਕਾਨਕੀ ਨਹੀਂ ਸੀ, ਸ਼ਾਇਰੀ ਦੇ ਦਾਰਸ਼ਨਿਕ ਸ਼ਾਊਰ ਨੂੰ ਪਾ ਸਕਣ ਲਈ ਹਮੇਸ਼ਾ ਯਤਨਸ਼ੀਲ ਸੀ ;-

ਕਰਨਗੇ ਕੀ ਔਖੀਆਂ
ਬਹਿਰਾਂ, ਰਦੀਫ਼ਾਂ, ਕਾਫ਼ੀਏ,
ਤੇਰਿਆਂ ਸ਼ਿਅਰਾਂ 'ਚ ਡੂੰਘੇ
ਅਰਥ ਨਾ ਜੇਕਰ ਦਿਸੇ

ਦੇਖਣੈ ਮੈਨੂੰ ਤਾਂ ਮੇਰੇ
ਯਾਰ ਦੇ ਨੈਣਾਂ 'ਚ ਦੇਖ

ਝੀਲ ਅੰਦਰ 'ਚੰਦ' ਦਾ
ਸਾਇਆ ਜ਼ਰਾ ਬਿਹਤਰ ਦਿਸੇ

'ਝੀਲ ਅੰਦਰ ਚੰਦ' ਦੇ ਮੈਟਾਫ਼ਰ ਨੂੰ ਸਾਏ ਦੇ ਬਿਹਤਰ ਦਿਸਣ ਤੱਕ ਵਿਸਥਾਰ ਲੈਣਾ ਸ਼ਾਇਰੀ ਦਾ ਉਹ ਤਲਿਸਮ ਹੈ, ਜੋ ਡਾਕਟਰ ਚੰਦ ਨੂੰ ਰਵਾਇਤੀ ਗ਼ਜ਼ਲਗੋਈ ਤੋਂ ਨਿਖੇੜ ਦਿੰਦਾ ਹੈ। ਉਸ ਦੀ ਸ਼ਾਇਰੀ ਸਮਾਜ ਦੀਆਂ ਦੁਸ਼ਵਾਰੀਆਂ ਵਿੱਚ ਪਿਸ ਰਹੀ ਮਨੁੱਖਤਾ ਦੀ ਮਾਨਸਿਕਤਾ ਨੂੰ ਜ਼ੁਬਾਨ ਦਿੰਦੀ ਹੈ। ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਅਤੇ ਉਨ੍ਹਾਂ ਦੇ ਪ੍ਰਭਾਵ ਨੂੰ ਸ਼ਿਅਰਾਂ ਵਿੱਚ ਢਾਲਣਾ ਹੀ ਉਸ ਦਾ ਸਹਿਜ ਸੀ।:-

ਲੰਮੀ ਔੜ, ਉਦਾਸੀ, ਪਤਝੜ
ਠੱਕਾ ਤੇ ਕੋਰਾ ਵੀ ਹੈ,
ਇਸ ਮੌਸਮ ਵਿੱਚ ਸੂਲੀ ਚੜ੍ਹਿਆ
ਇਕ ਸੂਰਜ ਮੇਰਾ ਵੀ ਹੈ।

ਉਸ ਦੇ ਗੀਤਾਂ ਅਤੇ ਕਵਿਤਾਵਾਂ ਦੀ ਬਣਤਰ ਵੀ ਲਕੀਰੀ ਨਹੀਂ ਹੈ। ਜਦੋਂ ਉਹ 'ਭਾਵ-ਚਿੱਤਰ' ਉਲੀਕਦਾ ਤਾਂ ਵੀ ਗਹਿਰੇ ਸਵਾਲ ਖੜ੍ਹੇ ਕਰ ਦਿੰਦਾ ਹੈ:-

ਕਿਆਮਤ

ਅੰਬਰ ਵਿੰਨ੍ਹਿਆ ਗੋਲੀਆਂ
ਧਰਤੀ ਲੀਰੋ ਲੀਰ
ਏਸ ਡਰਾਉਣੇ ਖ਼ਾਬ ਦੀ
ਦੱਸੋ ਕੀ ਤਾਬੀਰ?

ਆਪਣੇ ਗੀਤਾਂ ਵਿੱਚ ਉਹ ਸ਼ਬਦਾਂ ਨੂੰ ਇੰਝ ਪਰੋ ਦਿੰਦਾ ਕਿ ਪਾਠਕ ਨੂੰ ਸਿਰਫ਼ ਮੋਤੀ ਦਿਸਦੇ, ਡੋਰੀ ਕਿਧਰੇ ਨਾ ਦਿਸਦੀ। ਏਨੀ ਖ਼ੂਬਸੂਰਤ ਜੜ੍ਹਤ ਬਹੁਤ ਘਟ ਸਾਹਿਤਕ

ਗੀਤਾਂ ਵਿਚ ਮਿਲਦੀ ਹੈ :–

ਨਾ ਕੋਈ ਪੱਤਣ
ਨਾ ਕੋਈ ਅੱਤਣ
ਨਾ ਰਾਂਝਣ ਨਾ ਹੀਰ
ਕੁਝ ਸਿੱਪੀਆਂ, ਕੁਝ ਘੋਗੇ, ਗੀਟੇ
ਹੁਣ ਇਸ ਦੀ ਤਕਦੀਰ

'ਚੰਦ' ਪੁਰਾਣੀਆਂ ਯਾਦਾਂ ਬਚੀਆਂ
ਰੌਣਕ ਬਣ ਕੇ ਰਹਿ ਗਈ
ਇਕ ਧੁੰਦਲੀ ਤਸਵੀਰ ... ...
... ... ... ... ...
ਬੇੜੀਆਂ ਨਾਲ ਮੁਹਾਣੇ ਤੁਰ ਗਏ
ਲੰਮੀ ਚੁੱਪ ਅਖੀਰ ... ...
ਨਾ ਰਾਂਝਣ, ਨਾ ਹੀਰ ...

...ਸ਼ਾਇਰੀ ਦੇ ਏਨੇ ਪਾਸਾਰਾਂ ਵਾਲਾ ਇਹ ਸ਼ਾਇਰ ਅਦਭੁਤ ਅਤੇ ਅਲਬੇਲਾ ਸੀ।

ਜਦੋਂ ਉਹ ਬਹੁਤ ਬਿਮਾਰ ਹੋ ਗਿਆ,ਉਦੋਂ ਉਹ ਬਹੁਤ ਉਦਾਸ ਹੋ ਗਿਆ ਸੀ। ਉਸ ਦਾ ਮੁਸਕਾਨ ਭਰਿਆ ਚਿਹਰਾ ਦਿਨਾਂ ਵਿੱਚ ਹੀ ਮੁਰਝਾ ਗਿਆ ਸੀ, ਕਾਲਾ ਪੈਣਾ ਸ਼ੁਰੂ ਹੋ ਗਿਆ ਸੀ। ਹੌਲੀ-ਹੌਲੀ ਉਸ ਦਾ ਤੁਰਨਾ ਫਿਰਨਾ ਵੀ ਬੰਦ ਹੋ ਗਿਆ। 26 ਮਾਰਚ, 1992 ਨੂੰ ਉਸ ਦੇ ਤੁਰ ਜਾਣ ਦੀ ਖ਼ਬਰ ਆਈ ...

ਮੈਂ ਉਸ ਨੂੰ ਮੁੜ ਤੋਂ ਨਿਹਾਰਨਾ ਸ਼ੁਰੂ ਕੀਤਾ।

ਜਿਨ੍ਹਾਂ ਨੇ ਜ਼ਿੰਦਗੀ ਵਿੱਚੋਂ ਛੇਤੀ ਚਲੇ ਜਾਣਾ ਹੋਵੇ, ਉਹ ਬਹੁਤ ਤੇਜ਼ ਤੁਰਦੇ ਹਨ ਅਤੇ ਥੋੜ੍ਹੇ ਸਮੇਂ ਵਿੱਚ ਹੀ ਬਹੁਤ ਕੁਝ ਪਾ ਲੈਣਾ ਚਾਹੁੰਦੇ ਹਨ। ...ਪਰ ਫੇਰ ਵੀ ਬਹੁਤ ਕੁਝ ਅਜਿਹਾ ਹੁੰਦਾ ਹੈ, ਜਿਸ ਦਾ ਅਹਿਸਾਸ ਮੁਸ਼ਕਿਲ ਹੁੰਦਾ ਹੈ।

ਉਸ ਨੇ ਆਪ ਹੀ ਲਿਖਿਆ ਸੀ:–

ਜਦ ਘਬਰਾ ਕੇ ਹਰ ਕਤਰੇ ਨੂੰ
ਇਕ ਸਮੁੰਦਰ ਸਮਝ ਲਿਆ,
ਉਦੋਂ ਭੇਤ ਨਹੀਂ ਸੀ ਰਾਹ ਵਿੱਚ
ਉਸ ਦਾ ਦਿਲ ਦਰਿਆ ਵੀ ਹੈ

ਉਸਦੇ ਅੰਦਰਲੇ ਕਵੀ ਨੇ ਭਾਵੇਂ ਘਬਰਾ ਕੇ ਹੀ ਹਰ ਕਤਰੇ ਨੂੰ ਸਮੁੰਦਰ ਸਮਝ ਲਿਆ ਹੋਵੇ, ਅਤੇ 'ਉਸਦੇ' ਦਿਲ ਦਰਿਆ ਬਾਰੇ ਭਾਵੇਂ ਉਸ ਨੂੰ ਭੇਤ ਨਾ ਲੱਗਾ ਹੋਵੇ, ਪਰ ਮੈਂ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸਾਡਾ 'ਦਿਲ-ਦਰਿਆ', ਰਣਧੀਰ ਸਿੰਘ ਚੰਦ "ਕਤਰੇ ਵਿੱਚ ਸਮੁੰਦਰ" ਸੀ।

●●

# ਪ੍ਰਮਿੰਦਰਜੀਤ



(1 ਜਨਵਰੀ, 1946 — 23 ਮਾਰਚ, 2015)

# ਘੜੀ 'ਚ ਤੋਲਾ ਘੜੀ 'ਚ ਮਾਸਾ

ਪ੍ਰਮਿੰਦਰਜੀਤ ਮੇਰਾ ਦੋਸਤ ਸੀ, ਮੇਰਾ ਸਮਕਾਲੀ ਸ਼ਾਇਰ ਸੀ। ਇਕ ਸਿੱਕੇਬੰਦ ਸੰਪਾਦਕ ਸੀ। ਇਕ ਸੰਵੇਦਨਾ ਭਰਪੂਰ ਵਿਅਕਤੀ ਸੀ। ਉਸ ਵਿੱਚ ਬਹੁਤ ਸਾਰੇ ਗੁਣ ਸਨ। ਬਹੁਤ ਸਾਰੇ ਔਗੁਣ ਸਨ। ਹਰ ਉਸ ਸਧਾਰਨ ਵਿਅਕਤੀ ਵਾਂਗ ਹੀ, ਜਿਸ ਨੂੰ ਜ਼ਿੰਦਗੀ ਵਿੱਚ ਬਹੁਤ ਕੁਝ ਕਰਨ ਦੀ ਤਾਂਘ ਹੋਵੇ। ਜਿਸ ਦੀਆਂ ਬਹੁਤ ਸਾਰੀਆਂ ਲਾਲਸਾਵਾਂ ਹਾਲਾਤ ਦੀਆਂ ਮਜਬੂਰੀਆਂ ਸਾਹਮਣੇ ਲੁਕਣਮੀਟੀ ਖੇਡਦੀਆਂ ਦਿੱਸ ਰਹੀਆਂ ਹੋਣ ਅਤੇ ਉਨ੍ਹਾਂ ਦੀ ਪੂਰਤੀ ਦਾ ਪੱਲਾ, ਉਸ ਦੇ ਹੱਥੋਂ ਲਗਾਤਾਰ ਖਿਸਕਦਾ ਜਾ ਰਿਹਾ ਹੋਵੇ।

ਆਪਣੀ ਸ਼ਾਇਰੀ ਅਤੇ ਆਪਣੀ ਸ਼ਖ਼ਸੀਅਤ ਵਿਚ ਉਹ ਬਹੁਤ ਵਿਸ਼ੇਸ਼ ਦਿੱਸਦਾ ਹੋਇਆ ਵੀ, ਬਹੁਤ ਸਧਾਰਨ ਸੀ। ਇਕਹਿਰਾ ਸੀ। ਪਰ ਉਸ ਦੀ ਸ਼ਖ਼ਸੀਅਤ ਦਾ ਇਕ ਅਦਭੁਤ ਪਹਿਲੂ ਇਹ ਵੀ ਸੀ ਕਿ ਉਚੇਚ ਕਰਨ ਦੇ ਯਤਨ ਕਰਦਾ ਹੋਇਆ ਵੀ, ਉਹ ਆਮ ਨਜ਼ਰ ਨੂੰ ਨਿਰ-ਉਚੇਚ ਦਿਸਦਾ ਸੀ। ਹਾਲਾਂਕਿ ਉਸ ਵਿੱਚ ਆਧੁਨਿਕ ਵਿਅਕਤੀ ਵਰਗੀ ਬਹੁਪਰਤੀ ਪਰਦਾਦਾਰੀ ਨਹੀਂ ਸੀ। ਉਹ ਜੋ ਵੀ ਸੀ, ਜਿੰਨਾ ਵੀ ਸੀ, ਸਭ ਦੇ ਸਾਹਮਣੇ ਸੀ। ਜੋ ਕੁਝ ਉਸ ਦੇ ਅੰਦਰ ਸੀ, ਉਹੀ ਉਸ ਦੀ ਜ਼ੁਬਾਨ ਉੱਤੇ ਸੀ। ਇਹ ਜ਼ੁਬਾਨ ਭਾਵੇਂ ਦਿਨ ਭਰ ਦੀ ਉਡੀਕ ਕਰਕੇ, ਸ਼ਾਮ ਦੇ ਘੁਸਮੁਸੇ ਵਿੱਚ ਹੀ ਖੁੱਲ੍ਹੇ, ਪਰ ਖੁੱਲ੍ਹਦੀ ਜ਼ਰੂਰ ਸੀ।

ਉਸਦੀ ਇਹ ਆਦਤ ਹੀ ਉਸ ਨੂੰ ਵੱਡਾ ਬਣਾਉਂਦੀ ਸੀ ਅਤੇ ਇਹ ਆਦਤ ਹੀ ਉਸ ਨੂੰ ਕਦੇ ਕਦੇ ਕਖੋਂ ਹੌਲਾ ਕਰ ਦਿੰਦੀ ਸੀ। ਕਦੇ 'ਅੱਖਰ' ਕਦੇ 'ਲੋਅ' ਕਦੇ ਫੇਰ 'ਅੱਖਰ' ਦੇ ਚੱਕਰ ਵਿੱਚ, ਸਾਰੀ ਉਮਰ ਘੁੰਮਦਾ ਰਿਹਾ ਪ੍ਰਮਿੰਦਰਜੀਤ, ਇਕ ਅਦਭੁਤ ਸਿਰੜੀ ਸ਼ਖ਼ਸੀਅਤ ਸੀ। ਇਸ ਵਿਲੱਖਣ ਸ਼ਖ਼ਸੀਅਤ ਦਾ ਜਨਮ ਇਕ ਜਨਵਰੀ, 1946 ਨੂੰ ਪੰਜਾਬ ਦੇ ਨੀਮ ਪਹਾੜੀ ਖੇਤਰ ਦੇ ਖ਼ੂਬਸੂਰਤ ਕਸਬੇ ਨੰਗਲ ਵਿਖੇ ਹੋਇਆ ਸੀ। ਚੜ੍ਹਦੀ ਜਵਾਨੀ ਵਿੱਚ ਉਸ ਨੇ ਕੁਝ ਗੀਤ ਲਿਖ ਕੇ ਆਪਣੀ ਕਾਵਿ-ਪ੍ਰਤਿਭਾ ਦੀ ਸ਼ੁਰੂਆਤ ਕੀਤੀ ਸੀ। ਇਹ ਗੀਤ ਕਰਤਾਰ ਸਿੰਘ ਬਲੱਗਣ ਦੇ ਮਸ਼ਹੂਰ ਰਸਾਲੇ 'ਕਵਿਤਾ' ਵਿੱਚ 1968-70 ਦੇ ਸਾਲਾਂ ਵਿੱਚ ਛਪਦੇ ਰਹੇ ਹਨ। ਇਥੇ ਹੀ ਫਿਰ ਉਹ ਇਕ ਪ੍ਰਾਈਵੇਟ ਸਕੂਲ ਵਿੱਚ ਅਧਿਆਪਕ ਲੱਗਿਆ। ਨੰਗਲ ਦੀ ਸਾਹਿਤ ਸਭਾ ਦੀਆਂ ਮੀਟਿੰਗਾਂ ਕਰਤਾਰ ਸਿੰਘ ਬਲੱਗਣ ਦੇ ਦਫ਼ਤਰ ਵਿੱਚ ਅਕਸਰ ਹੁੰਦੀਆਂ, ਜਿਸ ਵਿੱਚ ਉਹ ਆਪਣੀਆਂ ਰਚਨਾਵਾਂ ਪੇਸ਼ ਕਰਦਾ ਅਤੇ ਦੂਜਿਆਂ ਦੀਆਂ ਰਚਨਾਵਾਂ ਬਾਰੇ ਆਪਣੀ ਰਾਏ ਦਿੰਦਾ।

ਫੇਰ ਉਹ ਨੰਗਲ ਛੱਡ ਕੇ ਅੰਮ੍ਰਿਤਸਰ ਆ ਗਿਆ। ਉਸ ਦੀ ਲੇਖਣੀ ਵੀ ਗੀਤਾਂ

ਤੱਕ ਸੀਮਤ ਨਾ ਰਹਿ ਕੇ ਕਵਿਤਾ ਦੇ ਖੁੱਲ੍ਹੇ ਅਸਮਾਨਾਂ ਵਿੱਚ ਉੱਡਣ ਲੱਗੀ। ਫੇਰ ਸ਼ੁਰੂ ਹੋਈ 'ਅੱਖਰ' ਦੀ ਸੰਪਾਦਨਾ ਯਾਤਰਾ।

ਅੰਮ੍ਰਿਤਸਰ ਦੇ ਹੁਸੈਨ ਪੁਰਾ ਚੌਕ ਤੋਂ ਵਿਰਸਾ ਵਿਹਾਰ ਅੰਮ੍ਰਿਤਸਰ ਤੱਕ ਦਾ ਉਸਦਾ ਸਫਰ ਬਹੁਤ ਸਹਿਜ ਦਿਸਦਾ ਹੋਇਆ ਵੀ, ਬੇਹੱਦ ਅਸਹਿਜ ਸੀ। ਉਸਨੇ ਮਾਸਿਕ ਪੱਤਰ 'ਲੋਅ' ਦੀ 'ਬਾਦਸ਼ਾਹੀ' ਅਤੇ 'ਅੱਖਰ' ਦੀ 'ਫਕੀਰੀ' ਵਿੱਚ ਤਾਲਮੇਲ ਬਿਠਾਉਣ ਦਾ ਯਤਨ ਕਰਦੇ ਹੋਏ ਹੀ, ਬਹੁਤ ਕੁਝ ਗੁਆ ਲਿਆ ਸੀ। ਇਸ ਬਹੁਤ ਕੁਝ ਵਿੱਚ ਉਸਦੀ ਸਿਰਜਣਾਤਮਿਕਤਾ ਅਤੇ ਬੇਬਾਕੀ ਦਾ ਉਹ ਤਲਿਸਮ ਵੀ ਸ਼ਾਮਿਲ ਸੀ, ਜਿਸ ਕਰਕੇ ਆਪਣੇ ਸ਼ੁਰੂਆਤੀ ਦਿਨਾਂ ਵਿੱਚ ਉਹ ਜਾਣਿਆ ਜਾਂਦਾ ਸੀ। ਉਸ ਦੇ ਮੁਢਲੇ ਦੌਰ ਦੀਆਂ ਕਵਿਤਾਵਾਂ ਦੀ ਵਿਦਰੋਹੀ ਸੁਰ ਵੱਖਰੀ ਪਛਾਣ ਵਾਲੀ ਸੀ—

'ਅੱਖਰ' ਰਸਾਲੇ ਦੀ ਜੋ ਪਹਿਲੀ ਝਲਕ ਮੁਖ਼ਤਾਰ ਗਿੱਲ ਵਰਗੇ ਦੋਸਤਾਂ ਨਾਲ ਮਿਲ ਕੇ ਉਸ ਨੇ ਡਿਜ਼ਾਈਨ ਕੀਤੀ ਸੀ, ਉਹ ਸਮਕਾਲੀ ਪਰਚਿਆਂ ਨਾਲੋਂ ਨਿਵੇਕਲੀ ਸੀ। ਸਮੁੱਚੇ ਸਮਕਾਲੀ ਸਾਹਿਤ ਦਾ ਪ੍ਰਤੀਬਿੰਬ ਬਣ ਰਿਹਾ, ਇਹ ਰਸਾਲਾ ਬਹੁਤ ਤੇਜ਼ੀ ਨਾਲ ਪੰਜਾਬੀ ਕਵਿਤਾ ਦਾ ਸਰਵ ਪ੍ਰਵਾਣਿਤ ਮੰਚ ਬਣ ਗਿਆ ਸੀ। ਹਰ ਨਵਾਂ ਕਵੀ ਉਸ ਵਿੱਚ ਛਪਣਾ ਚਾਹੁੰਦਾ, ਪੰਜਾਬੀ ਕਵਿਤਾ ਦਾ ਹਰ ਪਾਠਕ ਉਸ ਨੂੰ ਪੜ੍ਹਨਾ ਚਾਹੁੰਦਾ, 'ਨਾਗਮਣੀ', 'ਇਕੱਤੀ ਫਰਵਰੀ', ਅਤੇ 'ਸਰਦਲ' ਵਾਂਗ ਹੀ ਸਧਾਰਨ ਦਿਖ ਵਿਚੋਂ ਝਲਕਦੀ ਵਿਸ਼ੇਸ਼ਤਾ ਹੀ 'ਅੱਖਰ' ਦੀ ਵੀ ਪਛਾਣ ਸੀ। ਇਨ੍ਹਾਂ ਦਿਨਾਂ ਵਿੱਚ ਪ੍ਰਮਿੰਦਰਜੀਤ ਹਰ ਕਵੀ ਦਰਬਾਰ ਦੀ ਸ਼ਾਨ ਹੁੰਦਾ, ਹਰ ਮਹਿਫ਼ਲ ਦਾ ਕੇਂਦਰੀ ਧੁਰਾ ਹੁੰਦਾ। ਸ਼ਾਮ ਦੀਆਂ ਮਹਿਫ਼ਲਾਂ ਜਦੋਂ ਰੰਗੀਨ ਹੋ ਜਾਂਦੀਆਂ ਤਾਂ ਪ੍ਰਮਿੰਦਰਜੀਤ ਬਲੈਕ ਐਂਡ ਵਾਈਟ ਹੋ ਜਾਂਦਾ। ਜਿਸ ਨੂੰ ਮਰਜ਼ੀ, ਜੋ ਮਰਜ਼ੀ ਬੋਲਦਾ... ਉਸ ਨੂੰ ਚੁੱਪ ਕਰਕੇ ਸੁਣਨਾ ਹਰ ਕਿਸੇ ਦੀ ਆਦਤ ਬਣ ਗਿਆ ਸੀ। ਇਸੇ ਕਰਕੇ ਹੌਲੀ-ਹੌਲੀ ਦੋਸਤਾਂ ਨੇ ਉਸ ਤੋਂ ਪਾਸਾ ਵੱਟਣਾ ਸ਼ੁਰੂ ਕਰ ਦਿੱਤਾ ਸੀ...

'ਅੱਖਰ' ਦੀ ਆਰਥਿਕਤਾ ਸੁਧਾਰਨ ਲਈ ਯਤਨਸ਼ੀਲ ਪ੍ਰਮਿੰਦਰਜੀਤ, ਸਮਕਾਲੀ ਕਵੀਆਂ ਦੀ ਕਵਿਤਾ ਨੂੰ ਕੋਸਣ ਲਈ ਤਤਪਰ ਰਹਿਣ ਵਾਲਾ ਪ੍ਰਮਿੰਦਰਜੀਤ, ਆਪਣੀ ਕਵਿਤਾ ਦਾ ਮੁੱਲ ਪੁਆਉਣ ਲਈ ਬਹੁਤ ਕਾਹਲਾ ਸੀ। ਸ਼ਾਇਦ ਉਸਦੀ ਇਸ ਕਾਹਲ ਨੇ ਹੀ, ਉਸ ਨੂੰ ਆਪਣੇ ਸਮਕਾਲੀਆਂ ਨਾਲੋਂ ਪਛਾੜ ਦਿੱਤਾ ਸੀ। ਉਹ ਕਵੀ ਦਰਬਾਰਾਂ ਵਿੱਚ ਸ਼ਾਮਿਲ ਹੋਣ ਲਈ ਉਚੇਚ ਕਰਦਾ। ਅਕਾਸ਼ਵਾਣੀ-ਦੂਰਦਰਸ਼ਨ ਦੇ ਪ੍ਰੋਗਰਾਮਾਂ ਵਿਚ ਸ਼ਮੂਲੀਅਤ ਦੀ ਬੇਹੱਦ ਬੇਸਬਰੀ ਨਾਲ ਉਡੀਕ ਕਰਦਾ। ਇਨ੍ਹਾਂ ਵਿੱਚ ਦੇਰੀ ਹੋਣ ਦੀ ਸੂਰਤ ਵਿੱਚ ਸੰਬੰਧਿਤ ਪ੍ਰੋਡਿਊਸਰਾਂ ਨਾਲ ਆਮ ਕਵੀਆਂ ਵਾਂਗ ਹੀ ਰੋਸਾ ਪ੍ਰਗਟ ਕਰਦਾ। ਸਰਕਾਰ ਦਾ ਸ਼ਿਰੋਮਣੀ ਕਵੀ ਉਹ ਬਣ ਚੁੱਕਿਆ ਸੀ, ਪਰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਕਰਨ ਨੂੰ, ਉਹ ਵੱਕਾਰ ਦਾ ਸਵਾਲ ਬਣਾ ਬੈਠਾ ਸੀ। ਹਰ ਸਾਲ ਉਹ ਇਸ ਦੀ ਉਮੀਦ ਪਾਲ ਲੈਂਦਾ, ਪਰ ਹਰ ਸਾਲ ਇਨਾਮ ਕੋਈ ਹੋਰ ਲੈ

ਜਾਂਦਾ। ਹਰ ਸਾਲ ਉਹ ਭਾਰਤੀ ਸਾਹਿਤ ਅਕਾਦਮੀ ਬਾਰੇ ਅਤੇ ਪੁਰਸਕਾਰ ਮਿਲਣ ਵਾਲੇ ਸਾਹਿਤਕਾਰ ਬਾਰੇ, 'ਅੱਖਰ' ਵਿੱਚ ਬੁਰਾ-ਭਲਾ ਲਿਖਦਾ। ਹਰ ਵਾਰ ਉਹ ਇਨਾਮ ਦੇਣ ਵਾਲੇ ਮਾਹਿਰਾਂ ਨਾਲ ਗ਼ਾਲੀ-ਗਲੋਚ ਕਰਦਾ। ਪਰੇਸ਼ਾਨ ਹੁੰਦਾ, ਦੁਖੀ ਹੁੰਦਾ ਤੇ ਇਸ ਤਰਾਂ ਕਰਦਾ ਕਰਦਾ ਉਹ ਹੌਲੀ ਹੌਲੀ ਆਪਣੀ ਕਵਿਤਾ ਦੀ ਮੌਲਿਕਤਾ ਨੂੰ ਵੀ ਛੱਡਦਾ ਜਾਂਦਾ।

ਉਸ ਦੀ ਕਵਿਤਾ ਦਾ ਸਫ਼ਰ ਨਿਹਾਰੀਏ ਤਾਂ 'ਕੋਲਾਜ ਕਿਤਾਬ' (1973) ਦੀ ਸੰਪਾਦਨਾ ਤੋਂ, ਅਤੇ 'ਲਿਖਤੁਮ ਪ੍ਰਮਿੰਦਰਜੀਤ' (1981) ਤੋਂ ਸ਼ੁਰੂ ਹੋਈ ਉਸਦੀ ਕਾਵਿ ਯਾਤਰਾ 'ਮੇਰੀ ਮਾਰਫ਼ਤ' (2000) 'ਬਚਪਨ ਘਰ ਅਤੇ ਮੈਂ' (2005), 'ਮੇਰੇ ਕੁਝ ਹਾਸਿਲ' (ਚੋਣਵੀਂ ਕਵਿਤਾ 2007) ਅਤੇ 'ਤਨ-ਤਕੀਆ' (2010) ਰਾਹੀਂ ਆਪਣੀਆਂ ਸਿਖ਼ਰਾਂ ਛੋਂਹਦੀ ਹੈ। ਸੰਨ 2010 ਵਿੱਚ ਉਸਨੇ 'ਅੰਦਰ ਬਾਹਰ ਮੰਟੋ' ਇਕ ਨਾਟਕ ਵੀ ਲਿਖਿਆ, ਕੁਝ ਕਿਤਾਬਾਂ ਦੀ ਸੰਪਾਦਨਾ ਕੀਤੀ ਅਤੇ ਬਹੁਤ ਸਾਰੇ ਅਨੁਵਾਦ ਵੀ ਕੀਤੇ। ਜਿਹਨਾਂ ਵਿੱਚੋਂ ਨੈਸ਼ਨਲ ਬੁੱਕ ਟਰੱਸਟ ਲਈ ਉਸ ਵੱਲੋਂ ਕੀਤਾ ਗਿਆ ਮੋਹਨ ਰਾਕੇਸ਼ ਦੀਆਂ ਕਹਾਣੀਆਂ ਦਾ ਅਨੁਵਾਦ ਜਿਕਰਯੋਗ ਹੈ।

ਸੰਨ 2014 ਵਿਚ ਛਪਣ ਵਾਲੀ ਉਸਦੀ ਕਿਤਾਬ 'ਸੁਪਨੀਂਦੇ' ਉਤੇ ਨਜ਼ਰ ਟਿਕਾਈਏ ਤਾਂ ਇੱਥੇ ਤੱਕ ਪਹੁੰਚਦੀ ਉਸ ਦੀ ਕਵਿਤਾ, ਆਪਣਾ ਅਸਲੀ ਰੰਗ ਅਸਲ ਵਿੱਚ ਗੁਆ ਚੁੱਕੀ ਹੁੰਦੀ ਹੈ। ਉਸ ਤੋਂ ਜਿਸ ਤਰ੍ਹਾਂ ਦੀ ਕਵਿਤਾ ਦੀ ਉਮੀਦ, ਇਸ ਵੇਲੇ ਉਸ ਦੇ ਸਮਕਾਲੀਆਂ, ਸਮੀਖਿਅਕਾਂ ਅਤੇ ਕਵਿਤਾ ਪ੍ਰੇਮੀਆਂ ਵਿਚ ਜਾਗਦੀ ਸੀ, ਪ੍ਰਮਿੰਦਰਜੀਤ ਉਸ ਤੋਂ ਉਲਟੇ ਰੁਖ ਫੈਲ ਰਿਹਾ ਸੀ। ਉਹ ਜਦੋਂ ਸੁਚੇਤ ਹੋ ਕੇ ਬੋਲਦਾ ਜਾਂ ਲਿਖਦਾ ਸੀ, ਤਾਂ ਅਗਾਂਹਵਧੂ ਸੀ, ਗਤੀਸ਼ੀਲ ਸੀ, ਪਰ ਆਪਣੇ ਅਵਚੇਤਨ ਵਿੱਚ ਉਹ ਗਤੀਹੀਣ ਸੀ, ਟਿਕਿਆ ਹੋਇਆ ਸੀ। ਉਂਝ ਇਹ ਸਭ ਕੁੱਝ ਅਚਾਨਕ ਹੋਇਆ ਨਹੀਂ ਕਿਹਾ ਜਾ ਸਕਦਾ। ਜਦੋਂ ਸੰਨ 2010 ਵਿੱਚ ਉਸ ਦੀ 'ਤਨ-ਤਕੀਆ' ਛਪੀ ਸੀ ਤਾਂ ਉਸ ਨੇ ਖ਼ੁਦ ਹੀ ਲਿਖਿਆ ਸੀ, "ਮੈਂ ਕੋਈ ਵੱਡੀ ਅਦਬੀ ਭੂਮਿਕਾ ਨਹੀਂ ਨਿਭਾ ਰਿਹਾ, ਪਰ ਸੰਘਣੇ ਹਨੇਰੇ ਦੇ ਖਿਲਾਫ਼ ਆਪਣੇ ਹਿੱਸੇ ਦਾ ਇਕ ਦੀਵਾ ਜਗਾਉਣ ਦੀ ਕੋਸ਼ਿਸ਼ ਜ਼ਰੂਰ ਕਰਦਾ ਰਿਹਾ ਹਾਂ।" ...ਨਿਰਸੰਦੇਹ ਉਹ ਅਜਿਹੀ ਕੋਸ਼ਿਸ਼ ਦਾ ਦਮ ਭਰਦਾ ਸੀ, ਬੇਬਾਕੀ ਨਾਲ ਸੰਪਾਦਕੀ ਲਿਖਣੇ ਉਸ ਦਾ ਹਾਸਿਲ ਸੀ, ਸਮਕਾਲੀ ਰਾਜਨੀਤਕ ਅਤੇ ਸਮਾਜਿਕ ਹਾਲਾਤਾਂ ਬਾਰੇ ਸੁਚੇਤ ਰਹਿਣਾ ਅਤੇ ਦੂਸਰਿਆਂ ਨੂੰ ਸੁਚੇਤ ਕਰਨਾ ਵੀ ਕੋਈ ਘੱਟ ਹਿੰਮਤ ਵਾਲਾ ਕਾਰਜ ਨਹੀਂ ਹੁੰਦਾ। ਪਰ ਇਸ ਨੂੰ ਅਹਿਸਾਨਾਂ ਤੱਕ ਘਟਾ ਲੈਣਾ, ਕਦੇ-ਕਦੇ ਚੰਗਾ ਨਾ ਲਗਦਾ। ਉਹ ਦੂਸਰਿਆਂ ਨੂੰ ਜੋ ਸਮਝੌਤੀਆਂ ਦਿੰਦਾ, ਦੂਸਰਿਆਂ ਬਾਰੇ ਜੋ ਵਿਖਿਆਨ ਕਰਦਾ, ਆਪ ਉਨ੍ਹਾਂ ਸਾਰੀਆਂ ਅਲਾਮਤਾਂ ਤੋਂ ਨਿਰਲੇਪ ਨਾ ਹੁੰਦਾ। ਇਸ ਬਾਰੇ ਜਦੋਂ ਕੋਈ ਉਸ ਨੂੰ ਚਿਤਾਰਦਾ, ਤਾਂ ਉਹ ਉਸ ਨਾਲ ਵੀ ਨਰਾਜ਼ ਹੁੰਦਾ, ਗ਼ਾਲੀ-ਗਲੋਚ ਕਰਦਾ, ਇਕ ਅਰਸੇ ਤੱਕ ਦੋਸਤਾਂ ਨਾਲ ਉਸ ਦਾ ਮੂੰਹ ਵੱਟਿਆ ਰਹਿੰਦਾ। ਫਿਰ ਕਦੋਂ ਉਹ ਉਨ੍ਹਾਂ ਨਾਲ ਦੁਬਾਰਾ ਘੁਲਮਿਲ ਜਾਂਦਾ, ਪਤਾ ਹੀ ਨਾ ਲਗਦਾ। ਮੋਹਨਜੀਤ, ਸੁਤਿੰਦਰ ਨੂਰ, ਸੁਰਜੀਤ

ਪਾਤਰ, ਜਸਵੰਤ ਦੀਦ ਆਦਿ ਨਾਲ ਉਸ ਦੇ ਸੰਬੰਧ ਕੁਝ ਇਸੇ ਤਰ੍ਹਾਂ ਦੇ ਸਨ। ਉਸ ਨੂੰ ਹਰ ਉਸ ਵਿਅਕਤੀ ਨਾਲ ਚਿੜ ਸੀ, ਜਿਸ ਕੋਲ ਕੁਰਸੀ ਸੀ, ਸਾਧਨ ਸਨ, ਰੁਤਬਾ ਸੀ, ਮਾਨਤਾ ਸੀ, ਲੋਕਪ੍ਰਿਯਤਾ ਸੀ, ਪਰ ਪ੍ਰਮਿੰਦਰਜੀਤ ਲਈ ਜਿਸ ਕੋਲ ਕੁਝ ਨਹੀਂ ਸੀ। ਜਿਨ੍ਹਾਂ ਕੋਲ ਪ੍ਰਮਿੰਦਰਜੀਤ ਲਈ ਕੁਝ ਸੀ, ਉਹ ਉਸ ਦੀ ਨਜ਼ਰ ਵਿਚ ਵੱਡੇ ਸਨ, ਵਧੀਆ ਸਨ। ਇਹੀ ਕਾਰਨ ਸੀ ਕਿ ਸ਼ਾਇਰਾਂ, ਸਾਹਿਤਕਾਰਾਂ ਅਤੇ ਸ਼ਖ਼ਸੀਅਤਾਂ ਬਾਰੇ ਉਸ ਦੇ ਵਿਚਾਰ ਬਦਲਦੇ ਰਹਿੰਦੇ ਸਨ। ਜਿਨ੍ਹਾਂ ਨਾਲ ਉਹ ਕੁੱਝ ਦਿਨ ਪਹਿਲਾਂ ਅੱਗ ਭਬੂਕਾ ਹੋਇਆ ਹੁੰਦਾ ਉਹਨਾਂ ਨਾਲ ਹੀ ਅਗਲੇ ਦਿਨੀਂ ਘਿਓ-ਖਿੱਚੜੀ ਹੋਇਆ ਹੁੰਦਾ।

ਘੜੀ 'ਚ ਤੋਲਾ ਘੜੀ 'ਚ ਮਾਸਾ ਦਿਸਣ ਵਾਲਾ ਪ੍ਰਮਿੰਦਰਜੀਤ ਆਪਣੀ ਮਿਸਾਲ ਆਪ ਸੀ। 'ਅੱਖਰ' ਦੀ ਸੰਪਾਦਨਾ ਵਾਲਾ ਉਸ ਦਾ ਦਫ਼ਤਰ ਨਵੇਂ ਸਾਹਿਤਕਾਰਾਂ ਦੀ ਸੰਥਾ ਵਾਂਗ ਸੀ। ਹਰ ਨਵਾਂ ਲੇਖਕ ਇਥੇ ਹਾਜ਼ਰੀ ਭਰਦਾ, ਬਹੁਤ ਕੁੱਝ ਸਿਖਦਾ। ਇਹ ਦਫ਼ਤਰ ਸਾਹਿਤਕ ਚੁੰਝ-ਚਰਚਾ ਦਾ ਅਜਿਹਾ ਮੰਚ ਸੀ, ਜਿਥੇ ਹੋਣ ਵਾਲੀ ਵਾਰਤਾ ਪਲਾਂ-ਛਿਣਾਂ ਵਿੱਚ ਹੀ ਦੂਰ ਦੂਰ ਤੱਕ ਪ੍ਰਸਾਰਿਤ ਹੋ ਜਾਂਦੀ।

ਆਪਣੇ ਸੰਪਾਦਕੀਆਂ ਵਿੱਚ, ਰਸਮੀ ਮੁਬਾਰਕਬਾਦ ਜਾਂ ਰਸਮੀ ਸ਼ੋਕ ਸੰਦੇਸ਼ ਲਿਖਣੇ ਉਹ ਕਦੇ ਨਾ ਭੁੱਲਦਾ, ਹਰ ਸਾਹਿਤਕ-ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਘਟਨਾ ਉੱਤੇ ਟਿੱਪਣੀ ਕਰਨ ਵਾਲਾ ਸੰਪਾਦਕ ਪ੍ਰਮਿੰਦਰਜੀਤ, ਆਪਣੀ ਕਵਿਤਾ ਵਿੱਚ ਵੀ ਸੰਪਾਦਕੀ ਅੰਸ਼ ਭਰਨ ਲਗ ਪਿਆ ਸੀ :-

ਤੁਸੀਂ ਜਿਹੜੀ ਵੀ ਹੱਟੀ 'ਤੇ ਬਹੋਗੇ
ਚੰਗੀ ਵਿਕਰੀ ਕਰੋਗੇ
ਤੁਹਾਡੇ ਕੋਲ
ਹਰ ਸਫ਼ਲਤਾ ਦੀ ਰਾਹਦਾਰੀ ਹੈ
ਅਹੁਦੇ ਅਤੇ ਰੁਤਬੇ ਦੀ ਸਰਦਾਰੀ ਹੈ
ਫਿਲਹਾਲ ਕਵਿਤਾ ਨੂੰ ਹੱਟੀ ਨਾ ਬਣਾਓ
ਕਵਿਤਾ ਨੂੰ ਕਵਿਤਾ ਰਹਿਣ ਦਿਓ
(ਕਵੀਆਂ ਨੂੰ ਅਰਜੋਈ)

ਸਮਕਾਲੀ ਕਵੀਆਂ ਨੂੰ ਅਜਿਹੀਆਂ ਨਸੀਹਤਾਂ ਦਿੰਦਾ ਹੋਇਆ ਪ੍ਰਮਿੰਦਰਜੀਤ ਆਪ 'ਸੁਪਨੀਂਦੇ' ਵਲ ਪਰਤ ਗਿਆ ਸੀ, ਉਸ ਨੇ ਲਿਖਿਆ:-

ਕੁਝ ਕਰਦੇ ਦੇਹ ਦੀ ਪਰਿਕਰਮਾ
ਦੇਹ 'ਚੋਂ ਉੱਗਦੇ ਦੇਹ 'ਚ ਮਰਦੇ
ਕੁਝ ਉਮਰਾਂ ਦੀ ਤੇਹ ਵਰਗੇ
ਕੁਝ ਧੁੱਪਾਂ ਵਿਚ ਵੀ ਠਰਦੇ
ਪੁੰਗਰ ਪਏ ਮੇਰੀ ਮਿੱਟੀ ਵਿੱਚੋਂ

ਇਹ ਸੁਪਨੀਂਦੇ ਬਣ ਖ਼ੁਸ਼ਬੋਈ
ਅਜੇ ਸੁਰਤੀਆਂ ਜਾਗਦੀਆਂ ਨੇ
ਅਜੇ ਨਾ ਕਵਿਤਾ ਰੁਖ਼ਸਤ ਹੋਈ

ਸ਼ਾਇਦ ਉਸ ਨੂੰ ਖ਼ੁਦ ਹੀ ਇਹ ਅਹਿਸਾਸ ਹੋਣ ਲੱਗ ਪਿਆ ਸੀ ਕਿ ਉਸ ਦੇ ਅੰਦਰੋਂ ਕਵਿਤਾ ਰੁਖ਼ਸਤ ਹੋ ਰਹੀ ਹੈ। ਉਹ ਸੁਚੇਤ ਹੋ ਕੇ ਆਪਣੀਆਂ ਸੁਰਤੀਆਂ ਨੂੰ ਜਗਾਈ ਰੱਖਣਾ ਚਾਹੁੰਦਾ ਸੀ... ਉਸ ਨੇ 'ਸੁਪਨੀਂਦੇ' ਦੀ ਭੂਮਿਕਾ ਵਿੱਚ ਲਿਖਿਆ ਸੀ :-

"ਉਤੇਜਨਾ ਦੇ ਵਹਿਣ ਵਿੱਚ ਕਿਤੇ ਕਿਤੇ ਦੁਹਰਾਓ ਵੀ ਹੋਇਆ ਹੈ। ਭਾਵਾਂ ਦੀ ਇਕਾਗਰਤਾ ਵਿੱਚ ਲੀਨ ਹੋਣ ਲਈ ਇੰਜ ਹੋ ਜਾਣਾ ਸੁਭਾਵਿਕ ਵੀ ਸੀ। ਇਹ ਮੇਰੇ ਪਾਠਕਾਂ ਨੂੰ ਉਪਰਾਮ ਨਹੀਂ ਕਰੇਗਾ।"

ਇਹ ਉਹ ਪ੍ਰਮਿੰਦਰਜੀਤ ਨਹੀਂ ਸੀ ਜਿਸ ਨੂੰ 'ਲਿਖਤੁਮ ਪ੍ਰਮਿੰਦਰਜੀਤ' ਵਿੱਚ ਵੇਖਿਆ ਗਿਆ ਸੀ। ਜਿਸ ਨੂੰ ਹੁਣ ਭਾਵਾਂ ਦੀ ਇਕਾਗਰਤਾ ਵਿੱਚ ਵਹਿਣ ਦੀ ਲੋੜ ਪੈ ਗਈ ਸੀ, ਜਿਸ ਨੂੰ ਪਾਠਕਾਂ ਦੀ ਉਪਰਾਮਤਾ ਦਾ ਫ਼ਿਕਰ ਸੀ । ਜੋ ਪਾਠਕਾਂ ਦੀ ਪਸੰਦ ਅੱਗੇ ਆਪਣੀ ਕਵਿਤਾ ਦਾ ਰੰਗ ਛੱਡਣ ਲਈ ਤਿਆਰ ਹੋ ਗਿਆ ਸੀ। ਪਾਠਕਾਂ ਨੂੰ ਜਗਾਉਣ ਵਾਲੀ ਕਿਰਿਆਸ਼ੀਲ ਕਵਿਤਾ ਦਾ ਕਵੀ ਹੁਣ 'ਸੁਪਨੀਂਦੇ' ਵਿੱਚ ਸੀ। ਉਸ ਤੋਂ ਪਹਿਲਾਂ ਕਿ ਉਸ ਦਾ ਇਹ 'ਸੁਪਨੀਂਦਾ' ਟੁੱਟਦਾ ਅਤੇ ਉਹ ਆਪਣੀ ਕਵਿਤਾ ਦੇ ਅਸਲ ਇਲਾਕੇ ਵਿੱਚ ਪਰਤ ਕੇ ਸ਼ਾਹਕਾਰ ਕਵਿਤਾ ਦੀ ਸਿਰਜਣਾ ਕਰਦਾ, ਉਹ ਖ਼ੁਦ ਸੁਪਨਾ ਹੋ ਗਿਆ।

ਇਕ ਦਬੰਗ, ਬੁਲੰਦ ਅਤੇ ਬੇਬਾਕ ਅਕਾਂਖਿਆਵਾਂ ਵਾਲਾ ਕਵੀ 23 ਮਾਰਚ 2015 ਨੂੰ ਅਲਵਿਦਾ ਆਖ ਗਿਆ। ਇਹ ਭਾਣਾ ਇਹ ਫੈਸਲਾ ਕੀਤੇ ਜਾਣ ਤੋਂ ਪਹਿਲਾਂ ਹੀ ਵਾਪਰ ਗਿਆ ਕਿ ਸਥਾਪਤੀ ਦਾ ਵਿਰੋਧ ਕਰਨਾ ਅਤੇ ਸਥਾਪਤੀ ਤੋਂ ਇਨਾਮ ਲੈਣ ਦੀ ਤਮੰਨਾ ਰੱਖਣਾ ਨਾਲੋਂ ਨਾਲ ਨਹੀਂ ਚਲ ਸਕਦੇ।

ਉਹ ਅਜੇ ਹੋਰ ਜਿਊਣਾ ਚਾਹੁੰਦਾ ਸੀ, ਅਸੀਂ ਸਭ ਉਸ ਨੂੰ ਲੰਮੀ ਉਮਰ ਤੱਕ ਜਿਊਂਦਾ ਵੇਖਣਾ ਚਾਹੁੰਦੇ ਸਾਂ, ਪਰ ਅਜੇਹਾ ਹੋ ਨਾ ਸਕਿਆ। ਉਸ ਦੇ ਜਾਣ ਨਾਲ ਸਾਹਿਤਕ ਸੰਪਾਦਕੀ ਦਾ ਇਕ ਨਿਵੇਕਲਾ ਦੌਰ ਵੀ ਸਮਾਪਤ ਹੋ ਗਿਆ ਅਤੇ ਨਵੀਂ ਪੰਜਾਬੀ ਕਵਿਤਾ ਦੀ ਨਿਵੇਕਲੀ ਬੇਬਾਕੀ ਦੀਆਂ ਸੰਭਾਵਨਾਵਾਂ ਵੀ ਮੱਧਮ ਪੈ ਗਈਆਂ।

ਉਸ ਦੀਆਂ ਇਹ ਸਤਰਾਂ ਸਦਾ ਜਿਊਂਦੀਆਂ ਰਹਿਣਗੀਆਂ :-

"ਜਦੋਂ ਜੀਣ ਤੋਂ ਜੀਅ ਭਰ ਜਾਵੇ
ਉਦੋਂ ਜੀਣ ਨੂੰ ਜੀਅ ਕਰ ਆਵੇ।"

ਉਸ ਦੀ ਕਵਿਤਾ ਦਾ ਇਹ ਸੱਚ, ਕੀ ਸੱਚਮੁੱਚ ਉਸ ਦੀ ਜ਼ਿੰਦਗੀ ਦਾ ਸੱਚ ਸੀ? ਇਹ ਸਵਾਲ ਮੇਰੇ ਸਮੇਤ ਉਸ ਦੇ ਬਹੁਤ ਸਾਰੇ ਦੋਸਤਾਂ ਨੂੰ ਪਰੇਸ਼ਾਨ ਕਰ ਰਿਹਾ ਹੈ।

••

# ਅਮਿਤੋਜ



(03 ਜੂਨ, 1947 — 20 ਅਗਸਤ, 2005)

# ਭਰਿਆ ਭਰਿਆ ਖ਼ਾਲੀ ਤਰਕਸ਼

–ਅਮਿਤੋਜ ਸਾਡੇ ਤੋਂ ਪਹਿਲੀ ਪੀੜ੍ਹੀ ਦਾ ਸ਼ਾਇਰ ਸੀ, ਜਿਸ ਦੀਆਂ ਕਵਿਤਾਵਾਂ ਪੜ੍ਹ–ਪੜ੍ਹ ਸੁਣ–ਸੁਣ ਅਸੀਂ ਕਵਿਤਾ ਨਾਲ ਜੁੜਨ ਲਈ ਪਹਿਲੇ ਕਦਮ ਪੁੱਟੇ। 'ਨਾਗਮਣੀ' ਦੇ ਪਹਿਲੇ ਸਫ਼ੇ ਉੱਤੇ ਛਪੀ ਉਸ ਦੀ ਕਵਿਤਾ 'ਬੁੱਢਾ ਬੌਲਦ' ਸੱਤਰਵਿਆਂ ਦੀਆਂ ਉਨ੍ਹਾਂ ਕਵਿਤਾਵਾਂ ਵਿੱਚੋਂ ਹੈ, ਜਿਨ੍ਹਾਂ ਨੂੰ ਮੈਂ ਕਦੇ ਨਹੀਂ ਭੁੱਲਦਾ।

–ਅਮਿਤੋਜ ਸਾਡੇ ਤੋਂ ਪਹਿਲੀ ਪੀੜ੍ਹੀ ਦਾ ਮੀਡੀਆ–ਕਰਮੀ ਸੀ, ਜਿਸ ਦੀ ਸੰਚਾਲਨਾ ਨੂੰ ਦੇਖ ਦੇਖ ਅਸੀਂ ਟੀ.ਵੀ. ਦੇ ਪਰਦੇ ਉੱਤੇ ਆਪਣੇ ਆਪ ਨੂੰ ਵੇਖਣ ਦੇ ਸੁਪਨੇ ਲੈਣੇ ਸ਼ੁਰੂ ਕੀਤੇ।

–'ਕੱਚ ਦੀਆਂ ਮੁੰਦਰਾਂ' ਦੂਰਦਰਸ਼ਨ ਉੱਤੇ ਮੇਰੇ ਪਹੁੰਚਣ ਤੋਂ ਪਹਿਲਾਂ ਦਾ ਚੱਲਦਾ ਰੰਗਾਰੰਗ ਪ੍ਰੋਗਰਾਮ ਸੀ, ਜਿਸ ਨੂੰ ਵੇਖ–ਵੇਖ ਕੇ ਉਸ ਤਰ੍ਹਾਂ ਦਾ ਪ੍ਰੋਗਰਾਮ ਕਰਨ ਦੀ ਚਾਹਤ, ਮੇਰੇ ਮਨ ਵਿਚ ਉੱਸਲਵੱਟੇ ਲੈਣ ਲੱਗੀ।

–ਆਪਣੇ ਮੀਡੀਆ–ਇਸ਼ਟ ਹਰਜੀਤ ਸਿੰਘ ਦੀ ਦੇਖ–ਰੇਖ ਹੇਠ ਤਿਆਰ ਹੁੰਦੇ, ਇਸੇ ਪ੍ਰੋਗਰਾਮ (ਕੱਚ ਦੀਆਂ ਮੁੰਦਰਾਂ) ਦੀ ਪ੍ਰੋਡਕਸ਼ਨ ਨੂੰ ਨੇੜਿਓਂ ਵੇਖਦਿਆਂ ਮੈਨੂੰ ਅਮਿਤੋਜ ਨੂੰ ਵੀ ਨੇੜਿਓਂ ਵੇਖਣ ਦਾ ਮੌਕਾ ਮਿਲਿਆ ਤਾਂ ਉਹ ਦੂਰੀਆਂ ਮਿਟਣੀਆਂ ਸ਼ੁਰੂ ਹੋ ਗਈਆਂ, ਜਿਹੜੀਆਂ ਚੰਡੀਗੜ੍ਹ ਅਤੇ ਜਲੰਧਰ ਵਿਚਕਾਰ ਸਨ।

–ਕੁਝ ਸਾਲ ਪਿੱਛੇ ਚਲੇ ਜਾਈਏ!

ਉਹ ਕਦੇ ਕ੍ਰਿਸ਼ਨ ਕੁਮਾਰ ਸੀ, ਕ੍ਰਿਸ਼ਨ ਸਰੀਨ ਸੀ, ਕ੍ਰਿਸ਼ਨ ਕੰਵਲ ਸੀ, ਕ੍ਰਿਸ਼ਨ ਸ਼ਮੀਮ ਸੀ ਤੇ ਫੇਰ ਅਮਿਤੋਜ। ਸੁਰਜੀਤ ਪਾਤਰ ਦੀ ਸਲਾਹ ਨਾਲ ਅਮਿਤੋਜ ਬਣ ਕੇ ਹੀ, ਉਹ ਕਵਿਤਾ ਵਿਚ ਅਤੇ ਯੂਨੀਵਰਸਿਟੀ ਵਿਚ ਆਇਆ ਸੀ।

ਅਮਿਤੋਜ ਅਤੇ ਲੋਕ ਨਾਥ ਦੀ ਜੋੜੀ ਉਦੋਂ ਡਾਕਟਰ ਵਿਸ਼ਵਾਨਾਥ ਤਿਵਾੜੀ ਦੀ ਹਮਸਾਈ ਸੀ। ਜਦੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕੈਂਪਸ ਵਿਚ ਨਵੀਂ ਪੰਜਾਬੀ ਕਵਿਤਾ ਅਤੇ ਨਵੀਂ ਪੰਜਾਬੀ ਆਲੋਚਨਾ ਦਾ ਬੋਲਬਾਲਾ ਸੀ। ਇਕ ਤੋਂ ਬਾਅਦ ਇਕ ਸੈਮੀਨਾਰ–ਇਕ ਤੋਂ ਬਾਅਦ ਇਕ ਕਾਨਫਰੰਸ, ਇਕ ਤੋਂ ਬਾਅਦ ਇਕ ਕਵੀ ਦਰਬਾਰ ਇਕ ਤਾਂਤਾ ਲੱਗਿਆ ਰਹਿੰਦਾ ਸੀ। ਲਗਭਗ ਸਾਰੇ ਵਿਭਾਗਾਂ ਵਿਚ। ਇਕ ਪਾਸੇ ਡਾ.

ਅਤਰ ਸਿੰਘ, ਡਾ. ਕੇਸਰ ਸਿੰਘ ਕੇਸਰ, ਅਤੇ ਡਾ. ਰਘਬੀਰ ਸਿੰਘ 'ਸਿਰਜਣਾ' ਵਰਗੇ ਵਿਦਵਾਨ, ਦੂਜੇ ਪਾਸੇ ਡਾ. ਦਰਸ਼ਨ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ ਵਰਗੇ ਥੰਮ੍ਹ ਅਤੇ ਤੀਸਰੇ ਪਾਸੇ ਡਾਕਟਰ ਵਿਸ਼ਵਾਨਾਥ ਤਿਵਾੜੀ ਦੀਆਂ ਸਰਗਰਮੀਆਂ ਅਤੇ ਉਸਦੇ ਸੱਜੇ ਖੱਬੇ ਅਮਿਤੋਜ ਅਤੇ ਲੋਕ ਨਾਥ। ਬੜੇ ਦਿਲਕਸ਼ ਸਮੀਕਰਨ ਸਨ।

ਡਾਕਟਰ ਰਘਬੀਰ ਸਿੰਘ 'ਸਿਰਜਣਾ' ਮੇਰੇ ਬੀ.ਏ. ਦੇ ਅਧਿਆਪਕ ਸਨ। ਉਹ ਜੰਡਿਆਲਾ ਕਾਲਜ ਛੱਡ ਕੇ ਯੂਨੀਵਰਸਿਟੀ ਦੇ ਕੋਸ਼ਕਾਰੀ ਵਿਭਾਗ ਵਿਚ ਚਲੇ ਗਏ ਅਤੇ ਇਧਰ ਮੈਂ ਐਮ.ਏ. ਪੰਜਾਬੀ ਕਰਨ ਉਪਰੰਤ ਪੀਐਚ.ਡੀ. ਕਰਨ ਬਾਰੇ ਸੋਚਣ ਲੱਗਾ ਤਾਂ ਡਾਕਟਰ ਰਘਬੀਰ ਸਿੰਘ ਨੂੰ ਚੰਡੀਗੜ੍ਹ ਜਾ ਮਿਲਿਆ। ਉਹ ਤੁਰੰਤ ਮੈਨੂੰ ਡਾਕਟਰ ਅਤਰ ਸਿੰਘ ਦੀ ਸ਼ਰਨ ਵਿੱਚ ਲੈ ਗਏ। ਡਾਕਟਰ ਅਤਰ ਸਿੰਘ ਬਾਬਾ ਫ਼ਰੀਦ ਚੇਅਰ ਦੇ ਮੁਖੀ ਸਨ ਅਤੇ ਯੂਨੀਵਰਸਿਟੀ ਦੀਆਂ ਸਰਗਰਮੀਆਂ ਵਿੱਚ ਉਨ੍ਹਾਂ ਦਾ ਚੰਗਾ ਬੋਲਬਾਲਾ ਸੀ। ਪਰ ਡਾਕਟਰ ਤਿਵਾੜੀ ਨਾਲ ਉਨ੍ਹਾਂ ਦੀ ਸਾਹਿਤਕ-ਰਾਜਨੀਤਕ ਕਸ਼ਮਕਸ਼ ਬੇਹੱਦ ਜ਼ੋਰਾਂ ਉੱਤੇ ਸੀ। ਮੈਂ ਸੂਫ਼ੀ ਕਵੀ ਸ਼ਾਹ ਹੁਸੈਨ ਦੇ ਕਾਵਿ-ਸਿਧਾਂਤ ਉੱਤੇ ਸੋਧ-ਪ੍ਰਬੰਧ ਲਿਖਣ ਲਈ ਡਾਕਟਰ ਅਤਰ ਸਿੰਘ ਨਾਲ ਇਨਰੋਲਮੈਂਟ ਕਰਵਾ ਲਈ। ਜਦੋਂ ਮੈਂ ਚੰਡੀਗੜ੍ਹ ਜਾਂਦਾ ਅਮਿਤੋਜ ਨੂੰ ਮਿਲਣ ਦੀ ਇੱਛਾ ਹੁੰਦੀ। ਇਹ ਗੱਲ ਅੱਸੀਵਿਆਂ ਦੇ ਸ਼ੁਰੂ ਦੀ ਹੈ। ਅਮਿਤੋਜ ਦੇ ਬੇਬਾਕ ਇਸ਼ਕ ਦੀ ਚਰਚਾ ਜ਼ੋਰਾਂ 'ਤੇ ਸੀ। ਉਹ ਸ਼ਾਮ ਦੀਆਂ ਮਹਿਫਲਾਂ ਦਾ ਸ਼ਾਹ ਸਵਾਰ ਬਣ ਚੁੱਕਿਆ ਸੀ। ਇਨਾਂ ਦਿਨਾਂ ਵਿਚ ਮੈਂ ਉਸ ਨੂੰ ਚਾਹੁੰਦਿਆਂ ਹੋਇਆਂ ਵੀ ਬਹੁਤਾ ਨਾ ਮਿਲ ਸਕਿਆ। ਵਿਭਾਗ ਦੀ ਰਾਜਨੀਤੀ ਮੈਨੂੰ ਉਸ ਤੋਂ ਦੂਰ ਰਹਿਣ ਦੀ ਹੀ ਸਲਾਹ ਦੇ ਰਹੀ ਸੀ। ਮੈਨੂੰ ਇਸ ਤਰਾਂ ਚੰਗਾ ਨਾ ਲਗਦਾ ਪਰ...

ਇਕ ਦਿਨ ਵਿਭਾਗ ਦੀਆਂ ਪੌੜੀਆਂ ਉਤਰਦਾ ਮਿਲਿਆ,ਪਰ ਰੁਕਿਆ ਨਾ। ਇਹ ਪਹਿਲੀ ਵਾਰ ਹੋਇਆ ਸੀ ...ਤੇ ਫੇਰ ਉਸਦੀ ਉਦਾਸੀ ਮਹਿਫਲਾਂ ਦੀ ਖਬਰ ਬਣਨ ਲੱਗੀ । ਤੇ ਉਹ ਟੁੱਟੇ ਤਾਰੇ ਵਾਂਗ ਭਟਕਦਾ ਯੂਨੀਵਰਸਿਟੀ ਦੀਆਂ ਸੜਕਾਂ ਉੱਤੇ ਲਰਜਣ ਲੱਗਾ।...

ਮੈਂ ਚੰਡੀਗੜ੍ਹ ਦੀ ਇਨਰੋਲਮੈਂਟ ਛੱਡ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਐਮ.ਫਿਲ ਕਰਨ ਲੱਗ ਪਿਆ... ਤੇ ਫਿਰ 1985 ਵਿੱਚ ਜਦੋਂ ਮੈਂ ਦੂਰਦਰਸ਼ਨ ਦੀ ਨੌਕਰੀ ਕਰ ਲਈ ਤਾਂ ਅਮਿਤੋਜ ਨਾਲ ਮੁਲਾਕਾਤ ਹਰ ਹਫ਼ਤੇ ਹੋਣ ਲੱਗੀ। ਉਹਦੇ ਕੋਲ ਸ਼ਬਦਾਂ ਦਾ ਅਜਿਹਾ ਭੰਡਾਰ ਸੀ, ਜਿਸ ਨੂੰ ਨਿਵੇਕਲੇ ਅੰਦਾਜ਼ ਵਿਚ ਉਚਾਰ ਕੇ, ਉਹ ਸੁਣਨ-ਦੇਖਣ ਵਾਲੇ ਨੂੰ ਕੀਲ ਲੈਂਦਾ ਸੀ। ਉਹਦੇ ਚਿਹਰੇ ਕੋਲ ਅਜਿਹੇ ਪ੍ਰਭਾਵ ਸਨ ਕਿ ਕੈਮਰਾ ਵੀ ਦੰਗ

ਰਹਿ ਜਾਂਦਾ ਸੀ। ਉਹ ਜਦੋਂ ਪਰਦੇ ਉੱਤੇ ਰੂਪਮਾਨ ਹੁੰਦਾ ਤਾਂ ਉਸ ਦਾ ਕੋਈ ਜੁਆਬ ਨਹੀਂ ਸੀ। ਉਹਦੀਆਂ ਅੱਖਾਂ ਦਰਸ਼ਕ ਦੀਆਂ ਅੱਖਾਂ ਨਾਲ ਇਸ ਤਰ੍ਹਾਂ ਇਕਸੁਰ ਅਤੇ ਇਕ-ਲੈਅ ਹੋ ਜਾਂਦੀਆਂ ਸਨ ਕਿ ਉਨ੍ਹਾਂ ਦੀ ਝਪਕਣਾ ਵਿੱਚ ਕੋਈ ਅੰਤਰ ਨਹੀਂ ਸੀ ਰਹਿੰਦਾ।

ਅੱਜ ਤੱਕ ਵੀ, ਹਜ਼ਾਰਾਂ ਪ੍ਰੋਗਰਾਮਾਂ ਦਾ ਨਿਰਮਾਣ ਕਰਨ ਉਪਰੰਤ ਵੀ, ਮੈਂ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਉਸ ਵਰਗਾ ਸੰਚਾਲਕ ਜਲੰਧਰ ਦੂਰਦਰਸ਼ਨ ਨੂੰ ਮੁੜ ਕੇ ਕਦੇ ਨਹੀਂ ਮਿਲਿਆ। ਉਹ ਇਕ ਦੰਦ-ਕਥਾ ਹੈ। ਉਹ ਇਕ ਅਤਿ ਹੁਸੀਨ ਸੁਪਨਾ ਸੀ। ਉਹ ਦੋਸਤ ਸੀ ਜਾਂ ਦੁਸ਼ਮਣ ਸੀ, ਪੂਰਾ ਬੇਬਾਕ ਸੀ... ਜਿੰਨਾ ਮਾਣ -ਤਾਣ, ਜਿੰਨੀ ਸ਼ੋਹਰਤ ਅਤੇ ਲੋਕਪ੍ਰਿਯਤਾ ਦੂਰਦਰਸ਼ਨ ਦਾ ਇਕ ਸੰਚਾਲਕ ਹੁੰਦਿਆਂ ਅਮਿਤੋਜ ਦੇ ਹਿੱਸੇ ਆਈ, ਇਸ ਦੀ ਕੋਈ ਹੋਰ ਮਿਸਾਲ ਅੱਜ ਤੱਕ ਵੀ ਨਹੀਂ ਹੈ।.......

ਫਿਰ ਬਹੁਤ ਜਲਦੀ ਉਹ ਜ਼ਿੰਦਗੀ ਤੋਂ ਨਿਰਾਸ਼ ਰਹਿਣ ਲੱਗਾ... ਸ਼ਰਾਬ ਉਸ ਦੀ ਪੱਕੀ ਸਾਥਣ ਬਣ ਗਈ। ਉਹਦਾ ਜਿਗਰ ਜਵਾਬ ਦੇਣ ਲੱਗਿਆ। ਉਹਨੂੰ ਕਈ ਦਿਨਾਂ ਤੱਕ ਹਸਪਤਾਲ ਰਹਿਣਾ ਪਿਆ। ਦਵਾਈਆਂ ਦੇ ਸਹਾਰੇ ਤੁਰਨਾ, ਉਹਦੀ ਮਜਬੂਰੀ ਬਣ ਗਿਆ। 'ਕੱਚ ਦੀਆਂ ਮੁੰਦਰਾਂ' ਨਵੇਂ ਸਾਚਲਕਾਂ ਨਾਲ ਪਰਦੇ ਉੱਤੇ ਲਿਆਉਣ ਦੀਆਂ ਮਜਬੂਰੀਆਂ ਵਿੱਚ ਫਸਿਆ ਦੂਰਦਰਸ਼ਨ ਨਵੇਂ-ਨਵੇਂ ਤਜਰਬੇ ਕਰਨ ਲੱਗਿਆ। ਪਰ ਅਮਿਤੋਜ ਤੋਂ ਬਿਨਾਂ ਇਹ ਸਭ ਕੁਝ ਸੋਚਣਾ ਬੇਅਰਥ ਲੱਗਦਾ।... ਉਹ ਵੀ ਹੁਣ ਕਈ ਕਈ ਦਿਨ ਦੂਰਦਰਸ਼ਨ ਨਾ ਆਉਂਦਾ... ਦੂਰਦਰਸ਼ਨ ਨੇ "ਕੱਚ ਦੀਆਂ ਮੁੰਦਰਾਂ" ਦਾ ਨਾਮ ਬਦਲ ਕੇ ਨਵੇਂ ਰੰਗਾਰੰਗ ਪ੍ਰੋਗਰਾਮ ਸ਼ੁਰੂ ਕੀਤੇ। ਪਰ ਉਹ ਗੱਲ ਬਿਲਕੁਲ ਨਾ ਬਣੀ, ਜੋ ਅਮਿਤੋਜ ਦੀਆਂ "ਕੱਚ ਦੀਆਂ ਮੁੰਦਰਾਂ" ਬਣਾਉਂਦੀਆਂ ਸਨ। ਦੂਰਦਰਸ਼ਨ ਬੇਹੱਦ ਪ੍ਰੇਸ਼ਾਨ ਸੀ,ਅਮਿਤੋਜ ਬੇਹੱਦ ਨਿਰਾਸ਼ ਸੀ।

ਇਸ ਨਿਰਾਸ਼ਾ ਦੇ ਆਲਮ ਵਿੱਚ ਉਹ ਦੂਰਦਰਸ਼ਨ ਦੇ ਸਾਹਮਣੇ ਹੀ ਅਜੀਤ ਨਗਰ ਵਿਚ ਬੰਬਈ ਤੋਂ ਆਏ ਪ੍ਰੋਡਿਊਸਰ ਸਤਿੰਦਰ ਦੀਪਕ(ਸਵਰਗੀ) ਦੇ ਕਮਰੇ ਵਿੱਚ ਕਈ ਕਈ ਦਿਨ ਸ਼ਰਾਬ ਪੀਂਦਾ ਰਹਿੰਦਾ... ਜਾਂ ਫੇਰ ਦੇਸ਼ ਭਗਤ ਯਾਦਗਾਰ ਦੇ ਬਾਹਰਵਾਰ ਹਰਮੀਤ ਔਜਲਾ (ਸਵਰਗੀ)ਦੇ ਕਮਰੇ ਵਿੱਚ ਕਈ ਕਈ ਰਾਤਾਂ ਗੁਜ਼ਾਰ ਦਿੰਦਾ... ਇਕ ਦਿਨ ਦੀਪਕ ਦੇ ਕਮਰੇ ਵਿੱਚ ਬੈਠਾ , ਉਹ ਆਪਣੇ ਸਾਹਮਣੇ ਕੁਝ ਗ਼ੁਬਾਰੇ ਫੁਲਾ ਕੇ, ਉਨ੍ਹਾਂ ਬਾਰੇ ਆਪਣੇ-ਆਪ ਨਾਲ ਹੀ ਚਰਚਾ ਕਰ ਰਿਹਾ ਸੀ। ਸਾਰੀ ਮਹਿਫਲ ਪੂਰੀ ਲੋਰ ਵਿੱਚ ਸੀ।ਮੈਂ ਕਮਰੇ ਵਿੱਚ ਪਹੁੰਚਿਆ ਤਾਂ ਕਹਿਣ ਲੱਗਾ "ਮੈਂ ਇਨ੍ਹਾਂ ਭੁਕਾਨਿਆਂ ਤੋਂ ਪੁਛਦਾਂ ਕਿ ਏਨੇ ਸ਼ੋਖ ਰੰਗਾਂ ਦੇ ਮਾਲਕ ਹੋ ਕੇ ਵੀ, ਇਹ ਏਨੇ ਉਦਾਸ ਕਿਉਂ ਨੇ? ਪਰ ਇਹ ਕੁਝ ਨਹੀਂ

ਦੱਸਦੇ....'' ਮੈਨੂੰ ਕਹਿਣ ਲੱਗਾ ?''ਚੱਲ ਤੂੰ ਦੱਸ ਦੇ।'' ਮੈਂ ਮੁਸਕਰਾ ਛੱਡਿਆ... ਮੈਨੂੰ ਉਹਨੇ ਜ਼ੋਰ ਨਾਲ 'ਦਬਕਾ' ਮਾਰਿਆਂ " ਤੂੰ ਮੈਨੂੰ ਇਹ ਨਹੀਂ ਦੱਸੇਂਗਾ ਤਾਂ ਕੌਣ ਦੱਸੇਗਾ ਮੈਨੂੰ?" ........... ਮੈਂ ਉਹਦਾ ਇਹ ਰੂਪ ਪਹਿਲਾਂ ਕਦੇ ਨਹੀਂ ਸੀ ਦੇਖਿਆ।ਕਮਰੇ ਵਿੱਚ ਬੈਠੇ ਸਾਰੇ ਸ਼ਰਾਬੀਆਂ ਵਿੱਚ ਇਕ ਮੈਂ ਹੀ ਸਾਂ ,ਜਿਸ ਨੂੰ ਉਹ ਇਸ ਤਰ੍ਹਾਂ ਕਹਿ ਸਕਦਾ ਸੀ। ਪਰ ਮੈਂ ਹੀ ਸਾਂ, ਜਿਸ ਕੋਲ ਇਸ ਦਾ ਕੋਈ ਜੁਆਬ ਨਾ ਉਦੋਂ ਸੀ ਨਾ ਅੱਜ ਹੈ।

ਫਿਰ ਇਕ ਦਿਨ ਮੈਨੂੰ ਮੇਰੇ ਦੋਸਤ ਮਨਜੀਤ ਜੌਹਲ (ਜੋ ਅੱਜਕਲ੍ਹ ਕੈਨੇਡਾ ਵਿੱਚ ਹੈ) ਨੇ ਦੱਸਿਆ ਕਿ ਜਦੋਂ ਉਸ ਨੇ ਆਪਣੀ 'ਜਗ ਬਾਣੀ' ਦੀ ਡਿਊਟੀ ਤੋਂ ਬਾਅਦ ਰਾਤ ਨੂੰ ਆ ਕੇ ਹਰਮੀਤ ਔਜਲਾ ਵਾਲੇ ਕਮਰੇ ਦਾ ਦਰਵਾਜ਼ਾ ਖੋਲ੍ਹਿਆ ਤਾਂ ਅਮਿਤੋਜ ਪਹਿਲਾਂ ਹੀ ਅੰਦਰ ਬੈਠਾ ਮਦਹੋਸ਼ ਸ਼ਰਾਬੀ ਮੁਦਰਾ 'ਚ ਕੁਝ ਬੁੜਬੁੜਾ ਰਿਹਾ ਸੀ। -ਮਨਜੀਤ ਨੂੰ ਕਹਿਣ ਲੱਗਿਆ, 'ਤੂੰ ਬਹੁਤ ਸਮੇਂ ਸਿਰ ਪਹੁੰਚ ਗਿਐਂ, ਲੜਾਈ ਹੋਣ ਹੀ ਵਾਲੀ ਸੀ।' ਮਨਜੀਤ ਨੇ ਪੁੱਛਿਆ ਕਿਹਦੇ ਨਾਲ? ਕਹਿਣ ਲੱਗਾ, 'ਇਹਦੇ ਨਾਲ, ਜਿਹੜਾ ਤੇਰੇ ਸਾਹਮਣੇ ਬੈਠਾ ਹੈ," ..ਪਰ ਕਮਰੇ ਵਿਚ ਹੋਰ ਕੋਈ ਵੀ ਨਹੀਂ ਸੀ। 'ਇਹ ਹੋਰ ਕੋਈ' ਅਮਿਤੋਜ ਨੂੰ ਕਿਉਂ ਦਿੱਸਦਾ ਸੀ? ਇਸ ਦਾ ਜੁਆਬ ਮਨਜੀਤ ਜੌਹਲ ਕੋਲ ਨਾ ਉਦੋਂ ਸੀ, ਨਾ ਅੱਜ ਹੈ।

ਫਿਰ 1988 ਦੇ ਮਾਰਚ ਮਹੀਨੇ ਦੀ ਇਕ ਦੁਪਹਿਰ! ਡੀ.ਏ.ਵੀ. ਕਾਲਜ ਨਕੋਦਰ ਵਿੱਚ ਕਵੀ ਦਰਬਾਰ ਸੀ। ਮੇਰਾ ਦੂਰਦਰਸ਼ਨ ਦਾ ਸਹਿਕਰਮੀ ਸਵਿਤੋਜ (ਸਵਰਗੀ) ਅਤੇ ਮੈਂ ਆਪਣੀ ਕਵਿਤਾ ਪੜ੍ਹਨ ਦੀ ਉਡੀਕ ਵਿੱਚ ਬੈਠੇ ਸਾਂ ਕਿ ਪਰਮਜੀਤ ਦੇਹਲ ਨੇ ਆ ਕੇ ਮੇਰਾ ਮੋਢਾ ਥਪ-ਥਪਾਇਆ। ਕਹਿਣ ਲੱਗਾ, ਬਾਹਰ ਆਓ ਜ਼ਰਾ! ਤੁਹਾਨੂੰ ਪਾਸ਼ ਬੁਲਾ ਰਿਹਾ ਹੈ।ਮੈਂ ਕਿਹਾ : ਉਹ ਕਦੋਂ ਆਇਆ, ਕਿੱਥੇ ਐ !'' ਅਸੀਂ ਉੱਠ ਕੇ ਬਾਹਰ ਆਏ ਤਾਂ ਪਾਸ਼ ਆਪਣੇ ਪੁਰਾਣੇ ਦੋਸਤਾਂ, ਜਿਨ੍ਹਾਂ ਵਿੱਚ ਜਸਵੰਤ ਖਟਕੜ ਵੀ ਸ਼ਾਮਿਲ ਸੀ, ਨਾਲ ਲਾਅਨ ਵਿੱਚ ਬੈਠਾ ਸੀ। ਸਾਨੂੰ ਉੱਠ ਕੇ ਮਿਲਿਆ ਤੇ ਫਿਰ ਅਸੀਂ ਵੀ ਉੱਥੇ ਬੈਠ ਗਏ।ਅੰਦਰੋਂ ਕਵਿਤਾ ਪੜ੍ਹਨ ਦੀ ਵਾਰੀ ਦਾ ਸੱਦਾ ਆਇਆ ਤਾਂ ਅਸੀਂ ਪਾਸ਼ ਨੂੰ, ਉਸ ਦੇ ਨਾ ਚਾਹੁੰਦੇ ਹੋਏ ਵੀ, ਮਲੋ-ਮੱਲੀ ਅੰਦਰ ਲੈ ਗਏ।

ਪਾਸ਼ ਨੇ ਉਸ ਕਵੀ ਦਰਬਾਰ ਵਿੱਚ ਆਪਣੀ 'ਸਭ ਤੋਂ ਖ਼ਤਰਨਾਕ' ਸਿਰਲੇਖ ਵਾਲੀ ਕਵਿਤਾ ਪਹਿਲੀ ਵਾਰ ਪੜ੍ਹੀ। ਸਾਰਾ ਕਵੀ ਦਰਬਾਰ ਅਸ਼-ਅਸ਼ ਕਰ ਉੱਠਿਆ। ਫਿਰ ਨਕੋਦਰ ਦੇ ਬਾਹਰਵਾਰ ਹੋਟਲ 'ਸਰੂਰ' ਵਿੱਚ ਸਾਰੇ ਗਏ। ਦੇਰ ਤੱਕ ਮਹਿਫ਼ਲ ਜੰਮੀ। ਤੁਰਨ ਲੱਗੇ ਤਾਂ ਪਾਸ਼ ਨੇ ਮੈਨੂੰ ਤੇ ਸਵਿਤੋਜ ਨੂੰ ਕਿਹਾ, ਆਪਾਂ 'ਅਖਾੜੇ' ਅਮਿਤੋਜ ਦੇ ਪਿੰਡ ਜਾਣੈ... ਅੱਜ ਉਸ ਦਾ ਵਿਆਹ ਹੈ।ਅਸੀਂ ਕਿਹਾ ਸਾਨੂੰ ਤਾਂ ਉਸ ਨੇ ਬੁਲਾਇਆ ਈ ਨਹੀਂ,

ਅਸੀਂ ਕਿਉਂ ਜਾਈਏ? ਕਹਿਣ ਲੱਗਾ, ਬੁਲਾਇਆ ਤਾਂ ਮੈਨੂੰ ਵੀ ਨਹੀਂ... ਪਰ ਆਪਾਂ ਚੱਲਣੈਂ।ਅਸੀਂ ਉਸ ਨਾਲ ਸਹਿਮਤ ਨਾ ਹੋਏ।ਅਸੀਂ ਬੱਸੇ ਚੜ੍ਹ ਕੇ ਜਲੰਧਰ ਆ ਗਏ ਤੇ ਉਹ ਅਮਿਤੋਜ ਦੇ ਪਿੰਡ ਜਾਣ ਲਈ ਸਾਥੋਂ ਵਿਛੜ ਗਿਆ।

ਕੀ ਸੱਚਮੁੱਚ ਉਸੇ ਦਿਨ ਅਮਿਤੋਜ ਦਾ ਵਿਆਹ ਸੀ? ਅਤੇ ਬਿਨਾਂ ਬੁਲਾਏ ਤੋਂ ਵੀ ਪਾਸ਼ ਨੇ ਉਸ ਦੇ ਵਿਆਹ ਉੱਤੇ ਕਿਉਂ ਜਾਣਾ ਸੀ? ਇਸ ਦਾ ਜੁਆਬ ਕਾਫੀ ਦਿਨਾਂ ਬਾਅਦ ਮੈਨੂੰ ਪਾਸ਼ ਨੇ ਇਹ ਦਿਤਾ ਕਿ ਉਹ ਅਮਿਤੋਜ ਨੂੰ ਕੁਝ ਕਹਿਣਾ ਚਾਹੁੰਦਾ ਸੀ, ਪਰ ਜਦੋਂ ਅਸੀਂ ਉਸਦਾ ਸਾਥ ਨਾ ਦਿੱਤਾ ਤਾਂ ਉਸਨੇ ਆਪਣਾ ਇਰਾਦਾ ਬਦਲ ਲਿਆ............

ਫਿਰ ਇਕ ਦਿਨ ਅਮਿਤੋਜ ਮੈਨੂੰ ਦੂਰਦਰਸ਼ਨ ਮਿਲਿਆ। ਇਕ ਨਵੇਂ ਰੰਗਾਰੰਗ ਪ੍ਰੋਗਰਾਮ ਦੀ ਰੂਪਰੇਖਾ ਲੈ ਕੇ। ਇਸ ਪ੍ਰੋਗਰਾਮ ਦਾ ਸਿਰਲੇਖ ਉਹ "ਕਾਲਿਆਂ ਬਾਗ਼ਾਂ ਦੀ ਮਹਿੰਦੀ" ਰੱਖਣਾ ਚਾਹੰਦਾ ਸੀ। ਮੈਂ ਚਾਹੁੰਦਿਆਂ ਹੋਇਆਂ ਵੀ ਦੂਰਦਰਸ਼ਨ ਉੱਤੇ ਉਸ ਦੇ ਸੁਪਨਿਆਂ ਦਾ ਇਹ ਨਵਾਂ ਪ੍ਰੋਗਰਾਮ ਸ਼ੁਰੂ ਨਾ ਕਰਵਾ ਸਕਿਆ।ਉਹ ਕਾਫ਼ੀ ਪ੍ਰੇਸ਼ਾਨ ਸੀ।

....... ਇਕ ਦਿਨ ਡਾਕ ਰਾਹੀਂ ਉਸ ਦੀ ਇਕ ਚਿੱਠੀ ਮਿਲੀ। ਜਿਹੜੀ ਉਸ ਨੇ ਚੰਡੀਗੜ੍ਹ ਤੋਂ ਮੈਨੂੰ ਪੋਸਟ ਕੀਤੀ ਸੀ।ਉਸ ਵਿੱਚ ਲਿਖਿਆ ਹੋਇਆ ਸੀ, ਮੈਂ ਤੇਰੇ ਲਈ ਕੁਝ ਸਕਰਪਿਟਸ ਲਿਖ ਰਿਹਾ ਹਾਂ। ਬਲਕਾਰ ਨੂੰ ਵੀ ਦੱਸ ਦੇਈਂ, ਉਸ ਦਾ ਕੰਮ ਵੀ ਜਲਦੀ ਕਰ ਦੇਵਾਂਗਾ।ਉਹ ਸਕਰਪਿਟਸ ਕੀ ਸਨ? ਬਲਕਾਰ ਦਾ ਕੀ ਕੰਮ ਸੀ? ਇਸ ਦਾ ਮੈਨੂੰ ਨਾ ਉਦੋਂ ਪਤਾ ਸੀ ਨਾ ਅੱਜ ਪਤਾ ਹੈ।

...ਫਿਰ ਉਸ ਦੇ ਬਹੁਤ ਬਿਮਾਰ ਰਹਿਣ ਦੀਆਂ ਖ਼ਬਰਾਂ ਆਉਣ ਲੱਗੀਆਂ। ਉਸ ਦੀਆਂ ਅੱਖਾਂ ਦੀ ਰੌਸ਼ਨੀ ਜਾ ਰਹੀ ਸੀ। ਉਸ ਦਾ ਤੁਰਨਾ ਫਿਰਨਾ ਜਾਂ ਕਿਸੇ ਨੂੰ ਮਿਲਣਾ-ਜੁਲਣਾ ਲਗਭਗ ਬੰਦ ਸੀ। ਇਕ ਬੇਬਾਕ ਆਵਾਜ਼ ਹੌਲੀ-ਹੌਲੀ ਖਾਮੋਸ਼ ਹੋ ਰਹੀ ਸੀ। ਇਨ੍ਹਾਂ ਦਿਨਾਂ ਵਿੱਚ ਹੀ ਦੂਰਦਰਸ਼ਨ ਦੇ ਇਕ ਨਿਰਮਾਤਾ ਨੇ, ਉਸ ਉੱਪਰ ਇਕ ਅਜਿਹਾ ਪ੍ਰੋਗਰਾਮ ਬਣਾਇਆ ਜਿਹੜਾ ਇਕ ਬੁਲੰਦ ਸ਼ਖ਼ਸੀਅਤ ਦੀ ਬੇਬਸੀ ਨੂੰ ਬਿਆਨ ਕਰਦਾ ਸੀ... ਤੇ ਫਿਰ ਉਹ ਬੁਲੰਦ ਸ਼ਖ਼ਸੀਅਤ ਸਾਡੀਆਂ ਅੱਖਾਂ ਤੋਂ ਓਝਲ ਹੋ ਗਈ।

ਇਸ ਖ਼ੂਬਸੂਰਤ ਪਰੀ ਕਥਾ ਦਾ ਆਗਾਜ਼ ਭੁਲੱਥ ਲਾਗਲੇ ਪਿੰਡ ਅਖਾੜਾ ਵਿੱਚ 3 ਜੂਨ, 1947 ਨੂੰ ਹੋਇਆ ਸੀ।ਆਪਣੇ ਭਰਾ ਅਸ਼ੋਕ ਨੂੰ ਖੇਤੀਬਾੜੀ ਦਾ ਸਾਰਾ ਕੰਮ ਸੰਭਾਲ ਕੇ ਉਹ ਭਟਕਣਾ ਦੇ ਰਾਹੀਂ ਤੁਰ ਪਿਆ ਸੀ, ਫੇਰ ਉਹ ਉਮਰ ਭਰ ਭਟਕਦਾ ਹੀ ਰਿਹਾ। ਇਸੇ ਭਟਕਣ ਨੇ ਹੀ ਉਸ ਨੂੰ ਅੰਤ ਨੂੰ ਅਨੰਤ ਸਫ਼ਰ ਉੱਤੇ ਤੋਰ ਦਿੱਤਾ। ਉਸ ਦੇ ਜਾਣ ਤੋਂ ਕੁਝ ਸਾਲਾਂ ਬਾਅਦ ਹੀ ਉਸ ਦੀ ਪਤਨੀ ਅੰਮ੍ਰਿਤਾ ਵੀ ਚਲੀ ਗਈ। ਉਸ ਦੀ ਧੀ ਲੋਰੀ

(ਸੁਖਮਨੀ) ਅਤੇ ਪੁੱਤਰ ਆਗੋਸ਼ ਉਸ ਦੇ ਵਾਰਿਸ ਹਨ...

ਸੁਖਮਨੀ ਨੇ ਕੁਝ ਸਮਾਂ ਦੂਰਦਰਸ਼ਨ 'ਤੇ ਐਂਕਰਿੰਗ ਕੀਤੀ ਪਰ ਪਰਿਵਾਰਕ ਮਜਬੂਰੀਆਂ ਕਾਰਨ ਉਹ ਇਸ ਨੂੰ ਜਾਰੀ ਨਾ ਰੱਖ ਸਕੀ।

ਹੁਣ ਜਦੋਂ ਮੈਂ ਉਸ ਦੀ ਸ਼ਖ਼ਸੀਅਤ, ਉਸ ਦੀ ਕਲਾਕਾਰੀ, ਉਸ ਦੀ ਬੇਬਾਕੀ ਅਤੇ ਉਸ ਦੀ ਕਵਿਤਾ ਨੂੰ ਨਿਹਾਰਦਾ ਹਾਂ ਤਾਂ ਮੇਰੇ ਸਾਹਮਣੇ ਪਈ ਹੈ, ਉਸ ਦੀ 'ਖਾਲੀ ਤਰਕਸ਼'। ਇਹ ਕਿਤਾਬ ਉਦੋਂ ਸੁਰਜੀਤ ਪਾਤਰ ਦੀ ਹਿੰਮਤ ਨਾਲ ਛਪੀ ਸੀ ਜਦੋਂ ਉਹ ਬਿਮਾਰ ਸੀ। ਸੁਰਜੀਤ ਪਾਤਰ ਦਾ ਕਹਿਣਾ ਹੈ ਕਿ ਇਸ ਕਿਤਾਬ ਦਾ ਛਪਣਾ ਇਸ ਕਰਕੇ ਵੀ ਜ਼ਰੂਰੀ ਸੀ ਕਿ ਅਮਿਤੋਜ ਦੀ ਕਵਿਤਾ ਤੋਂ ਬਿਨਾਂ ਨਵੀਂ ਪੰਜਾਬੀ ਕਵਿਤਾ ਦਾ ਇਤਿਹਾਸ ਅਧੂਰਾ ਹੈ। ਇਸ ਕਿਤਾਬ ਵਿੱਚ 'ਬੁੱਢਾ ਬੌਲਦ' ਪੜ੍ਹਦਾ ਪੜ੍ਹਦਾ ਮੈਂ ਫਿਰ ਪਿੱਛੇ ਪਰਤ ਜਾਂਦਾ ਹਾਂ ਅਤੇ ਉਸ ਦੀ ਕਵਿਤਾ "ਮੇਰਾ ਹੁਣ ਕੀ ਕਰੋਗੇ" ਉੱਤੇ ਠਹਿਰ ਜਾਂਦਾ ਹਾਂ। ਇਹ ਉਹੀ ਕਵਿਤਾ ਹੈ ਜਿਹੜੀ 'ਜਗ ਬਾਣੀ' ਵਾਲਾ ਮਨਜੀਤ ਜੌਹਲ ਆਪਣੇ ਕਾਲਜ ਦੇ ਦਿਨਾਂ ਵਿਚ ਕਵਿਤਾ ਮੁਕਾਬਲਿਆਂ ਵਿੱਚ ਸੁਣਾ ਕੇ ਇਨਾਮ ਜਿੱਤ ਲੈਂਦਾ ਸੀ। ਉਦੋਂ ਇਹ ਕਵਿਤਾ ਬੇਹੱਦ ਬੁਲੰਦ ਕਵਿਤਾ ਲੱਗਦੀ ਸੀ। ਜਦੋਂ ਇਹ ਕਵਿਤਾ ਅਮਿਤੋਜ ਆਪ ਸੁਣਾਉਂਦਾ ਤਾਂ ਪੂਰੇ ਜਲੌਅ ਵਿੱਚ ਹੁੰਦਾ ਸੀ।....ਪਰ ਹੁਣ ਇਹ ਕਵਿਤਾ ਵੀ ਬੇਬੱਸ ਨਜ਼ਰ ਆਉਂਦੀ ਹੈ। ਉਦੋਂ ਇਸ ਕਵਿਤਾ ਦੀਆਂ ਇਨ੍ਹਾਂ ਸਤਰਾਂ ਉੱਤੇ ਧਿਆਨ ਨਹੀਂ ਸੀ ਜਾਂਦਾ, ਪਰ ਹੁਣ ਮੈਂ ਇਨ੍ਹਾਂ ਸਤਰਾਂ ਉੱਤੇ ਠਹਿਰ ਗਿਆ ਹਾਂ :-

"ਆਪਣੇ ਸਾਥੀਆਂ ਵਾਂਗ
ਬਹੁਤ ਦੇਰ
ਮੈਂ ਵੀ ਇਹੀ ਸੋਚਦਾ ਰਿਹਾ
ਕਿ ਮੇਰੀ ਤਲੀ 'ਤੇ ਮੇਰਾ ਸਿਰ ਹੈ
ਜਦ ਇਹ ਪਤਾ ਲੱਗਾ
ਕਿ ਮੇਰੀ ਤਲੀ 'ਤੇ ਮੇਰਾ ਸਿਰ ਨਹੀਂ
ਮੇਰੀ ਕਬਰ ਹੈ
ਤੇ ਮੈਂ ਆਪਣੀ
ਪੂਰੀ ਆਵਾਜ਼ ਵਿਚ ਕੂਕਿਆ
...ਮੇਰਾ ਹੁਣ ਕੀ ਕਰੋਗੇ?

ਮੈਂ ਤਾਂ ਆਪਣੀਆਂ
ਖਿਲਰੀਆਂ ਹੋਈਆਂ ਬਾਹਾਂ ਵਿੱਚ
ਇਕ ਸਬੂਤਾ ਪਾਗਲਪਨ ਹਾਂ

... ... ... ... ... ... ... ...

... ... ... ... ... ... ... ...

ਬਹੁਤ ਦੇਰ ਮੈਂ ਵੀ
ਆਪਣੇ ਸਾਥੀਆਂ ਵਾਂਗ
ਇਹ ਹੀ ਸੋਚਦਾ ਰਿਹਾ
ਕਿ ਮੇਰੇ ਪਾਸ ਤਾਂ ਕਵਿਤਾ ਦਾ ਹਥਿਆਰ ਹੈ
ਪਰ ਜਦ ਇਹ ਪਤਾ ਲੱਗਾ
ਕਿ ਕਵਿਤਾ ਨਾਲ ਸਿਰਫ਼ ਖ਼ੁਦਕੁਸ਼ੀ ਕੀਤੀ ਜਾ ਸਕਦੀ ਹੈ
ਤਾਂ ਮੈਂ ਆਪਣੀ ਪੂਰੀ ਆਵਾਜ਼ ਵਿੱਚ ਕੂਕਿਆ
ਮੇਰਾ ਹੁਣ ਕੀ ਕਰੋਗੇ
ਮੈਂ ਤਾਂ ਆਪਣੀ ਖਿੱਲਰੀਆਂ ਹੋਈਆਂ ਬਾਹਾਂ ਦੇ ਵਿੱਚ
ਇਕ ਸਬੂਤਾ ਪਾਗਲਪਨ ਹਾਂ"

ਆਪਣੇ ਦੋਸਤਾਂ, ਆਪਣੇ ਦੁਸ਼ਮਣਾਂ, ਆਪਣੇ ਪਾਠਕਾਂ, ਆਪਣੇ ਸਰੋਤਿਆਂ ਅਤੇ ਆਪਣੇ ਦਰਸ਼ਕਾਂ ਨਾਲ ਸ਼ਬਦ-ਬਾਣਾਂ ਨਾਲ ਭਰਪੂਰ ਅਤੇ ਰੌਚਿਕ ਲੀਲ੍ਹਾ ਰਚਾਉਣ ਵਾਲੇ ਅਮਿਤੋਜਾਂ ਦਾ ਆਪਣਾ 'ਤਰਕਸ਼' ਆਖ਼ਰਕਾਰ 'ਖ਼ਾਲੀ' ਹੀ ਕਿਉਂ ਰਹਿੰਦਾ ਹੈ? ਇਸ ਦਾ ਜੁਆਬ ਮੇਰੇ ਕੋਲ ਨਹੀਂ ਹੈ।

ਅਮਿਤੋਜ ਵਰਗੀਆਂ ਸ਼ਖ਼ਸੀਅਤਾਂ ਸਾਡੇ ਸਮਾਜ ਦਾ ਹਾਸਿਲ ਹੁੰਦੀਆਂ ਹਨ, ਜਿਹੜੀਆਂ ਆਪਣੇ ਐਬਾਂ ਅਤੇ ਗੁਣਾਂ ਵਿਚਕਾਰ ਤਾਲਮੇਲ ਬਿਠਾਉਣ ਦਾ ਯਤਨ ਕਰਦਿਆਂ ਹੀ, ਵੇਲਾ ਵਿਹਾ ਜਾਂਦੀਆਂ ਹਨ। ਇਸ ਵਿੱਚ ਸਮਾਜ-ਸੱਭਿਆਚਾਰ ਦਾ ਕਿੰਨਾ ਕਸੂਰ ਹੁੰਦਾ ਹੈ? ਅਤੇ ਵਿਅਕਤੀ ਕਿੱਥੋਂ ਤੱਕ ਜ਼ਿੰਮੇਵਾਰ ਹੁੰਦਾ ਹੈ? ਇਸ ਦਾ ਜੁਆਬ ਵੀ... ਮੇਰੇ ਕੋਲ ਨਹੀਂ ਹੈ।

...ਪਰ ਉਸ ਨੂੰ ਪਤਾ ਸੀ ਕਿ ਉਸ ਬਾਰੇ ਪੈਦਾ ਹੋਣ ਵਾਲੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਕਿਸੇ ਕੋਲ ਵੀ ਨਹੀਂ ਹੋਣਗੇ। ਇਸ ਲਈ ਉਸ ਨੇ ਆਖਰੀ ਦਿਨਾਂ ਵਿੱਚ ਇਕ ਹੋਰ

ਕਵਿਤਾ ਲਿਖੀ ਸੀ ਜੋ 'ਖਾਲੀ ਤਰਕਸ਼' ਵਿੱਚ ਵੀ ਨਹੀਂ ਸਮਾਈ ਸੀ। ਇਹ ਕਵਿਤਾ ਬਾਅਦ ਵਿੱਚ ਲੱਭੀ। ਜਿਸ ਨੂੰ ਸੁਰਜੀਤ ਪਾਤਰ ਨੇ ਹੀ ਸਾਹਮਣੇ ਲਿਆਂਦਾ। ਇਸ ਕਵਿਤਾ ਤੋਂ ਬਿਨਾਂ ਅਮਿਤੋਜ ਨੂੰ ਜਾਣਨਾ ਅਧੂਰਾ ਹੈ।

**ਮੈਂ ਕਿ ਜੋ ਅਮਿਤੋਜ ਨਹੀਂ ਹਾਂ**

ਅਮਿਤੋਜ
ਮੈਂ ਕਿ ਜੋ ਅਮਿਤੋਜ ਨਹੀਂ ਹਾਂ
ਅਮਿਤੋਜ ਦੀਆਂ ਸਾਰੀਆਂ ਲਿਖੀਆਂ-ਅਣਲਿਖੀਆਂ
ਨਜ਼ਮਾਂ ਦਾ ਉਨਵਾਨ ਹਾਂ
ਮੈਂ ਉਸ ਦੇ ਦੁਸ਼ਮਣਾਂ ਦੇ ਹੱਥੀਂ ਛਲਕਿਆ
ਪਹਿਲੇ ਤੋੜ ਦੀ ਦਾਰੂ ਹਾਂ
ਨੱਕੋ-ਨੱਕ ਭਰਿਆ ਜਾਮ ਹਾਂ

ਉਂਜ ਤਾਂ ਮੈਂ ਵੀ ਅਮਿਤੋਜ ਵਾਂਗ
ਬਹੁਤ ਕੁਝ ਜਾਣਦਾ ਹਾਂ
ਮਸਲਨ:
ਸੇਂਜੀਆਂ ਨੂੰ ਕਮਾਨ ਤੇ ਕਮਾਨ ਨੂੰ
ਕਟਾਰ ਬਣਾਉਣੀ ਜਾਣਦਾ ਹਾਂ
ਕਾਲੇ ਬੋਲੇ ਬੱਦਲਾਂ ਸਾਹਵੇਂ ਮੋਰ ਬਣਿਆਂ
ਨਿੱਤਰੇ ਹੋਏ ਕੱਦੂ 'ਚ
ਪਨੀਰੀ ਦੀਆਂ ਪਿੜੀਆਂ ਪਾਉਣੀਆਂ ਜਾਣਦਾ ਹਾਂ
ਸ਼ਲੇਰੂਆਂ ਦੀਆਂ ਨਾਸਾਂ 'ਤੇ ਬੈਠੀ
ਸਣ ਦੀ ਪੀਲੀ ਮਹਿਕ ਉਡਾਉਣੀ ਜਾਣਦਾ ਹਾਂ
ਹੀਰ ਗਾਉਣੀ ਜਾਣਦਾ ਹਾਂ
ਦਾਰੂ ਬਣਾਉਣੀ ਜਾਣਦਾ ਹਾਂ
ਨਹੀਂ ਜਾਣਦਾ ਤਾਂ

ਅਮਿਤੋਜ ਵਾਂਗ
ਮਿੱਟੀ 'ਚੋਂ ਮਹਿਕ ਉਗਾਉਣੀ ਨਹੀਂ ਜਾਣਦਾ
ਮਹਿਕ ਤੋਂ ਨਜ਼ਮ ਬਣਾਉਣੀ ਨਹੀਂ ਜਾਣਦਾ
ਤੇ ਨਜ਼ਮ ਦੀ ਪਰਵਾਜ਼ ਲਾਉਣੀ ਨਹੀਂ ਜਾਣਦਾ
ਨਹੀਂ ਜਾਣਦਾ ਤਾਂ
ਅਮਿਤੋਜ ਵਾਂਗ
ਪੈਰਾਂ ਦੀਆਂ ਬਿਆਈਆਂ ਨੂੰ
ਮੌਰਾਂ ਦੀਆਂ ਧਿਲਾਈਆਂ ਨਾਲ ਸੀਣਾ
ਅਣਸਿਰਜੀਆਂ ਧਰਤੀਆਂ ਕਛਣਾ ਨਹੀਂ ਜਾਣਦਾ
ਨੀਲੇ ਸਮੁੰਦਰਾਂ ਦੀ ਤਹਿ 'ਚ ਵਸਦੀਆਂ
ਵੀਰਾਨ/ਬੇਜਾਨ ਬਸਤੀਆਂ 'ਚ ਨੱਚਣਾ ਨਹੀਂ ਜਾਣਦਾ

ਨਹੀਂ ਜਾਣਦਾ ਤਾਂ ਉਸ ਵਾਂਗ
ਸਾਰੀ ਰਾਤ ਅੱਖਾਂ 'ਚ ਲੰਘਾਉਣੀ ਨਹੀਂ ਜਾਣਦਾ
ਆਪਣੇ ਆਪ ਨਾਲ ਆਪ ਹੀ ਕੋਈ ਬਾਤ ਪਾਉਣੀ
ਨਹੀਂ ਜਾਣਦਾ

ਉਂਜ ਤਾਂ ਮੇਰੀ ਖੱਬੀ ਗੱਲ੍ਹ 'ਤੇ ਵੀ
ਉਸ ਦੇ ਵਰਗਾ ਹੀ ਇਕ ਤਿਲ ਹੈ
ਪਰ ਉਸ ਦਾ ਤਿਲ ਤਾਂ ਉਸ ਦੇ ਚਿਹਰੇ 'ਤੇ
ਖੁਣਿਆ ਹੈ ਉਸ ਦਾ ਇਕ ਸਿਰਨਾਵਾਂ
ਮੇਰਾ ਤਿਲ ਤਾਂ ਉਸ ਦੇ ਤਿਲ ਦਾ ਹੈ ਪਰਛਾਵਾਂ
ਇਹ ਗੱਲ ਮੈਂ ਕਿੰਜ ਸਮਝਾਵਾਂ
ਕੀਕਣ ਮੈਂ ਅਮਿਤੋਜ ਬਣਾਵਾਂ?

••

# ਪ੍ਰੇਮ ਗੋਰਖੀ



(15 ਜੂਨ, 1947 — 25 ਅਪ੍ਰੈਲ, 2021)

# ਸਦਾ ਹਾਜ਼ਰ ‘ਗ਼ੈਰ ਹਾਜ਼ਰ ਆਦਮੀ’

ਸਾਦਗੀ ਭਰੀ ਸਾਊ ਅਤੇ ਸ਼ਾਂਤ ਸ਼ਖ਼ਸੀਅਤ ਦਾ ਨਾਂਅ ਸੀ ਪ੍ਰੇਮ ਗੋਰਖੀ। ਜਿਸ ਨੇ ਇਕ ਦਲਿਤ ਪਰਿਵਾਰ ਵਿਚ ਜਨਮ ਲਿਆ ਅਤੇ ਸੁਰਤ ਸੰਭਾਲਦਿਆਂ ਹੀ ਆਪਣੇ ਨਾਂਅ ਨਾਲ ‘ਨਿਮਾਣਾ’ ਤਖ਼ਲਸ ਜੋੜ ਲਿਆ। ਉਸ ਨੂੰ ਸਾਹਿਤ ਦੀ ਚੇਟਕ ਖ਼ਾਲਸਾ ਕਾਲਜ ਜਲੰਧਰ ਦੀ ਲਾਇਬ੍ਰੇਰੀ ਵਿਚ ਨੌਕਰੀ ਕਰਦਿਆਂ ਲੱਗੀ ਪਰ ਇਨ੍ਹਾਂ ਦਿਨਾਂ ਵਿਚ ਹੀ ਉਹ ਕੁਝ ਅਜਿਹੀਆਂ ਪ੍ਰਸਥਿਤੀਆਂ ਦਾ ਸ਼ਿਕਾਰ ਹੋ ਗਿਆ ਕਿ ਉਸ ਨੂੰ ਅਦਾਲਤਾਂ ਦੀ ਖੱਜਲ ਖੁਆਰੀ ਝੱਲਣੀ ਪਈ। ਉਸ ਦੀ ਸ਼ਖ਼ਸੀਅਤ ਦੇ ਲੇਖਕੀ-ਕਣ ਨੇ ਉਸ ਨੂੰ ਅੰਮ੍ਰਿਤਾ ਪ੍ਰੀਤਮ ਤੱਕ ਪਹੁੰਚਾ ਦਿੱਤਾ, ਜਿਸ ਦੀ ਮਦਦ ਨਾਲ ਉਹ ਆਪਣੀ ਜ਼ਿੰਦਗੀ ਦੀਆਂ ਉਨ੍ਹਾਂ ਲੀਹਾਂ ਉੱਤੇ ਮੁੜ ਤੁਰਨ ਵਿਚ ਸਫਲ ਹੋ ਗਿਆ, ਜਿਹੜੀਆਂ ਇਕ ਸਿਰਜਣਾਤਮਿਕ ਸ਼ਖ਼ਸੀਅਤ ਨੂੰ ਉਡੀਕ ਰਹੀਆਂ ਸਨ।

ਆਪਣੇ ਪਹਿਲੇ ਕਹਾਣੀ ਸੰਗ੍ਰਹਿ ‘ਮਿੱਟੀ ਰੰਗੇ ਲੋਕ’ ਨਾਲ ਹੀ ਕਹਾਣੀ ਰਸੀਆਂ ਦਾ ਧਿਆਨ ਆਪਣੇ ਵਲ ਖਿੱਚਣ ਵਾਲਾ ਇਹ ਲੇਖਕ ‘ਨਿਮਾਣਾ’ ਤੋਂ ਹੁਣ ਗੋਰਖੀ ਬਣ ਚੁੱਕਾ ਸੀ। ਵੱਡੇ-ਵੱਡੇ ਚੌੜੇ ਹੱਥਾਂ, ਚਿੱਟੇ ਨੌਹਾਂ ਅਤੇ ਮੋਟੀਆਂ ਅੱਖਾਂ ਵਾਲਾ ਗੋਰਖੀ, ਆਪਣੇ ਸਡੌਲ ਸਰੀਰ ਕਰਕੇ ਵੇਖਣ ਵਾਲਿਆਂ ਨੂੰ ਲੇਖਕ ਨਾਲੋਂ ਵਧੇਰੇ ਖਿਡਾਰੀ ਦਿਸਦਾ ਸੀ। ਵਧੀਆ ਅਤੇ ਵੰਨ-ਸੁਵੰਨੇ ਰੰਗਾਂ ਵਾਲੀਆਂ ਪੱਗਾਂ ਬੰਨ੍ਹਣ ਦਾ ਸ਼ੌਕੀਨ ਗੋਰਖੀ ਅਤਿ ਗ਼ਰੀਬ ਕਾਮੇ ਅਰਜਨ ਦਾਸ ਅਤੇ ਮਾਤਾ ਰੱਖੀ ਦੇ ਘਰ 15 ਜੂਨ 1947 ਨੂੰ ਜ਼ਿਲ੍ਹਾ ਕਪੂਰਥਲਾ ਦੀ ਫਗਵਾੜਾ ਤਹਿਸੀਲ ਦੇ ਪਿੰਡ ਬੋਹਾਨੀ (ਉਸ ਦੇ ਨਾਨਕੇ) ਵਿਚ ਜਨਮਿਆ ਸੀ। ਜਲੰਧਰ ਵਿਖੇ ਲਾਡੋਵਾਲੀ ਰੋਡ ਦਾ ਇਕ ਨਿੱਕਾ ਜਿਹਾ ਮਕਾਨ ਉਸ ਦਾ ਜੱਦੀ ਘਰ ਸੀ।

ਉਸ ਦੀ ਪਹਿਲੀ ਕਿਤਾਬ ‘ਮਿੱਟੀ ਰੰਗੇ ਲੋਕ’ ਗੁਰਸ਼ਰਨ ਭਾਜੀ ਨੇ ਛਾਪੀ ਸੀ ਅਤੇ ਇਸ ਵਿਚਲੀਆਂ ਕਹਾਣੀਆਂ ਨੂੰ ਅਮਰਜੀਤ ਚੰਦਨ ਨੇ ਗੁਰਸ਼ਰਨ ਭਾਜੀ ਤੱਕ ਪਹੁੰਚਾਇਆ ਸੀ। ਗੋਰਖੀ ਦੇ ਦੱਸਣ ਅਨੁਸਾਰ ਉਸ ਨੂੰ ਤਾਂ ਕਿਤਾਬ ਛਪੀ ’ਤੇ ਹੀ ਪਤਾ ਲੱਗਾ ਸੀ। ...ਤੇ ਫੇਰ ਬਰਜਿੰਦਰ ਸਿੰਘ ਹਮਦਰਦ ਦੇ ਸਾਹਿਤਕ ਮਾਸਿਕ ਪਰਚੇ ‘ਦ੍ਰਿਸ਼ਟੀ’ ਵਿਚ ਛਪੇ ਉਸ ਦੇ ਨਾਵਲਿਟ “ਤਿੱਤਰ ਖੰਭੀ ਜੂਹ” ਨੇ ਉਸ ਨੂੰ ਇਕ ਸਮਰੱਥ ਗਲਪ ਲੇਖਕ ਵਜੋਂ ਪਛਾਣ ਦਿੱਤੀ ਅਤੇ ਉਹ ਇਕ ਚਰਚਿਤ ਲੇਖਕ ਬਣ ਗਿਆ। ਇਕ ਤੋਂ ਬਾਅਦ ਇਕ ਕਹਾਣੀਆਂ ਅਤੇ ਨਾਵਲਿਟ ਲਿਖਣ ਦੇ ਨਾਲ-ਨਾਲ ਉਹ ਹਿੰਦੀ ਗਲਪ ਸਾਹਿਤ ਵਿਚ

ਚੱਲੀ 'ਸਮਾਨੰਤਰ ਕਹਾਣੀ ਲਹਿਰ' ਤੋਂ ਪ੍ਰਭਾਵਿਤ ਹੋ ਕੇ ਪੰਜਾਬੀ ਵਿਚ 'ਸਾਮਾਨੰਤਰ ਕਹਾਣੀ ਲਹਿਰ' ਚਲਾਉਣ ਵਿਚ ਜੁੱਟ ਗਿਆ। 'ਦੀਵਾ ਬਲੇ ਸਾਰੀ ਰਾਤ' ਸਿਰਲੇਖ ਹੇਠ ਕਹਾਣੀ ਦਰਬਾਰਾਂ/ਗੋਸ਼ਟੀਆਂ ਦੀ ਲੜੀ ਚਲਾਉਣ ਵਿਚ, ਉਸ ਦੇ ਸਮਕਾਲੀ ਕਿਰਪਾਲ ਕਜ਼ਾਕ, ਦਲਬੀਰ ਚੇਤਨ ਅਤੇ ਮੁਖ਼ਤਾਰ ਗਿੱਲ ਦਾ ਸਾਥ ਵੀ ਵਡਮੁੱਲਾ ਸੀ।

ਇਨ੍ਹਾਂ ਦਿਨਾਂ ਵਿਚ ਹੀ ਉਸ ਦੀ ਮੁਲਾਕਾਤ ਮੇਰੇ ਨਾਲ ਹੋਈ। ਮੈਂ ਅਜੇ ਜੰਡਿਆਲਾ ਕਾਲਜ ਦਾ ਵਿਦਿਆਰਥੀ ਸਾਂ। ਮੇਰੇ ਪਿੰਡ ਦੇ ਲਾਗਲੇ ਪਿੰਡ ਬੁੰਡਾਲਾ ਵਿਚ ਪੰਜਾਬੀ ਪੜ੍ਹਾਉਣ ਵਾਲੇ ਪੰਜਾਬੀ ਕਵੀ ਤ੍ਰਿਲੋਕ ਕਾਲੜਾ ਕੋਲ ਉਹ ਅਕਸਰ ਆਉਂਦਾ। ਕਾਲੜਾ ਮੇਰੇ ਪਿੰਡ ਵਿਚ ਹੀ ਰਹਿੰਦਾ ਸੀ। ਗੋਰਖੀ ਉਸ ਕੋਲੋਂ ਗਿਆਨੀ ਦਾ ਇਮਤਿਹਾਨ ਦੇਣ ਲਈ ਪੜ੍ਹਨ ਆਉਂਦਾ ਤਾਂ ਮੇਰੀ ਮੁਲਾਕਾਤ ਅਕਸਰ ਹੋ ਜਾਂਦੀ। ਫੇਰ ਸਾਡੀ ਵਾਕਫ਼ੀਅਤ ਦੋਸਤੀ ਵਿਚ ਬਦਲ ਗਈ ਤਾਂ ਉਹ ਕਦੇ-ਕਦੇ ਮੇਰੇ ਪਿੰਡ ਮੇਰੇ ਘਰ ਰੁਕਣਾ ਸ਼ੁਰੂ ਹੋ ਗਿਆ। ਦੇਰ ਰਾਤ ਤੱਕ ਅਸੀਂ ਪੰਜਾਬੀ ਸਾਹਿਤਕਾਰਾਂ ਬਾਰੇ, ਸਾਹਿਤ ਬਾਰੇ ਤੇ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਬਾਰੇ ਗੱਲਾਂ ਕਰਦੇ । ਉਹ ਮੈਨੂੰ ਜ਼ਿੰਦਗੀ ਵਿੱਚ ਵਿਚਰਨ ਦੀਆਂ ਬਰੀਕੀਆਂ ਸਮਝਾਉਂਦਾ। ਵੱਡੇ ਸਾਹਿਤਕਾਰਾਂ ਦੀਆਂ ਛੋਟੀਆਂ ਹਰਕਤਾਂ ਦੇ ਬਿਰਤਾਂਤ ਸੁਣਾਉਂਦਿਆਂ ਸੁਣਾਉਂਦਿਆਂ ਉਹ ਸੌਂ ਜਾਂਦਾ। ਸਵੇਰੇ ਉਠਦਾ ਕਈ ਤਰਾਂ ਦੀਆਂ ਨਸੀਹਤਾਂ ਦਿੰਦਾ ....

... ਤੇ ਫੇਰ ਮੈਂ ਉਸਦੀ ਪ੍ਰੇਰਨਾ ਨਾਲ 'ਦੀਵਾ ਬਲੇ ਸਾਰੀ ਰਾਤ' ਦੇ ਕਹਾਣੀ ਦਰਬਾਰਾਂ ਵਿਚ ਵੀ ਇਕ ਸਰੋਤੇ ਵਜੋਂ ਜਾਣ ਲੱਗ ਪਿਆ। ਕਦੇ ਗੜ੍ਹੇ, ਕਦੇ ਸੈਨਿਕ ਰੈਸਟ ਹਾਊਸ ਜਲੰਧਰ, ਕਦੇ ਚਹੇੜੂ, ਕਦੇ ਫਗਵਾੜੇ ਤੇ ਕਦੇ ਬਿਆਸ... ਸਾਰਾ ਦੁਆਬਾ ਕਹਾਣੀਮਈ ਹੋਇਆ ਦਿਸਦਾ ਸੀ। ਮਾਝੇ ਅਤੇ ਮਾਲਵੇ ਤੱਕ ਵੀ ਪੈਰ ਪਸਾਰ ਰਹੀ ਇਹ ਕਹਾਣੀ-ਦਰਾਬਾਂਰਾਂ/ਗੋਸ਼ਟੀਆਂ ਦੀ ਲੜੀ ਇਕ ਅਦਭੁਤ ਗਲਪ-ਸੱਭਿਆਚਾਰ ਦੀ ਉਸਾਰੀ ਵਿਚ ਜੁੱਟੀ ਹੋਈ ਸੀ। ਇਨ੍ਹਾਂ ਗੋਸ਼ਟੀਆਂ ਵਿਚ ਹੀ ਮੈਂ ਡਾਕਟਰ ਤੇਜਵੰਤ ਮਾਨ, ਚਰਨਜੀਤ ਚੰਨੀ, ਕਸ਼ਮੀਰ ਪੰਨੂੰ, ਵਰਿਆਮ ਸੰਧੂ, ਸੁਰਿੰਦਰ ਰਾਮਪੁਰੀ, ਅਤਰਜੀਤ ਆਦਿ ਕਹਾਣੀ ਲੇਖਕਾਂ ਨੂੰ ਪਹਿਲੀ ਵਾਰ ਵੇਖਿਆ। ਆਪ ਮੈਂ ਨਾ ਕਹਾਣੀ ਲਿਖਦਾ ਸਾਂ ਅਤੇ ਨਾ ਕਹਾਣੀ ਆਲੋਚਕ ਸਾਂ, ਪਰ ਕਹਾਣੀਆਂ ਸੁਣਨ ਅਤੇ ਬਹਿਸਾਂ ਮਾਣਨ ਦਾ ਮੈਨੂੰ ਅਜਿਹਾ ਸਵਾਦ ਪੈ ਗਿਆ ਸੀ ਕਿ ਮੈਂ ਗੋਰਖੀ ਨੂੰ ਹਰ ਅਗਲੀ ਕਹਾਣੀ ਗੋਸ਼ਟੀ ਬਾਰੇ ਪੁੱਛਦਾ ਰਹਿੰਦਾ ਤੇ ਜਦੋਂ ਕਿਤੇ ਜਲੰਧਰ ਦੇ ਨੇੜੇ ਤੇੜੇ ਹੁੰਦੀ ਤਾਂ ਜਾ ਹਾਜ਼ਰ ਹੁੰਦਾ।

ਇਸ ਦੇਸ਼ ਵਿਚ ਲੱਗੀ ਐਮਰਜੈਂਸੀ ਦੌਰਾਨ ਮੇਰੇ ਪਿਤਾ ਜੀ ਦੀ ਨੌਕਰੀ ਖੁਸ ਗਈ।ਮੈਂ ਪੜ੍ਹਾਈ ਵਿੱਚ ਛੱਡ ਕੇ 25 ਸਤੰਬਰ 1976 ਨੂੰ 'ਨਵਾਂ ਜ਼ਮਾਨਾ' ਅਖ਼ਬਾਰ ਦੀ

ਮੇਜ਼ ਉੱਤੇ ਉਪ-ਸੰਪਾਦਕ ਵਜੋਂ ਨੌਕਰੀ ਕਰ ਲਈ। ਪ੍ਰੇਮ ਗੋਰਖੀ 'ਅਜੀਤ' ਵਿਚ ਸੀ। ਅਸੀਂ ਅਕਸਰ ਮਿਲਦੇ। ਮੈਂ ਉਸ ਦੇ ਲਾਡੋਵਾਲੀ ਰੋਡ ਵਾਲੇ ਘਰ ਕਦੇ-ਕਦੇ ਰੁਕ ਜਾਂਦਾ। ਜਿਥੇ ਹੁਣ ਬੀ.ਐਸ.ਐਫ. ਕੰਪਲੈਕਸ ਹੈ। ਇਥੇ ਖੁਲ੍ਹੇ ਖੇਤਾਂ ਵਿਚ ਅਸੀਂ ਝੋਨੇ ਦੀਆਂ ਵੱਟਾਂ/ਆਡਾਂ ਵਿਚ ਸਵੇਰ ਦੀ ਸੈਰ ਕਰਦੇ। ਉਹ ਮੈਨੂੰ ਅਜੇ ਲਿਖੀਆਂ ਜਾਣ ਵਾਲੀਆਂ ਕਹਾਣੀਆਂ ਸੁਣਾਉਂਦਾ ।ਮੇਰੀ ਰਾਏ ਪੁੱਛਦਾ..ਇਹ ਸਿਲਸਿਲਾ ਬਹੁਤ ਆਮ ਹੋ ਗਿਆ ਸੀ ।ਅਸੀਂ ਆਪੋ ਆਪਣੇ ਦਫਤਰ ਚਲੇ ਜਾਂਦੇ ਪਰ ਦੁਪਹਿਰ ਦੇ ਖਾਣੇ ਵੇਲੇ ਸਮਾਂ ਕੱਢ ਕੇ ਉਹ 'ਅਜੀਤ' ਦੀਆਂ ਪੌੜੀਆਂ ਉਤਰ ਕੇ ਅਕਸਰ 'ਨਵਾਂ ਜ਼ਮਾਨਾ' ਦੀਆਂ ਪੌੜੀਆਂ ਚੜ੍ਹ ਆਉਂਦਾ ।ਜ਼ੀਰਵੀ ਸਾਹਿਬ ਦੀਆਂ ਗੱਲਾਂ ਦਾ ਆਨੰਦ ਮਾਣ ਕੇ, ਉਹ ਵਾਪਸ ਡਿਊਟੀ ਤੇ ਪਰਤ ਜਾਂਦਾ......

ਇਕ ਦਿਨ ਸਵੇਰੇ ਸਵੇਰੇ ਉਸਨੇ ਮੈਨੂੰ ਕਿਹਾ ' ਅੱਜ ਅੱਧੇ ਦਿਨ ਦੀ ਛੁੱਟੀ ਲੈ ਲਈਂ ਆਪਾਂ ਜੇਲ੍ਹ ਚਲਣੈ। ਮੇਰੇ ਬੋਲਣ ਤੋਂ ਪਹਿਲਾਂ ਹੀ ਕਹਿੰਦਾ "ਘਬਰਾ ਨਾ ਕਿਸੇ ਨੂੰ ਮਿਲਣ ਜਾਣੈ"। ਮੈਂ ਸੋਚਿਆ ਕਿਸੇ ਕੈਦੀ ਨਾਲ ਮੁਲਾਕਾਤ ਕਰਨੀ ਹੋਵੇਗੀ। ਦੁਪਹਿਰ ਨੂੰ ਤੁਰਨ ਲਈ ਸਾਈਕਲ ਤਿਆਰ ਕਰਦਿਆਂ ਕਹਿਣ ਲੱਗਿਆ "ਤਬਦੀਲ ਹੋ ਕੇ ਆਇਆ ਜਲੰਧਰ ਜੇਲ੍ਹ ਦਾ ਨਵਾਂ ਜੇਲ੍ਹਰ ਐੱਸ. ਕੇ. ਰਾਮਪਾਲ ਉਰਦੂ ਦਾ ਲੇਖਕ ਹੈ ਅਤੇ ਮੇਰੀਆਂ ਕਹਾਣੀਆਂ ਦਾ ਉਪਾਸ਼ਕ ਹੈ, ਆਪਾਂ ਉਸਨੂੰ ਮਿਲਣ ਚੱਲੇ ਹਾਂ"...

ਅਸੀਂ ਕੇਂਦਰੀ ਜੇਲ੍ਹ ਜਲੰਧਰ ਦੇ ਮੁੱਖ ਗੇਟ ਤੇ ਪਹੁੰਚ ਕੇ ਆਪਣੇ ਸਾਈਕਲ ਇਕ ਪਾਸੇ ਕੰਧ ਨਾਲ ਲਗਾਉਣ ਹੀ ਲੱਗੇ ਸਾਂ ਕਿ ਸੰਤਰੀ ਨੇ ਇਸ਼ਾਰੇ ਨਾਲ ਸਾਨੂੰ ਰੋਕ ਦਿੱਤਾ। ਗੋਰਖੀ ਸਾਈਕਲ ਉਥੇ ਹੀ ਛੱਡ ਕੇ ਉਸ ਦੇ ਕੋਲ ਗਿਆ। ਆਉਣ ਦਾ ਮਕਸਦ ਦੱਸਿਆ ਤਾਂ ਠਾਹ ਕਰਦਾ ਸਲੂਟ ਵੱਜਿਆ। ਗੋਰਖੀ ਨੇ ਮੈਨੂੰ ਆਉਣ ਦਾ ਇਸ਼ਾਰਾ ਕੀਤਾ। ਸੰਤਰੀ ਨੇ ਗੇਟ ਖੋਲਿਆ ।ਅੰਦਰ ਵਾਲੇ ਸਿਪਾਹੀ ਨੂੰ ਸਾਡੇ ਬਾਰੇ ਦੱਸਿਆ ਤੇ ਉਹ ਸਾਨੂੰ ਜੇਲ੍ਹਰ ਦੇ ਦਫ਼ਤਰ ਵਿੱਚ ਲੈ ਗਿਆ। ਜੇਲ੍ਹਰ ਦਫਤਰ ਵਿੱਚ ਨਹੀਂ ਸੀ। ਰਾਊਂਡ ਤੇ ਗਿਆ ਹੋਇਆ ਸੀ। ਪੀ ਏ ਨੇ ਕਿਹਾ "ਬੈਠੋ, ਪੰਦਰਾਂ ਕੁ ਮਿੰਟਾਂ ਵਿਚ ਆ ਜਾਣਗੇ..... ਬੈਠਦਿਆਂ ਹੀ ਮੇਰੀ ਸੋਚ ਪੰਜ ਕੁ ਸਾਲ ਪਿਛੇ ਪਰਤੀ। ਸੰਨ 1972 ਵਿੱਚ ਮੈਂ ਦੋ ਵਾਰ ਇਸ ਜੇਲ੍ਹ ਦੀਆਂ ਰੋਟੀਆਂ ਖਾ ਚੁੱਕਿਆ ਸਾਂ। ਪਹਿਲਾਂ ਕਿਸਾਨ ਸਭਾ ਵਲੋਂ ਕੀਤੇ ਗਏ ਬੈਂਕ ਘਿਰਾਓ ਅੰਦੋਲਨ ਸਮੇਂ ਪੰਜ ਦਿਨ ਅਤੇ ਫੇਰ ਮੋਗਾ ਕਾਂਡ ਵੇਲੇ ਹੋਈ ਗ੍ਰਿਫਤਾਰੀ ਸਮੇਂ 19 ਦਿਨ ਸਾਨੂੰ ਇਸ ਜੇਲ੍ਹ ਵਿੱਚ ਹੀ ਰਖਿਆ ਗਿਆ ਸੀ। ਪਰ ਅੱਜ ਦਾ ਆਉਣਾ ਅਜੀਬ ਸਕੂਨ ਦੇ ਰਿਹਾ ਸੀ। ਉਦੋਂ ਅਸੀਂ ਰਾਜਨੀਤਕ ਕੈਦੀ ਸਾਂ, ਸ਼ਨਾਖ਼ਤੀ ਪਰੇਡ ਕਰਾ ਕੇ, ਪਹਿਲੀ ਵਾਰ ਬੈਰਕਾਂ ਵਿੱਚ ਡੱਕੇ ਗਏ ਸਾਂ ਅਤੇ ਦੂਸਰੀ ਵਾਰ ਚੱਕੀਆਂ ਵਿੱਚ ਬੰਦ ਕੀਤੇ ਗਏ ਸਾਂ। ਅੱਜ

ਅਸੀਂ ਜੇਲ੍ਹਰ ਦੇ ਮਹਿਮਾਨ ਸਾਂ.....”

ਦਫ਼ਤਰ ਦਾ ਦਰਵਾਜ਼ਾ ਖੜੱਕ ਦੇਣੀ ਖੁੱਲ੍ਹਿਆ। ਮੇਰੀ ਸੋਚ-ਲੜੀ ਟੁੱਟੀ... ਜੇਲ੍ਹਰ ਸਾਡੇ ਸਾਹਮਣੇ ਸੀ... ਉਹ ਸਾਨੂੰ ਬੇਹੱਦ ਗਰਮਜੋਸ਼ੀ ਨਾਲ ਮਿਲਿਆ। ਗੋਰਖੀ ਨੇ ਮੇਰੇ ਬਾਰੇ ਦੱਸਿਆ। “ਨਵਾਂ ਜ਼ਮਾਨਾ” ਦਾ ਨਾਮ ਸੁਣ ਕੇ ਉਹ ਬਹੁਤ ਖੁਸ਼ ਹੋਇਆ। ਉਸ ਨੇ ਮੈਨੂੰ ਆਨੰਦ ਸਾਹਿਬ ਦਾ ਹਾਲ ਚਾਲ ਪੁੱਛਿਆ.....

ਫੇਰ ਰਾਮਪਾਲ ਨੇ “ਨਵਾਂ ਜ਼ਮਾਨਾ” ਵਿੱਚ ਇੱਕ ਕਾਲਮ ਵੀ ਸ਼ੁਰੂ ਕੀਤਾ ਤਾਂ ਮੈਂ ਹਰ ਹਫਤੇ ਉਸ ਤੋਂ ਡਿਕਟੇਸ਼ਨ ਲੈਣ ਉਸਦੇ ਬਾਰਾਦਰੀ ਵਾਲੇ ਘਰ ਜਾਂਦਾ। ਉਹ ਬਹੁਤ ਜ਼ਹੀਨ ਇਨਸਾਨ ਅਤੇ ਸਮਰੱਥ ਲੇਖਕ ਸੀ। ਮਸ਼ਹੂਰ ਹਿੰਦੀ ਫਿਲਮ “ਦੋ ਆਂਖੇਂ ਬਾਰਾਂ ਹਾਥ” ਦੀ ਪਰਿਕਲਪਨਾ ਉਸੇ ਦੇ ਜੇਲ੍ਹ ਤਜਰਬੇ ਅਤੇ ਲੇਖਣੀ ਉਤੇ ਅਧਾਰਿਤ ਸੀ। ਰਾਮਪਾਲ ਨਾਲ ਮੇਰੀ ਸਾਂਝ ਅਤੇ ਨੇੜਤਾ ਦੇਰ ਤੱਕ ਬਣੀ ਰਹੀ। ਉਸ ਦੀ ਬੇਟੀ ਨੀਨਾ ਰਾਮਪਾਲ ਜਲੰਧਰ ਦੂਰਦਰਸ਼ਨ ਦੀ ਨਿਊਜ਼ ਰੀਡਰ ਵੀ ਰਹੀ। ਪ੍ਰੇਮ ਗੋਰਖੀ ਨੇ ਮੈਨੂੰ ਉਸ ਨਾਲ ਪਹਿਲੀ ਵਾਰ ਮਿਲਾਇਆ ਸੀ, ਇਸ ਕਰਕੇ ਮੈਂ ਗੋਰਖੀ ਦਾ ਹਮੇਸ਼ਾ ਰਿਣੀ ਰਿਹਾ.....

ਫੇਰ ਇਕ ਦਿਨ ਗੋਰਖੀ ਨੇ ਮੈਨੂੰ ਦੱਸਿਆ ਕਿ ਉਹ ‘ਅਜੀਤ’ ਛੱਡ ਕੇ ‘ਪੰਜਾਬੀ ਟ੍ਰਿਬਿਊਨ’ ਦਾ ਪਹਿਲਾ ਪਰੂਫ਼ ਰੀਡਰ ਇੰਚਾਰਜ ਬਣਨ ਜਾ ਰਿਹਾ ਹੈ। ਭਾਜੀ ਬਰਜਿੰਦਰ ਸਿੰਘ ਹਮਦਰਦ ‘ਪੰਜਾਬੀ ਟ੍ਰਿਬਿਊਨ’ ਦੇ ਬਾਨੀ ਸੰਪਾਦਕ ਬਣ ਗਏ ਸਨ। ਭਾਜੀ ਬਰਜਿੰਦਰ ਸਿੰਘ ਦਾ ਪਿਆਰ ਅਤੇ ਚੰਡੀਗੜ੍ਹ ਦੀ ਖਿੱਚ ਪ੍ਰੇਮ ਗੋਰਖੀ ਨੂੰ ਜਲੰਧਰ ਤੋਂ ਤੋੜ ਕੇ ਲੈ ਗਈ ਸੀ। ਉਹ ਬਹੁਤ ਖ਼ੁਸ਼ ਸੀ। ਨਾ ਸਿਰਫ ਚੰਡੀਗੜ੍ਹ ਦੀ ਚਕਾਚੌਂਧ ਕਰਕੇ, ਸਗੋਂ ਤਨਖਾਹ ਵਿੱਚ ਹੋਏ ਚੋਖੇ ਵਾਧੇ ਕਾਰਨ ਵੀ । ....ਹੁਣ ਉਹ ਹਫ਼ਤੇ ਦਸ ਦਿਨਾਂ ਬਾਅਦ ਜਲੰਧਰ ਆਉਂਦਾ ਤਾਂ ਦੋਸਤਾਂ ਨੂੰ ਮਿਲਣਾ ਨਾ ਭੁੱਲਦਾ। ਜਿਨ੍ਹਾਂ ਵੱਡੀਆਂ ਸ਼ਖਸੀਅਤਾਂ ਨੇ ਉਹਦੀ ਜ਼ਿੰਦਗੀ ਵਿੱਚ ਵਖ ਵਖ ਸਮਿਆਂ ਤੇ ਵੱਡੀਆਂ ਭੂਮਿਕਾਵਾਂ ਨਿਭਾਈਆਂ ਸਨ, ਉਨ੍ਹਾਂ ਨੂੰ ਉਹ ਕਦੇ ਨਾ ਵਿਸਾਰਦਾ । ਇਨ੍ਹਾਂ ਸ਼ਖ਼ਸੀਅਤਾਂ ਵਿਚ ਸ਼ਾਮਿਲ ਹਨ - ਅੰਮ੍ਰਿਤਾ ਪ੍ਰੀਤਮ, ਐੱਸ. ਕੇ. ਰਾਮਪਾਲ, ਜੰਗ ਬਹਾਦਰ ਗੋਇਲ ਅਤੇ ਬਰਜਿੰਦਰ ਸਿੰਘ ਹਮਦਰਦ।....

ਮੇਰੇ ਨਾਲ ਉਹਦਾ ਰਾਬਤਾ ਪੱਤਰਕਾਰੀ ਤੋਂ ਸੇਵਾਮੁਕਤ ਹੋ ਜਾਣ ਉਪਰੰਤ ਵੀ ਲਗਾਤਾਰ ਬਣਿਆ ਰਿਹਾ। ਉਸ ਨੇ ਦਲਿਤ ਸਮਾਜ ਦੇ ਕਰੂਰ ਯਥਾਰਥ ਨੂੰ ਆਪਣੀਆਂ ਲਿਖਤਾਂ ਵਿਚ ਜਿਸ ਕਲਾਤਮਿਕਤਾ ਨਾਲ ਪੁਨਰ ਸਿਰਜਤ ਕੀਤਾ, ਉਸ ਦਾ ਕੋਈ ਸਾਨੀ ਨਹੀਂ ਹੈ। ਉਸ ਨੇ ਆਪਣੇ ਜੀਵਨ ਦੀਆਂ ਉਨ੍ਹਾਂ ਪਰਤਾਂ ਨੂੰ ਵੀ ‘ਗ਼ੈਰ ਹਾਜ਼ਰ ਆਦਮੀ’ ਰਾਹੀਂ ਪਰਦੇ ਉੱਤੇ ਲਿਆਉਣ ਦੀ ਅਦਭੁਤ ਜ਼ੁਰਅਤ ਕੀਤੀ, ਜਿਨ੍ਹਾਂ ਨੂੰ ਇਕ ਸਧਾਰਨ

ਆਦਮੀ ਲਕੋ ਕੇ ਰੱਖਣ ਵਿਚ ਵਧੇਰੇ ਵਡਿਆਈ ਸਮਝਦਾ ਹੈ। ਉਸ ਦੀ ਇਹ ਰਚਨਾ ਪਹਿਲਾਂ 'ਨਾਗਮਣੀ' ਦੇ ਘਸਮੇਲੇ ਪੰਨਿਆਂ ਨੂੰ ਲਿਸ਼ਕਾਉਂਦੀ ਰਹੀ ਤੇ ਫੇਰ ਪੁਸਤਕ ਰੂਪ ਵਿਚ ਆ ਕੇ ਗੋਰਖੀ ਨੂੰ ਇਕ ਕੱਦਾਵਾਰ ਮੀਨਾਰ ਵਜੋਂ ਸਥਾਪਤ ਕਰ ਗਈ।

ਗੋਰਖੀ ਦੀ ਵਿਸ਼ੇਸ਼ਤਾ ਇਹ ਸੀ ਕਿ ਉਹ ਆਪ ਆਪਣਾ ਪ੍ਰਚਾਰਕ ਨਹੀਂ ਸੀ। ਸਵੈ ਦਾ ਵਿਖਾਵਾ ਕਰਨਾ, ਉਸ ਨੂੰ ਕਦੇ ਨਾ ਆਇਆ। ਆਪਣੇ ਨਾਲ ਹੁੰਦੀਆਂ ਸਾਹਿਤਕ-ਸਮਾਜਕ ਜ਼ਿਆਦਤੀਆਂ ਤੋਂ ਉਹ ਨਰਾਜ਼ ਤਾਂ ਹੁੰਦਾ, ਪਰ ਕਦੇ ਨਿਰਾਸ਼ ਨਾ ਹੁੰਦਾ। ਕਦੇ-ਕਦੇ ਦੱਬਵਾਂ ਜਿਹਾ ਰੋਸ ਕਰਦਾ। ਦੋਸਤਾਂ ਤੋਂ ਪਾਸਾ ਵੱਟ ਲੈਂਦਾ। ਹਲਕੀ ਜਿਹੀ ਹੂੰਗਰ ਮਾਰਦਾ, ਮੁਸਕਰਾਉਂਦਾ... ਫੇਰ ਚੁੱਪ ਹੋ ਜਾਂਦਾ ਅਤੇ ਅਗਲੀ ਕਹਾਣੀ ਦਾ ਤਾਣਾ ਬਾਣਾ ਬੁਣਨ ਲੱਗ ਜਾਂਦਾ...। ਉਸ ਦੀ ਅਜਿਹੀ ਚੁੱਪ ਵਿਚੋਂ ਹੀ ਨਿਕਲਦੀਆਂ ਸਨ, ਉਸ ਦੀਆਂ ਕਹਾਣੀਆਂ ਅਤੇ ਉਸਦੇ ਨਾਵਲਿਟ...। 'ਮਿੱਟੀ ਰੰਗੇ ਲੋਕ', 'ਜੀਣ ਮਰਨ', 'ਧਰਤੀ ਪੁੱਤਰ', 'ਜਨਰੇਸ਼ਨ ਗੈਪ', 'ਤਿੱਤਰ ਖੰਭੀ ਜੂਹ', 'ਬੁੱਢੀ ਰਾਤ ਤੇ ਸੂਰਜ' ਅਤੇ 'ਵਣ ਵੇਲਾ' ਵਰਗੀਆਂ ਉਸ ਦੀਆਂ ਰਚਨਾਵਾਂ ਨੇ ਪਾਠਕਾਂ ਦਾ ਇਕ ਵਿਸ਼ਾਲ ਘੇਰਾ ਸਥਾਪਤ ਕਰ ਲਿਆ ਸੀ। ਦੱਬੀ ਕੁਚਲੀ ਜ਼ਿੰਦਗੀ ਵਿਚ ਆਪਣੀ ਸਪੇਸ ਤਲਾਸ਼ਦੇ ਉਸ ਦੇ ਪਾਤਰ ਪ੍ਰੇਮ ਗੋਰਖੀ ਦੇ ਹੀ ਪਰਿਆਏ ਹਨ। ਜੋ ਅਸਲੋਂ 'ਗ਼ੈਰ ਹਾਜ਼ਰ ਆਦਮੀ' ਹਨ। ਪਰ ਇਹ 'ਗ਼ੈਰ ਹਾਜ਼ਰ ਆਦਮੀ' ਸਾਡੇ ਆਲੇ-ਦੁਆਲੇ, ਸਾਡੀਆਂ ਸੋਚਾਂ ਵਿਚ, ਸਾਡੀ ਮਾਨਸਿਕਤਾ ਵਿਚ ਹਮੇਸ਼ਾ ਹਾਜ਼ਰ ਹਨ। ਆਪਣੇ ਹਿੱਸੇ ਦੀ ਸਪੇਸ ਤਲਾਸ਼ਦੇ ਹੋਏ, ਆਪਣੇ ਹਿੱਸੇ ਦੀ ਹੋਣੀ ਭੋਗਦੇ ਹੋਏ, ਜਿਨ੍ਹਾਂ ਲਈ ਸਮਾਜ ਦਾ ਤ੍ਰਿਸਕਾਰ ਅਣਕਿਆਸਿਆ ਹੈ। ਮਾਨਵੀ ਦਰਦ ਦੇ ਯਥਾਰਥ ਦੀ ਪ੍ਰਮਾਣਿਕ ਸਿਰਜਣਾ ਕਰਨ ਵਾਲਾ ਗੋਰਖੀ ਅਣਗੌਲਿਆ ਕਿਉਂ ਰਿਹਾ? ਇਹ ਸਵਾਲ ਮੈਨੂੰ ਅਕਸਰ ਪ੍ਰੇਸ਼ਾਨ ਕਰਦਾ ਹੈ।

ਦਿੱਲੀ ਦੀ ਇਕ ਸੰਸਥਾ ਵਲੋਂ ਮਿਲੇ 'ਡਾ. ਅੰਬੇਡਕਰ ਪੁਰਸਕਾਰ' ਤੋਂ ਬਿਨਾਂ ਉਸ ਨੂੰ ਕੋਈ ਵੱਡਾ ਸਾਹਿਤ ਪੁਰਸਕਾਰ ਨਹੀਂ ਮਿਲਿਆ, ਇਸਦਾ ਉਸ ਨੂੰ ਹਮੇਸ਼ਾ ਮਲਾਲ ਸੀ। ਹੁਣ ਉਸ ਦੇ ਚਲੇ ਜਾਣ ਨਾਲ, ਇਹ ਮਲਾਲ ਸ਼ਾਇਦ ਸੋਚਸ਼ੀਲ ਸਾਹਿਤ ਆਲੋਚਕਾਂ ਨੂੰ ਅਤੇ ਸਾਹਿਤਕ ਸੰਸਥਾਵਾਂ ਨੂੰ ਵੀ ਰਹੇਗਾ ਕਿ ਉਹ ਸਮਾਂ ਰਹਿੰਦੇ ਉਸ ਦਾ ਬਣਦਾ ਹੱਕ ਅਦਾ ਨਾ ਕਰ ਸਕੇ। ਇਹ ਸਵਾਲ ਹਮੇਸ਼ਾ ਜਿਊਂਦਾ ਰਹੇਗਾ ਕਿ ਆਖ਼ਰ ਗੋਰਖੀ ਨੂੰ ਗੌਲਿਆ ਕਿਉਂ ਨਹੀਂ ਗਿਆ? ਇਨਾਮਾਂ ਸਨਮਾਨਾਂ ਬਾਰੇ ਗੱਲਬਾਤ ਕਰਦਿਆਂ ਉਸ ਨੇ ਇਕ ਵਾਰ ਕਿਹਾ ਸੀ:-

"ਇਨਾਮਾਂ-ਸਨਮਾਨਾਂ' ਨਾਲ ਲੇਖਕ ਦਾ ਨਾਂਅ ਜ਼ਰੂਰ ਵੱਡਾ ਹੋ ਜਾਂਦਾ ਹੈ, ਪਰ ਉਸ ਦੀ ਰਚਨਾ ਵੱਡੀ ਨਹੀਂ ਹੁੰਦੀ।" ●●

# ਪਾਸ਼



( 09 ਸਤੰਬਰ, 1950 — 23 ਮਾਰਚ, 1988 )

# ਨੁਕੀਲੀਆਂ ਅੱਖਾਂ ਦੀ ਦਿਭ ਦ੍ਰਿਸ਼ਟੀ

ਪਾਸ਼ ਇਕ ਵਰਤਾਰੇ ਦਾ ਨਾਮ ਹੈ, ਜੋ ਪੰਜਾਬੀ ਕਵਿਤਾ ਵਿੱਚ ਵਾਵਰੋਲੇ ਵਾਂਗ ਆਇਆ ਅਤੇ ਆਪਣੇ ਪਿੱਛੇ ਬਹੁਤ ਕੁਝ ਅਜਿਹਾ ਛੱਡ ਗਿਆ, ਜਿਸ ਨੂੰ ਸਮਝਣਾ, ਉਸ ਦੇ ਵਿਛੜ ਜਾਣ ਤੋਂ ਏਨੇ ਸਾਲਾਂ ਬਾਅਦ ਵੀ ਇਕ ਰਹੱਸ ਬਣਿਆ ਹੋਇਆ ਹੈ।

ਉਹ ਨਕਸਲੀ ਕਾਰਕੁਨ ਸੀ? ਕਵੀ ਸੀ? ਸਮਾਜ ਸੁਧਾਰਕ ਸੀ? ਇਨਕਲਾਬੀ ਯੋਧਾ ਸੀ? ਜਾਂ ਫਿਰ ਇਕ ਤਿੱਖਾ ਸ਼ਰਾਰਤੀ-ਸ਼ਿੱਦਰੀ ਨੌਜਵਾਨ ਸੀ, ਜੋ ਪੈਰ-ਪੈਰ ਉੱਤੇ ਬਦਲਦਾ, ਪਲਾਇਨ ਕਰਦਾ ਅਤੇ ਆਪਣੇ ਆਸ਼ਿਆਂ ਵੱਲ ਅੱਗੇ ਵੱਧਦਾ ਜਾਂਦਾ ਸੀ?

ਕੀ ਹੋ ਸਕਦੇ ਸਨ ਉਸ ਦੇ ਆਸ਼ੇ? ਇਹ ਰਹੱਸ ਵੀ ਅਜੇ ਤੱਕ ਬਣਿਆ ਹੋਇਆ ਹੈ।

ਮੈਂ ਉਸ ਨੂੰ ਪਹਿਲੀ ਵਾਰ ਆਪਣੇ ਪਿੰਡ ਜੰਡਿਆਲਾ (ਮੰਜਕੀ) ਦੀਆਂ ਗਲੀਆਂ ਵਿੱਚ ਗਲ਼ ਵਿੱਚ ਚੁੱਕਵਾਂ ਸਪੀਕਰ ਲਟਕਾਈ, ਯੁਵਕ ਕੇਂਦਰ ਵਲੋਂ ਕਰਵਾਏ ਜਾ ਰਹੇ ਇਨਕਲਾਬੀ ਡਰਾਮੇ ਦੀ ਅਨਾਊਂਸਮੈਂਟ ਕਰਦੇ ਵੇਖਿਆ ਸੀ। ਭੂਰੀ ਮਹਿੰਦੀ ਲੱਗੇ ਉਸ ਦੇ ਘੁੰਗਰਾਲੇ ਵਾਲ, ਮੋਟੀਆਂ-ਮੋਟੀਆਂ ਨੁਕੀਲੀਆਂ ਅੱਖਾਂ, ਜੀਨ ਦੀ ਪੈਂਟ ਨਾਲ ਪਾਇਆ ਹੋਇਆ ਬਦਾਮੀ ਰੰਗ ਦਾ ਪੰਜਾਬੀ ਕੁੜਤਾ। ਸਪੀਕਰ ਰਾਹੀਂ ਗੂੰਜਦੇ ਉਸ ਦੇ ਗੋਲਾਈਦਾਰ ਸ਼ਬਦ... ਸੁਣਦੇ ਸੁਣਦੇ ਅਤੇ ਉਸ ਨੂੰ ਵੇਖਦੇ-ਵੇਖਦੇ ਅਸੀਂ ਪਿੰਡ ਦੇ ਬੱਚੇ ਸਾਰੇ ਪਿੰਡ ਵਿੱਚ ਉਸ ਦੇ ਨਾਲ-ਨਾਲ ਘੁੰਮਦੇ ਰਹੇ ਸਾਂ।

ਉਦੋਂ ਮੈਂ ਅਜੇ ਸਕੂਲ ਵਿੱਚ ਹੀ ਪੜ੍ਹਦਾ ਸੀ।

ਪਾਸ਼ ਅਜੇ ਸਿਰਫ਼ ਵੀਹ ਕੁ ਸਾਲ ਦਾ ਹੀ ਸੀ, ਜਦੋਂ ਉਸ ਦੀ ਪਹਿਲੀ ਕਾਵਿ-ਕਿਤਾਬ 'ਲੋਹ ਕਥਾ' ਛਪ ਗਈ ਸੀ। ਕਵਿਤਾ ਦੀਆਂ ਉਸ ਨੇ ਸਿਰਫ਼ ਤਿੰਨ ਕਿਤਾਬਾਂ ਲਿਖੀਆਂ ਸਨ। 'ਲੋਕ ਕਥਾ' (1970), 'ਉੱਡਦੇ ਬਾਜ਼ਾਂ ਮਗਰ' (1973) ਅਤੇ 'ਸਾਡੇ ਸਮਿਆਂ ਵਿੱਚ' (1978)। ਉਸ ਦੀਆਂ ਰਚਨਾਵਾਂ ਦੀ ਚੌਥੀ ਕਿਤਾਬ 'ਖਿੱਲਰੇ ਹੋਏ ਵਰਕੇ' (1989) ਉਸ ਦੀ ਮੌਤ ਤੋਂ ਬਾਅਦ ਅਮਰਜੀਤ ਚੰਦ ਦੀ ਹਿੰਮਤ ਨਾਲ ਸਾਹਮਣੇ ਆਈ ਸੀ। ਜਿਸ ਵਿੱਚ ਕਵਿਤਾਵਾਂ ਦੇ ਨਾਲ-ਨਾਲ ਉਸ ਦੀਆਂ ਹੋਰ ਲਿਖਤਾਂ, ਚਿੱਠੀਆਂ ਵੀ ਹਨ। ਇਸ ਕਿਤਾਬ ਵਿੱਚ ਉਸ ਦੀਆਂ ਬਹੁਚਰਚਿਤ ਕਵਿਤਾਵਾਂ 'ਸਭ ਤੋਂ ਖ਼ਤਰਨਾਕ',

'ਧਰਮ ਦੀਖਸ਼ਾ ਲਈ ਬਿਨੈ ਪੱਤਰ' ਅਤੇ ਅੰਗਰੇਜ਼ੀ ਕਵੀ ਕਾਰਲ ਸੈਂਡਬਰਗ ਦੀ ਮਸ਼ਹੂਰ ਕਵਿਤਾ 'ਗਰਾਸ' ਦਾ ਰੂਪਾਂਤਰਣ 'ਘਾਹ' ਕਵਿਤਾ ਵੀ ਸ਼ਾਮਿਲ ਹਨ। ਇਸੇ ਕਿਤਾਬ ਵਿੱਚ ਉਸ ਦੀਆਂ ਗ਼ਜ਼ਲਾਂ ਅਤੇ ਕੁਝ ਦੋਹੇ ਵੀ ਸ਼ਾਮਿਲ ਹਨ।

ਗ਼ਜ਼ਲ :
ਡੁੱਬਦਾ ਡੁੱਬਦਾ ਸੂਰਜ ਸਾਨੂੰ ਨਿੱਤ ਹੀ ਲਾਲ ਸਲਾਮ ਕਹੇ
ਫੜ ਲਓ ਇਹ ਤਾਂ ਨਕਸਲੀਆਂ ਹੈ ਕੇਹੀ ਗੱਲ ਸ਼ਰੇਆਮ ਕਹੇ

ਖੇਤਾਂ ਵਿੱਚ ਮੱਕੀਆਂ ਦੇ ਦੁੱਬੇ ਚਰੀਆਂ ਵਾਂਗ ਤਣੇ ਹੋਏ
ਖੜਕ ਖੜਕ ਕੇ ਰੁੱਖ ਟਾਹਲੀ ਦਾ ਜੂਝਣ ਦਾ ਪੈਗਾਮ ਕਹੇ

-ਦੋਹੇ
ਛਪੜ ਦੀਏ ਟਟਰੀਏ, ਮੰਦੇ ਬੋਲ ਨਾ ਬੋਲ
ਦੁਨੀਆ ਤੁਰੀ ਹੱਕ ਲੈਣ ਨੂੰ, ਤੂੰ ਬੈਠੀ ਚਿਕੜ ਕੋਲ

ਵਿੰਗ ਤੜਿੰਗੀ ਲਕੜੀ, ਉੱਤੇ ਬੈਠਾ ਮੋਰ
ਕੰਮੀ ਟੁੱਟ-ਟੁੱਟ ਮਰਦੇ, ਹੱਡੀਆਂ ਲੈਂਦੇ ਖੋਰ

ਇਹ ਪਾਸ਼ ਦਾ ਇਹ ਉਹ ਪ੍ਰਗੀਤਕ ਰੰਗ ਹੈ, ਜਿਸ ਨੂੰ ਉਹ ਅਭਿਆਸ ਵਜੋਂ ਲਿਖਦਾ ਤਾਂ ਰਿਹਾ ਸੀ, ਪਰ ਉਸ ਨੇ ਆਪ ਇਸ ਨੂੰ ਆਪਣੀਆਂ ਕਿਤਾਬਾਂ ਦਾ ਹਿੱਸਾ ਨਹੀਂ ਬਣਾਇਆ ਸੀ।

ਪਾਸ਼ ਦੀ ਇਹ ਵਿਡੰਬਨਾ ਰਹੀ ਹੈ ਕਿ ਉਸ ਦੀ ਵਿਚਰਨ ਕਲਾ ਦੀ ਚੰਚਲਤਾ, ਉਸ ਦੀ ਸ਼ਖ਼ਸੀਅਤ ਬਾਰੇ ਕੋਈ ਬੱਝਵਾਂ ਪ੍ਰਭਾਵ ਨਹੀਂ ਸੀ ਬਣਨ ਦਿੰਦੀ।

ਨੌਂ ਸਤੰਬਰ, 1950 ਨੂੰ ਦੁਆਬੇ ਦੇ ਨਿੱਕੇ ਜਿਹੇ ਪਿੰਡ ਤਲਵੰਡੀ ਸਲੇਮ ਵਿੱਚ ਸੋਹਣ ਸਿੰਘ ਸੰਧੂ ਦੇ ਘਰ ਜੰਮਿਆ ਅਵਤਾਰ ਸਿੰਘ ਸੰਧੂ ਆਪਣੇ ਕਲਮੀ ਨਾਮ ਪਾਸ਼ ਨਾਲ ਜਾਣਿਆ ਗਿਆ। ਬਕੌਲ ਡਾਕਟਰ ਤੇਜਵੰਤ ਸਿੰਘ ਗਿੱਲ, ਰੂਸੀ ਲੇਖਕ ਮਿਖਾਈਲ ਸ਼ੋਲੋਖੋਵ ਦੇ ਨੋਬਲ ਪੁਰਸਕਾਰ ਜੇਤੂ ਨਾਵਲ 'ਡਾਨ ਵਹਿੰਦਾ ਰਿਹਾ' ਦੇ ਨਾਇਕ ਪਾਸ਼ਾ ਤੋਂ ਪ੍ਰਭਾਵਿਤ ਹੋ ਕੇ ਅਵਤਾਰ ਸਿੰਘ ਸੰਧੂ ਨੇ ਆਪਣਾ ਨਾਂ 'ਪਾਸ਼' ਰੱਖ ਲਿਆ ਸੀ। ਪਰ ਇਕ

ਕਹਾਣੀ ਇਹ ਵੀ ਹੈ ਕਿ ਉਸ ਨੇ ਸਕੂਲ ਵਿੱਚ ਪੜ੍ਹਦਿਆਂ ਆਪਣੀ ਇਕ ਅਧਿਆਪਕਾ ਨਾਲ ਮਿਲਦਾ ਜੁਲਦਾ ਆਪਣਾ ਨਾਂ ਪਾਸ਼ ਰੱਖਿਆ ਸੀ...

ਉਸ ਦਾ ਪਰਿਵਾਰ ਮੱਧ-ਵਰਗੀ ਕਿਸਾਨੀ ਪਰਿਵਾਰ ਸੀ। ਪਿਤਾ ਸੋਹਣ ਸਿੰਘ ਸੰਧੂ ਫ਼ੌਜੀ ਸਨ ਅਤੇ ਕਵਿਤਾ ਲਿਖਣ ਦਾ ਸ਼ੌਕ ਵੀ ਰੱਖਦੇ ਸਨ। ਪਹਿਲਾਂ ਉਹ ਜਲੰਧਰ ਛਾਉਣੀ ਦੇ ਜੈਨ ਹਾਈ ਸਕੂਲ ਵਿੱਚ ਪੜ੍ਹਿਆ। ਫੇਰ ਉਸ ਨੇ ਗਿਆਨੀ ਕੀਤੀ ਅਤੇ ਫੇਰ ਸਰਕਾਰੀ ਸਕੂਲ ਸਮਰਾਏ- ਜੰਡਿਆਲਾ ਵਿੱਚ ਜੇ.ਬੀ.ਟੀ. ਕਰਨ ਲੱਗਿਆ। ਇਥੋਂ ਹੀ ਉਹ ਸੇਖੂਪੁਰਾ (ਕਪੂਰਥਲਾ) ਦੇ ਸਕੂਲ ਵਿੱਚ ਚਲਾ ਗਿਆ। ਜੇ.ਬੀ.ਟੀ. ਕਰਨ ਤੋਂ ਪਹਿਲਾਂ-ਪਹਿਲਾਂ ਹੀ ਉਹ ਜੇਲ੍ਹ ਯਾਤਰਾਵਾਂ ਦੇ ਰੰਗ ਵੀ ਦੇਖ ਚੁੱਕਾ ਸੀ ਅਤੇ ਦੋ ਕਿਤਾਬਾਂ ਦਾ ਲੇਖਕ ਵੀ ਬਣ ਚੁੱਕਾ ਸੀ।

ਮਈ 1970 ਵਿੱਚ ਜਦੋਂ ਉਹ ਅਜੇ ਵੀਹ ਸਾਲ ਦਾ ਵੀ ਨਹੀਂ ਸੀ, ਉਸ ਨੂੰ ਇਕ ਕਤਲ ਦੇ ਮੁਕੱਦਮੇ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਇਕ ਸਾਲ ਬਾਅਦ ਹੀ ਉਹ ਜੇਲ੍ਹ ਵਿੱਚੋਂ ਬਾਹਰ ਆ ਗਿਆ ਤੇ 1972 ਵਿੱਚ ਮੋਗਾ ਕਾਂਡ ਵਿੱਚ ਫੇਰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ ਕੇਂਦਰੀ ਜੇਲ੍ਹ ਜਲੰਧਰ ਵਿੱਚ ਰੱਖਿਆ ਗਿਆ। ਇਤਫ਼ਾਕ ਹੀ ਸੀ ਕਿ ਮੋਗਾ ਕਾਂਡ ਵਿੱਚ ਹੀ ਗ੍ਰਿਫ਼ਤਾਰ ਹੋਏ ਸਤਨਾਮ ਚਾਨਾ, ਜੋਗਿੰਦਰ ਭੰਗਾਲੀਆ, ਗੁਰਮੀਤ (ਦੇਸ਼ ਭਗਤ ਯਾਦਗਾਰ ਹਾਲ) ਤਰਸੇਮ ਜੰਡਿਆਲਾ, ਸੁਰਿੰਦਰ ਸੰਧੂ ਅਤੇ ਲਖਵਿੰਦਰ ਜੌਹਲ (ਯਾਨੀ ਮੈਂ) ਨੂੰ ਵੀ ਇਸੇ ਜੇਲ੍ਹ ਵਿੱਚ ਰੱਖਿਆ ਗਿਆ ਸੀ। ਜਿਨ੍ਹਾਂ ਚੱਕੀਆਂ ਵਿੱਚ ਅਸੀਂ ਬੰਦ ਸਾਂ, ਪਿਛਲੇ ਪਾਸੇ ਤੋਂ ਇਨ੍ਹਾਂ ਚੱਕੀਆਂ ਨਾਲ ਲਗਦੀਆਂ ਹੋਰ ਚੱਕੀਆਂ ਵਿੱਚ ਹੀ ਪਾਸ਼ ਵੀ ਬੰਦ ਸੀ। ਸ਼ਾਮ ਦੀ ਚਾਹ ਲੈ ਕੇ ਆਏ ਜੇਲ੍ਹ ਦੇ ਨੰਬਰਦਾਰ ਨੇ ਸੀਖਾਂ ਵਿੱਚਦੀ ਸਾਡੀਆਂ ਪਿੱਤਲ ਦੀਆਂ ਬਾਟੀਆਂ ਵਿੱਚ ਚਾਹ ਉੱਲਦਦੇ ਹੋਏ, ਸਾਨੂੰ ਦੱਸਿਆ "ਓਹ ਪਿਛਲੀਆਂ ਚੱਕੀਆਂ ਵਿੱਚ ਇਕ ਕਵੀ ਪਾਸ਼ ਵੀ ਬੰਦ ਹੈ" ਅਸੀਂ ਇਕਦਮ ਚੌਂਕ ਕੇ ਕਿਹਾ, "ਅਸੀਂ ਮਿਲ ਸਕਦੇ ਹਾਂ ਓਸ ਨੂੰ" ਕਹਿਣ ਲੱਗਾ, "ਮਿਲਣ ਤਾਂ ਤੁਹਾਨੂੰ ਕਿਸੇ ਨੇ ਨਹੀਂ ਦੇਣਾ ਪਰ ਜੇਕਰ ਤੁਸੀਂ ਉੱਚੀ ਆਵਾਜ਼ ਮਾਰੋਂਗੇ ਤਾਂ ਉਹ ਤੁਹਾਡੇ ਨਾਲ ਗੱਲ ਕਰ ਸਕਦੈ, ਮੈਂ ਉਸ ਨੂੰ ਤੁਹਾਡੇ ਬਾਰੇ ਦੱਸ ਦਿਆਂਗਾ।" ਪਾਸ਼ ਉਦੋਂ ਤੱਕ ਮੈਨੂੰ ਤਾਂ ਅਜੇ ਨਹੀਂ ਜਾਣਦਾ ਸੀ ਪਰ ਚਾਨਾ ਅਤੇ ਭੰਗਾਲੀਆ ਨੂੰ ਜਾਣਦਾ ਸੀ। ਅਸੀਂ ਨੰਬਰਦਾਰ ਨੂੰ ਕਿਹਾ "ਕੱਲ੍ਹ ਸ਼ਾਮ ਦੀ ਚਾਹ ਵੇਲੇ ਅਸੀਂ ਉਸ ਨੂੰ ਆਵਾਜ਼ ਲਗਾਵਾਂਗੇ"... ਦਸੰਬਰ, 1972 ਦੇ ਠਰਦੇ ਦਿਨਾਂ ਦੀ ਇਹ ਸ਼ਾਮ ਅਦਭੁਤ ਸੀ। "ਅਸੀਂ ਉਸ ਨੂੰ ਆਵਾਜ਼ ਲਗਾਈ, ਉਸ ਨੇ ਹੁੰਗਾਰਾ ਭਰਿਆ, ਹਾਲ-ਚਾਲ ਪੁੱਛਿਆ, ਅਸੀਂ ਕਿਹਾ ਕੁਝ ਸੁਣਾ..." ਉਹ ਤਰੰਨਮ ਵਿੱਚ ਗਾਉਣ ਲੱਗ ਪਿਆ:-

"ਕੱਖਾਂ ਦੀਏ ਕੁੱਲੀਏ
ਮੀਨਾਰ ਬਣ ਜਾਈਂ ਨੀਂ
ਪੈਰਾਂ ਦੀਏ ਮਿੱਟੀਏ
ਪਹਾੜ ਬਣ ਜਾਈਂ ਨੀਂ
ਲੱਖ ਲੱਖ ਦਾ ਏ ਤੇਰਾ ਕੱਖ ਨੀਂ
ਕਿਰਤੀ ਦੀਏ ਕੁੱਲੀਏ
ਆਪਣੀ ਕਮਾਈ ਸਾਂਭ ਰੱਖ ਨੀ
ਕਿਰਤੀ ਦੀਏ ਕੁੱਲੀਏ..."

ਸਾਡੇ ਜੋਸ਼ ਅਤੇ ਉਮਾਹ ਦੀ ਕੋਈ ਸੀਮਾ ਨਹੀਂ ਸੀ। ਜੇਲ੍ਹ ਦੀ ਉਦਾਸੀ ਹੁਲਾਸ ਵਿੱਚ ਬਦਲ ਗਈ ਸੀ। ਪਾਸ਼ ਨਾਲ ਇਹ ਮੇਰੀ ਆਵਾਜ਼ ਦੀ ਮੁਲਾਕਾਤ ਸੀ। ਇਕ ਅਦਭੁਤ ਮੁਲਾਕਾਤ। ਉੱਨ੍ਹੀਂ ਦਿਨਾਂ ਦੇ ਕਾਰਾਵਾਸ ਪਿੱਛੋਂ ਸਰਕਾਰ ਨੇ ਸਾਡੇ ਵਿਰੁੱਧ ਦਰਜ ਕੀਤਾ ਕੇਸ ਵਾਪਸ ਲੈ ਲਿਆ ਅਤੇ ਅਸੀਂ ਸਾਰੇ ਬਾਹਰ ਆ ਗਏ। ਪਾਸ਼ ਅਜੇ ਅੰਦਰ ਹੀ ਰਿਹਾ, ਉਸ ਨੂੰ ਸਾਰੇ ਪੰਜਾਬ ਵਿੱਚ "ਗੜਬੜ ਫੈਲਾਉਣ" ਦਾ ਦੋਸ਼ੀ ਗਰਦਾਨਿਆ ਗਿਆ ਸੀ। ਉਸ ਨੂੰ ਕਈ ਦਿਨਾਂ ਬਾਅਦ ਵਿੱਚ ਛੱਡਿਆ ਗਿਆ।

1973 ਵਿੱਚ ਜਦੋਂ ਉਹ ਬਾਹਰ ਆਇਆ ਤਾਂ ਨਕਸਲੀ ਦੌਰ ਦੇ ਕਈ ਸਾਹਿਤਕ ਪਰਚਿਆਂ ਦਾ ਕਰਤਾ-ਧਰਤਾ ਬਣਿਆ, ਜਿਸ ਵਿੱਚ 'ਰੋਹਲੇ ਬਾਣ', 'ਸਿਆੜ', ਅਤੇ 'ਹੋਕਾ' ਗਿਣੇ ਜਾ ਸਕਦੇ ਹਨ।

ਉਸ ਨੇ ਆਪਣਾ ਕੈਰੀਅਰ 1967 ਵਿੱਚ ਬੀ.ਐਸ.ਐਫ. ਵਿੱਚ ਭਰਤੀ ਹੋਣ ਤੋਂ ਆਰੰਭ ਕੀਤਾ ਸੀ। ਪਰ ਸਥਾਪਤੀ ਪ੍ਰਤੀ ਸਵਾਲੀਆ ਸੁਭਾਅ ਨੇ ਉਸ ਨੂੰ ਇਥੇ ਟਿਕਣ ਨਾ ਦਿੱਤਾ। ਪੰਜਾਬ ਵਿੱਚ ਹਰੇ ਇਨਕਲਾਬ ਅਤੇ ਪੰਜਾਬ ਸੰਕਟ ਦੇ ਵਿਚਕਾਰਲਾ ਸਮਾਂ ਨਕਸਲੀ ਚੜ੍ਹਤ ਦਾ ਸਮਾਂ ਸੀ। ਜਿਸ ਵੱਲ ਪੰਜਾਬ ਦੇ ਨੌਜਵਾਨ ਵੱਡੀ ਗਿਣਤੀ ਵਿੱਚ ਖਿੱਚੇ ਗਏ ਸਨ। ਪਾਸ਼ ਵੀ ਉਨ੍ਹਾਂ ਵਿੱਚੋਂ ਇਕ ਸੀ। 1973 ਵਿੱਚ ਹੀ ਉਸ ਨੇ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਮੰਚ ਦੀ ਸਥਾਪਨਾ ਕੀਤੀ ਸੀ। ਇਹੀ ਉਹ ਦੌਰ ਹੈ ਜਦੋਂ ਪਾਸ਼ ਰਵਾਇਤੀ ਖੱਬੇਪੱਖੀਆਂ ਤੋਂ ਇਕ ਵਿੱਥ ਸਥਾਪਿਤ ਕਰਨ ਦੇ ਰਾਹ ਤੁਰ ਚੁੱਕਾ ਸੀ। ਹਾਲਾਂਕਿ ਉਸ ਦੀ ਇਹ ਫ਼ਿਤਰਤ 1971 ਦੇ ਸ਼ੁਰੂ ਦੇ ਦਿਨਾਂ ਵਿੱਚ ਹੀ ਉਜਾਗਰ ਹੋਣੀ ਸ਼ੁਰੂ ਹੋ ਗਈ ਸੀ। ਇੰਗਲੈਂਡ ਵਸਦੇ ਪੰਜਾਬੀ ਕਵੀ ਮੁਸ਼ਤਾਕ ਨੂੰ 29 ਜੁਲਾਈ 1971 ਨੂੰ ਲਿਖੇ ਇਕ

ਪੱਤਰ ਵਿੱਚ ਉਸ ਨੇ ਲਿਖਿਆ ਸੀ... ...

"ਟਰਾਟਸਕੀ ਬਾਰੇ ਤੇਰੇ ਵਿਚਾਰ ਪ੍ਰਮਾਣਿਕ ਨਹੀਂ ਹਨ, ਟਰਾਟਸਕੀ ਦੇ ਵਿਚਾਰਾਂ ਨੂੰ ਦੂਜੀ ਸੰਸਾਰ ਜੰਗ ਬਾਰੇ ਪ੍ਰੋਲੇਤਾਰੀ ਦੇ ਰੋਲ, ਸਾਮਰਾਜਵਾਦ ਅਤੇ ਨਾਜ਼ੀਵਾਦ ਬਾਰੇ ਉਸ ਦੀ ਸਮਝ, ਸਥਾਈ ਇਨਕਲਾਬ ਦੇ ਸਿਧਾਂਤ ਦੀਆਂ ਵਿਲੱਖਣਤਾਵਾਂ ਨਾਲ ਜੋੜ ਕੇ ਵੇਖਣਾ ਚਾਹੀਦਾ ਹੈ।"

ਉਹ ਟਰਾਟਸਕੀ ਦੇ ਕਲਾ ਅਤੇ ਸਾਹਿਤ ਬਾਰੇ ਵਿਚਾਰਾਂ ਦਾ ਕੱਟੜ ਹਿਮਾਇਤੀ ਸੀ। ਇਸੇ ਕਰਕੇ ਉਸ ਨੇ 'ਰੋਹਲੇ ਬਾਣ' ਤੋਂ ਵੱਖਰੇ ਹੋ ਕੇ ਕੇ 'ਸਿਆੜ' ਦੀ ਸਥਾਪਨਾ ਕੀਤੀ ਸੀ। ਇਸ ਵੇਲੇ ਤੱਕ ਉਹ ਸਟਾਲਿਨ ਦਾ ਕੱਟੜ ਵਿਰੋਧੀ ਬਣ ਚੁੱਕਾ ਸੀ। ਦੋਸਤਾਂ ਨਾਲ ਉਸ ਦੀ ਵਾਰਤਾਲਾਪ ਅਤੇ ਉਸ ਵਲੋਂ ਲਿਖੇ ਗਏ ਅਨੇਕਾਂ ਖ਼ਤ ਇਸ ਦੀ ਗਵਾਹੀ ਭਰਦੇ ਹਨ। ਆਪਣੇ ਦੋਸਤ ਸਮਸ਼ੇਰ ਸੰਧੂ ਨੂੰ 19 ਜੁਲਾਈ, 1974 ਵਿੱਚ ਲਿਖੇ ਇਕ ਪੱਤਰ ਵਿੱਚ ਉਸ ਨੇ ਲਿਖਿਆ ਸੀ:-

"ਇਨ੍ਹਾਂ ਦਿਨਾਂ ਵਿੱਚ ਮੈਂ ਟਰਾਟਸਕੀ ਨੂੰ ਪੜ੍ਹ ਰਿਹਾ ਹਾਂ... ... 1905 ਦੇ ਅਸਫ਼ਲ ਇਨਕਲਾਬ ਬਾਰੇ ਉਸ ਦੇ ਲੇਖਾਂ ਦੀ ਕਿਤਾਬ ਮੈਨੂੰ ਭਗਵਾਨ (ਜੋਸ਼) ਤੋਂ ਮਿਲੀ ਹੈ। ਉਹ ਬੜੀ ਆਸਾਧਾਰਨ ਅਤੇ ਖੌਰੂ ਪਾਊ ਰੂਹ ਹੈ। ਇਸ ਤੋਂ ਬਾਅਦ ਮੈਂ ਲੇਨਿਨ ਨੂੰ ਇਕ ਵੱਢਿਉਂ ਪੜ੍ਹਨਾ ਸ਼ੁਰੂ ਕਰਾਂਗਾ, ਅਜੇ ਤੱਕ ਮੈਂ ਉਸ ਨੂੰ ਅੱਧਾ ਕੁ ਹੀ ਪੜ੍ਹਿਆ ਹੈ।..."

25 ਅਗਸਤ, 1974 ਨੂੰ ਉਸ ਨੇ ਆਪਣੀ ਡਾਇਰੀ ਵਿੱਚ ਲਿਖਿਆ ਸੀ "ਹੁਣੇ ਹੁਣੇ ਮੈਂ ਟਰਾਟਸਕੀ ਦੀ ਪੁਸਤਕ ਸਟਾਲਿਨਲਿਸਟ ਸਕੂਲ ਆਫ਼ ਫਾਲਸੀਫੀਕੇਸ਼ਨ ਖ਼ਤਮ ਕੀਤੀ ਹੈ।"

ਇਨ੍ਹਾਂ ਦਿਨਾਂ ਵਿੱਚ ਹੀ ਉਸ ਨੇ ਮੈਨੂੰ ਦੱਸਿਆ ਸੀ ਕਿ "ਕੁਝ ਨਕਸਲੀ ਆਗੂ ਮੈਨੂੰ ਐਨਸ਼ਨਾਂ ਵਿੱਚ ਸ਼ਾਮਿਲ ਹੋਣ ਲਈ ਧਮਕੀਆਂ ਦੇ ਰਹੇ ਹਨ। ਪਰ ਮੈਂ ਸਾਫ਼ ਮਨ੍ਹਾਂ ਕਰ ਦਿੱਤਾ ਹੈ। ਉਹ ਮੇਰੀ ਕਵਿਤਾ ਵਿੱਚ ਵੀ ਨੁਕਸ ਕੱਢਣ ਲੱਗ ਪਏ ਹਨ। ਮੈਂ ਸੋਚ ਰਿਹਾ ਹਾਂ ਕਿ ਜੇ ਮੇਰੀ ਕਵਿਤਾ ਪਾਰਟੀ ਦੇ ਰਹਿਮ ਉੱਤੇ ਹੀ ਹੈ ਤਾਂ ਫੇਰ ਇਹ ਕਾਹਦੀ ਕਵਿਤਾ ਹੋਈ"...

ਉਹ ਆਪਣੀ ਕਵਿਤਾ ਤੋਂ ਉਪਰਾਮ ਅਤੇ ਆਗੂਆਂ ਤੋਂ ਨਿਰਾਸ਼ ਹੋ ਗਿਆ ਸੀ। ਸ਼ੁਰੂ ਵਿੱਚ ਉਹ ਪ੍ਰੋਫ਼ੈਸਰ ਹਰਭਜਨ ਸਿੰਘ ਕਾਲਾ ਸੰਘਿਆਂ ਦੇ ਬਹੁਤ ਨੇੜੇ ਸੀ, ਪਰ ਹੁਣ ਉਸ ਤੋਂ ਵੀ ਬੇਮੁੱਖ ਹੋ ਗਿਆ ਸੀ। ਖਟਕੜਾਂ ਵਾਲੇ ਦੋਸਤਾਂ... ਦਰਸ਼ਨ ਖਟਕੜ, ਜਸਵੰਤ ਖਟਕੜ, ਦੀਪ ਕਲੇਰ, ਪਰਮਜੀਤ ਦੇਹਲ ਤੋਂ ਵੀ ਦੂਰੀ ਬਣਾਉਣ ਲੱਗ ਪਿਆ ਸੀ। ਉਨ੍ਹਾਂ ਨੂੰ ਮਿਲਣਾ-ਗਿਲਣਾ ਲਗਭਗ ਬੰਦ ਸੀ। ਕਦੇ ਉਹ ਹਫ਼ਤੇ ਦੇ ਅੱਧੇ ਦਿਨ ਮੰਗੂਵਾਲ ਹੀ

ਗੁਜ਼ਾਰਦਾ ਸੀ। ਜਸਵੰਤ ਖਟਕੜ ਅਤੇ ਸਾਥੀਆਂ ਨਾਲ ਦੇਸੀ ਦਾਰੂ ਪੀਣੀ ਅਤੇ ਮਸਤੀਆਂ ਕਰਨੀਆਂ ਉਸ ਦੇ ਅੱਲ੍ਹੜ ਸ਼ੌਕ ਸਨ। ਪਰ ਹੁਣ ਇਹ ਸਭ ਕੁਝ ਵਿਸਰ ਚੁੱਕਾ ਸੀ।

ਦਰਸ਼ਨ ਖਟਕੜ ਵਲੋਂ ਉਸ ਨੂੰ ਲਿਖੇ ਇਕ ਪੱਤਰ ਦੇ ਜਵਾਬ ਵਿੱਚ ਨੌਂ ਅਗਸਤ, 1974 ਨੂੰ ਉਸ ਨੇ ਲਿਖਿਆ ਸੀਃ-

"ਪਿਆਰੇ ਦਰਸ਼ਨ ਖਟਕੜ

- ਤੁਹਾਡੇ ਪੱਤਰ ਲਈ ਧੰਨਵਾਦੀ ਹਾਂ। ਮੈਂ ਤਾਂ ਸਮਝੀ ਬੈਠਾ ਸਾਂ ਕਿ ਹੁਣ ਮੇਲੇ ਕਦੇ ਨਹੀਂ ਹੋਣਗੇ। ਅਸਲ ਵਿੱਚ ਜਦੋਂ ਆਪਾਂ ਨਕੋਦਰ ਲਾਗੇ ਇਕ ਪਿੰਡ ਵਿੱਚ ਕੁਦਰਤੀ ਮਿਲ ਗਏ ਸਾਂ, ਉਦੋਂ ਤੋਂ ਹੀ ਮੈਨੂੰ ਲੱਗ ਰਿਹਾ ਹੈ ਕਿ ਹੁਣ ਮਿਲਣ-ਗਿਲਣ ਦਾ ਬਹੁਤਾ ਲਾਭ ਨਹੀਂ ਹੋਣਾ। ਕਿਉਂ ਨਾ ਤੁਹਾਥੋਂ ਪਰ੍ਹੇ ਰਹਿ ਕੇ, ਤੁਹਾਡੀ ਸ਼ਖ਼ਸੀਅਤ ਪ੍ਰਤੀ ਆਪਣੇ ਅੰਤਾਂ ਦੇ ਮੋਹ ਅਤੇ ਸਤਿਕਾਰ ਨੂੰ ਸੁਰੱਖਿਅਤ ਰੱਖਣੇ ਦੀਆਂ ਲੱਜ਼ਤਾਂ ਮਾਣਾਂ। ਪਰ ਇਹ ਵੀ ਕੋਈ ਸੁਪਨ ਖਿਆਲੀ ਸੀ। ਅੰਦਰਲੇ ਸੱਚ ਤੋਂ ਭੱਜਣਾ ਬਹੁਤ ਔਖਾ ਹੈ, ਦੋਸਤ... ਬੰਗੇ ਆ ਕੇ ਵੀ ਤੁਹਾਡੇ ਪਿੰਡ ਨਾ ਆਉਣ ਬਾਰੇ? ਕੋਈ ਨਹੀਂ ਚਾਹੇਗਾ ਮਹਾਨ ਸ਼ਹੀਦਾਂ ਅਤੇ ਪਿਆਰੇ ਯਾਰਾਂ ਦੀ ਧਰਤੀ ਨੂੰ ਪ੍ਰਣਾਮ ਕਰਨਾ। ਮੈਂ ਤਾਂ ਇਸ ਪਿੰਡ ਦੇ ਜ਼ਰਰੇ ਜ਼ਰਰੇ ਤੋਂ ਕੁਰਬਾਨ ਹਾਂ... ਪਰ ਮੈਂ ਬਹੁਤ ਸਰੀਰਕ ਹੋ ਗਿਆ ਹਾਂ...ਰੂਹ ਅਤੇ ਜਿਸਮਾਂ ਦੇ ਵਿਰੋਧਾਂ ਨੂੰ ਮੈਥੋਂ ਹੱਲ ਨਹੀਂ ਕਰ ਹੁੰਦਾ। ਇਕ ਕਹਾਣੀ ਸੁਣਾਵਾਂ?...... ਯੂਰਪ ਵਿੱਚ ਜਦੋਂ ਨਾਜ਼ੀ ਛਾ ਰਹੇ ਸਨ ਤਾਂ ਇਕ ਮੁਲਕ ਦੇ ਅਦੀਬ ਨੂੰ, ਦੂਜੇ ਮੁਲਕ ਦੇ ਅਦੀਬ ਨੇ, ਫ਼ਿਕਰ ਨਾਲ ਖ਼ਤ ਲਿਖਿਆ..." ਤੇਰਾ ਪਿੰਡ ਸਰਹੱਦ ਤੋਂ ਕਿੰਨਾ ਕੁ ਦੂਰ ਹੈ? (ਪਿੰਡ ਉਸ ਵੇਲੇ ਹੱਦ ਤੋਂ ਤਿੰਨ ਕੁ ਮੀਲ ਸੀ) ਉਸ ਨੇ ਉੱਤਰ ਦਿੱਤਾ, 'ਦੋਸਤਾਂ ਲਈ ਸਿਰਫ਼ ਦਸ ਮਿੰਟ ਦਾ ਰਾਹ ਹੈ, ਪਰ ਦੁਸ਼ਮਣ ਲਈ ਕਦੇ ਵੀ ਨਾ ਤੈਅ ਹੋਣ ਵਾਲਾ'। ਮੈਂ ਇਸ ਵਿੱਚੋਂ 'ਦੁਸ਼ਮਣ' ਸ਼ਬਦ ਕੱਟਦਾ ਹਾਂ, ਇਸ ਦੀ ਥਾਂ ਕੀ ਭਰਨਾ ਹੈ, ਮੈਨੂੰ ਪਤਾ ਨਹੀਂ।(ਪਾਸ਼ 9.8.74)

...ਇਨ੍ਹਾਂ ਦਿਨਾਂ ਵਿੱਚ ਅਸੀਂ ਲਗਭਗ ਰੋਜ਼ ਮਿਲਦੇ ਸਾਂ। ਜੰਡਿਆਲੇ ਦੇ ਬੱਸ ਅੱਡੇ ਉੱਤੇ ਮਿੰਦੀ ਦੀ ਦੁਕਾਨ ਉੱਤੇ ਘੰਟਿਆਂ ਬੱਧੀ ਚਾਹ ਪੀਂਦੇ ਰਹਿੰਦੇ। ਗੱਲਾਂ ਕਰਦੇ ਰਹਿੰਦੇ ਬੱਸ ਅੱਡੇ 'ਤੇ ਕੋਈ ਮਦਾਰੀ ਆ ਜਾਂਦਾ ਤਾਂ ਉਹ ਉਸ ਦਾ ਜਮੂਰਾ ਬਣ ਕੇ ਬੈਠ ਜਾਂਦਾ... ਸ਼ਰਾਰਤੀ ਅੰਦਾਜ਼ ਵਿੱਚ ਸਾਨੂੰ ਤਰ੍ਹਾਂ-ਤਰ੍ਹਾਂ ਦੀਆਂ ਕਹਾਣੀਆਂ ਸੁਣਾਉਂਦਾ... ...ਸ਼ਖ਼ਸੀਅਤ ਦਾ ਵਿਕਾਸ ਕਰਨ ਦੇ ਨੁਸਖੇ ਸਮਝਾਉਂਦਾ...ਇਕ ਦਿਨ ਕਹਿਣ ਲੱਗਾ... "ਰੋਹਬਦਾਰ ਸ਼ਖ਼ਸੀਅਤ ਲਈ ਅੱਖਾਂ ਲਾਲ ਰੱਖਣੀਆਂ ਜ਼ਰੂਰੀ ਹੁੰਦੀਆਂ ਹਨ। ਮੈਂ ਕਿਹਾ ਇਹ ਕਿਵੇਂ ਹੋ ਜਾਵੇਗਾ। ਕਹਿੰਦਾ "ਮੇਰੀਆਂ ਅੱਖਾਂ ਵਿੱਚ ਵੇਖ" ਮੈਂ ਵੇਖਿਆ ਉਸ ਦੀਆਂ ਅੱਖਾਂ ਸੱਚੀਂ ਮੁੱਚੀਂ ਲਾਲ ਸਨ। ਕਹਿੰਦਾ "ਪੁੱਛ ਮੈਂ ਕਿਵੇਂ ਲਾਲ ਕੀਤੀਆਂ।" ਮੈਂ ਕਿਹਾ

ਦੱਸ... ਉਹ ਬੋਲਿਆ "ਸਵੇਰੇ-ਸਵੇਰੇ ਇਕ ਲਾਲ ਬੱਲਬ ਜਗਾ ਕੇ ਲਗਾਤਾਰ ਉਸ ਵੱਲ ਵੇਖੀ ਜਾਓ, ਅੱਖਾਂ ਵਿੱਚ ਏਨੀ ਲਾਲੀ ਭਰ ਜਾਵੇਗੀ ਕਿ ਸਾਰਾ ਦਿਨ ਕਿਤੇ ਨਹੀਂ ਜਾਂਦੀ... " ਉਸ ਦੀ ਇਹ ਗੱਲ ਵੀ ਉਨ੍ਹਾਂ ਬਹੁਤ ਸਾਰੀਆਂ ਗੱਲਾਂ ਵਾਂਗ ਹੀ ਸੀ, ਜਿਨ੍ਹਾਂ ਬਾਰੇ ਮੈਂ ਜਾਣਦਾ ਸਾਂ ਕਿ ਇਹ ਉਸ ਦੇ ਸ਼ਰਾਰਤੀ ਸੁਭਾਅ ਦੀ ਹੀ ਉਪਜ ਹੀ ਹੈ। ਅਸਲ ਵਿੱਚ ਇਹ ਆਪ ਵੀ ਅਜਿਹਾ ਕੁਝ ਨਹੀਂ ਕਰਦਾ।

ਸਰਵਨ ਰਾਹੀਂ ਨੂੰ ਉਸ ਨੇ ਕਈ ਮਹੀਨਿਆਂ ਤੱਕ ਇਹ ਕਹਿ ਕੇ ਆਪਣੇ ਮਗਰ ਲਗਾ ਰੱਖਿਆ ਸੀ ਕਿ ਖੁਸ਼ਵੰਤ ਸਿੰਘ ਨੇ "ਇਲਸਟਰੇਟਿਡ ਵੀਕਲੀ" ਲਈ ਉਸ ਦੀਆਂ ਗ਼ਜ਼ਲਾਂ ਮੰਗਵਾਈਆਂ ਹਨ, ਜਿਹੜੀਆਂ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ ਉਹ ਜਲਦੀ ਭੇਜ ਰਿਹਾ ਹੈ। ਸਰਵਣ ਰਾਹੀ ਲੰਮੇ ਸਮੇਂ ਤੱਕ ਆਪਣੀਆਂ ਅੰਗਰੇਜ਼ੀ ਵਿੱਚ ਛਪਣ ਵਾਲੀਆਂ ਗ਼ਜ਼ਲਾਂ ਲੱਭਣ ਲਈ ਬੁੱਕ ਸਟਾਲਾਂ ਤੋਂ ਹਰ ਹਫ਼ਤੇ "ਇਲਸਟਰੇਟਿਡ ਵੀਕਲੀ" ਖਰੀਦਦਾ ਰਿਹਾ ਸੀ।

ਸ਼ਿਵ ਕੁਮਾਰ ਦੀ ਪ੍ਰਗੀਤਕ ਕਵਿਤਾ ਅਤੇ ਸੁਰਜੀਤ ਪਾਤਰ ਦੀ ਗ਼ਜ਼ਲਕਾਰੀ ਬਾਰੇ ਉਹ ਬਹੁਤ ਕੌੜਾ ਬੋਲਦਾ... ਉਸ ਦੇ ਇਹ ਦਿਨ ਨਿਰਾਸ਼ਤਾ ਭਰੇ ਸਨ। ਜ਼ਿੰਦਗੀ ਨੂੰ ਬੇਅਰਥ ਆਖਣ ਲੱਗ ਪਿਆ ਸੀ। ਕਵਿਤਾ ਤੋਂ ਬੇਮੁਖਤਾ ਦੀ ਗੱਲ ਚੱਲੀ ਤਾਂ ਕਹਿਣ ਲੱਗਾ:- "ਹੁਣ ਮਸਲੇ ਮੁਕ ਗਏ ਹਨ। ਲਿਖਾਂ ਤਾਂ ਕੀ ਲਿਖਾਂ?" ਮੈਂ ਹੈਰਾਨੀ ਪ੍ਰਗਟ ਕੀਤੀ ਤਾਂ ਕਹਿੰਦਾ, "ਪਹਿਲਾਂ ਮੇਰੇ ਸਾਹਮਣੇ ਇਕ ਮਕਸਦ ਸੀ, ਜੋ ਹੁਣ ਖ਼ਤਮ ਹੋ ਗਿਆ ਹੈ। ਜੇਲ੍ਹ ਵਿੱਚ ਸੀ ਤਾਂ ਪਿੰਡ ਯਾਦ ਆਉਂਦਾ ਸੀ, ਬਾਹਰ ਆ ਗਿਆ ਹਾਂ ਤਾਂ ਉਹ ਗੱਲ ਵੀ ਖ਼ਤਮ ਹੋ ਗਈ...

ਇਨ੍ਹਾਂ ਦਿਨਾਂ ਵਿੱਚ ਅਸੀਂ ਕੁਝ ਦੋਸਤਾਂ (ਅਖ਼ਤਰ ਹੁਸੈਨ, ਤਰਸੇਮ ਜੰਡਿਆਲਾ, ਦੇਵਿੰਦਰ ਜੌਹਲ ਅਤੇ ਮੈਂ) ਨੇ ਇਕ ਮਾਸਿਕ ਪੱਤਰ 'ਸੰਦਰਭ' ਛਾਪਣਾ ਸ਼ੁਰੂ ਕੀਤਾ ਸੀ। ਮੈਂ ਪਾਸ਼ ਨੂੰ ਕਿਹਾ, "ਜੋ ਕੁਝ ਤੂੰ ਸੋਚਦਾਂ ਉਸ ਬਾਰੇ ਤੇਰੀ ਮੁਲਾਕਾਤ 'ਸੰਦਰਭ' ਵਿੱਚ ਛਾਪਣੀ ਹੈ। ਉਹ ਤਿਆਰ ਹੋ ਗਿਆ। ਦੇਵਿੰਦਰ ਜੌਹਲ ( ਮੇਰਾਛੋਟਾ ਭਰਾ) ਨੇ ਉਸ ਨਾਲ "ਸੰਦਰਭ" ਰਸਾਲੇ ਲਈ ਇਕ ਮੁਲਾਕਾਤ ਕੀਤੀ। ਪਾਸ਼ ਨੇ ਬਹੁਤ ਸਾਰੀਆਂ ਗੱਲਾਂ ਬਹੁਤ ਬੇਬਾਕੀ ਨਾਲ ਕੀਤੀਆਂ। ਇਸ ਮੁਲਾਕਾਤ ਦੀ ਸਭ ਤੋਂ ਮੁੱਲਵਾਨ ਪ੍ਰਾਪਤੀ ਇਹ ਸੀ ਕਿ ਇਹ ਸੰਵਾਦ ਇਸ ਨੁਕਤੇ ਉੱਤੇ ਪਹੁੰਚ ਗਿਆ ਕਿ ਪਾਸ਼ ਨੇ ਇਕਦਮ ਕਿਹਾ, "ਹੁਣ ਮੈਂ ਲਿਖਾਂਗਾ", ਇਸੇ ਸਿਰਲੇਖ ਹੇਠ ਇਹ ਮੁਲਾਕਾਤ 'ਸੰਦਰਭ' ਵਿੱਚ ਛਾਪੀ ਗਈ ... ਇਸ ਤੋਂ ਬਾਅਦ ਉਸ ਦੀ ਕਿਤਾਬ ਆਈ "ਸਾਡੇ ਸਮਿਆਂ ਵਿੱਚ" ਇਸ ਕਿਤਾਬ ਦੇ ਮੁੱਖ ਬੰਦ ਵਿੱਚ ਉਸ ਨੇ ਲਿਖਿਆ ਸੀ "ਪਾਰਟੀ ਲੇਬਲਾਂ ਤੋਂ ਪਿਛਾ ਛੁਡਾਉਣ ਲਈ ਮੈਨੂੰ ਪਤਾ ਨਹੀਂ

ਕੀ-ਕੀ ਸ਼ਰਾਰਤਾਂ ਕਰਨੀਆਂ ਪਈਆਂ।ਰਾਜਨੀਤਕ ਸਰਗਰਮੀਆਂ ਵਿੱਚੋਂ ਹੱਥ ਖਿੱਚ ਲੈਣ ਨਾਲ ਕੁਦਰਤੀ ਹੀ ਸੀ ਕਿ ਮੇਰੀ ਕਵਿਤਾ ਅੰਤਰਮੁਖਤਾ ਵੱਲ ਵਧ ਜਾਂਦੀ।"

ਇਹ ਅੰਤਰਮੁਖਤਾ ਉਸ ਦੀ ਸਮਾਜ ਸ਼ਾਸਤਰੀ ਪਹੁੰਚ ਦਾ ਇਕ ਪਾਸਾਰ ਹੈ, ਜਿਸ ਨੇ ਉਸ ਨੂੰ ਕਾਵਿ ਸਿਰਜਣਾ ਦੇ ਨਾਲ-ਨਾਲ ਇਕ ਗਹਿਰੇ ਸੋਚਸ਼ੀਲ ਵਿਅਕਤੀ ਵਜੋਂ ਹਮੇਸ਼ਾ ਜਿਊਂਦੇ ਰੱਖਿਆ। ਇਕ ਅਜਿਹੇ ਵਿਅਕਤੀ ਵਜੋਂ, ਜਿਸ ਨੇ ਸਿਧਾਂਤ ਅਤੇ ਵਿਚਾਰਧਾਰਾ ਨੂੰ ਇਕ ਆਦਰਸ਼ਕ ਖੜੋਤ ਵਾਂਗ ਗ੍ਰਹਿਣ ਨਾ ਕਰਦੇ ਹੋਏ, ਇਸ ਦੀ ਗਤੀਸ਼ੀਲਤਾ ਨੂੰ ਪਛਾਣਿਆ। ਇਸ ਪਛਾਣ ਨੇ, ਉਸ ਨੂੰ ਇਕ ਅੰਧ-ਵਿਸ਼ਵਾਸੀ ਰੋਮਾਂਟਿਕ ਕਾਰਕੁੰਨ ਤੋਂ, ਇਕ ਵਾਸਤਵਿਕ ਚਿੰਤਕ ਤੱਕ ਵਿਸਥਾਰ ਦਿੱਤਾ। ਇਸੇ ਪਹੁੰਚੇ ਨੇ ,ਉਸ ਦੀ ਕਵਿਤਾ ਨੂੰ ਵਾਸਤਵਿਕ-ਵਿਸ਼ਲੇਸ਼ਣ ਵਾਲੀ ਦਾਰਸ਼ਨਿਕ ਕਵਿਤਾ ਤੱਕ ਫੈਲਾਅ ਦਿੱਤਾ।

ਇਹ ਸ਼ਰਮਨਾਕ ਹਾਦਸਾ<br>
ਸਾਡੇ ਹੀ ਸਮਿਆਂ ਨਾਲ ਹੋਣਾ ਸੀ<br>
ਕਿ ਦੁਨੀਆ ਦੇ ਸਭ ਤੋਂ ਪਵਿੱਤਰ<br>
ਹਰਫ਼ਾਂ ਨੇ<br>
ਬਣ ਜਾਣਾ ਸੀ ਸਿੰਘਾਸਣ ਦੇ ਪੌਡੇ<br>
ਮਾਰਕਸ ਦਾ ਸ਼ੇਰ ਵਰਗਾ ਸਿਰ<br>
ਦਿੱਲੀ ਦੀਆਂ ਭੂਲ-ਭੁਲੱਈਆਂ ਵਿੱਚ<br>
ਮਿਆਂਕਦਾ ਫਿਰਦਾ<br>
ਅਸੀਂ ਹੀ ਤੱਕਣਾ ਸੀ<br>
ਮੇਰੇ ਯਾਰੋ<br>
ਇਹ ਕੁਫ਼ਰ ਸਾਡੇ ਹੀ ਸਮਿਆਂ ਵਿੱਚ ਹੋਣਾ ਸੀ ...

ਸਮਾਜ ਨੂੰ ਬਦਲਣ ਲਈ ਤੁਰੇ ਇਕ ਸੱਚੇ-ਸੁੱਚੇ ਨੌਜਵਾਨ ਦੇ ਆਦਰਸ਼ਾਂ ਦਾ ਇਸ ਤਰ੍ਹਾਂ ਟੁੱਟਣਾ ਅਤੇ ਉਸ ਦੀ ਸਿਰਜਣਾਤਮਿਕ ਸਮਰੱਥਾ ਵਿੱਚ ਇਸ ਟੁੱਟ-ਭੱਜ ਦਾ, ਇਸ ਤਰ੍ਹਾਂ ਓਤ-ਪੋਤ ਹੋ ਜਾਣਾ ਹੀ, ਪਾਸ਼ ਦਾ ਸੰਤਾਪ ਸੀ।

ਇਸੇ ਸੰਤਾਪ ਨੇ ਉਸ ਨੂੰ ਬੇਹੱਦ ਸ਼ਿੱਦਤ ਨਾਲ ਨਜ਼ਰ ਦੀ ਉਹ ਟੇਢ ਵੀ ਪ੍ਰਦਾਨ ਕਰ ਦਿੱਤੀ, ਜੋ ਆਪਣੀਆਂ ਰਾਜਨੀਤਕ ਅਤੇ ਸੱਭਿਆਚਾਰਕ ਰਹਿਤਲਾਂ ਵਿੱਚੋਂ ਬਾਹਰ

ਆਉਣ ਲਈ ਭਾਰਤੀ ਸਮਾਜ ਲਈ ਬੇਹੱਦ ਜ਼ਰੂਰੀ ਹੈ। ਆਪਣੀ ਇਸ ਤੀਸਰੀ ਅੱਖ ਦੇ ਖੁੱਲ੍ਹਣ ਨਾਲ ਪੈਦਾ ਹੋਣ ਵਾਲੇ ਖ਼ਤਰੇ ਤੋਂ ਉਹ ਵਾਕਿਫ਼ ਸੀਃ–

ਚਾਹੁਣ ਲਗਦਾ ਹਾਂ
ਪਲ ਦੀ ਪਲ
ਅਚਾਨਕ ਆਏ ਕਿਤੋਂ
ਉਹ ਨਿਊਟਨ ਦਾ ਦਰਵੇਸ਼ ਡਾਇਮੰਡ
ਫਿਰ ਸੁੱਟੇ ਇਕ ਵਾਰ ਬਲਦੀ ਮੋਮਬੱਤੀ
ਮੇਰੇ ਜ਼ਿਹਨ ਦੀ ਖੁੱਲ੍ਹੀ ਦਰਾਜ਼ ਵਿੱਚ
ਏਸ ਤੋਂ ਪਹਿਲਾਂ ਕਿ
ਮੇਰੇ ਜ਼ਿਹਨ ਵਿੱਚ ਮੌਜੂਦ
ਕੁੱਲ ਅਧੂਰੀਆਂ ਇਤਲਾਹਾਂ
ਕਿਸੇ ਸਿਧਾਂਤ ਵਿੱਚ ਵਟਣ
ਉਨ੍ਹਾਂ ਨੂੰ ਸਾੜ ਦਏ
ਉਨ੍ਹਾਂ ਦੇ ਨਾ ਸੜਨ ਵਿੱਚ
ਬਹੁਤ ਖ਼ਤਰਾ ਹੈ

ਉਸ ਦਾ ਇਹ ਕਾਵਿ–ਬਿਆਨ ਕਮਿਊਨਿਸਟ ਸਿਧਾਂਤ ਦੇ ਪ੍ਰਾਪਤ ਪਰਿਪੇਖ ਦੇ ਵਿਰੋਧ ਵਿੱਚ ਇਕ ਨਵੇਂ ਵਿਸਥਾਰ ਦੀ ਸਿਰਜਣਾ ਦਾ ਸੰਕੇਤ ਦਿੰਦਾ ਹੈ। ਉਸ ਦੀਆਂ ਕਿਆਸ ਅਰਾਈਆਂ ਵਿੱਚ, ਉਸ ਦੀ ਚਿੰਤਨਸ਼ੀਲਤਾ ਵਿੱਚ, ਇਸ ਨਵੇਂ ਵਿਸਥਾਰ ਦੀ ਰੂਪਰੇਖਾ ਕੀ ਸੀ?

ਇਸ ਦੀ ਤਲਾਸ਼ ਵਿੱਚ ਰੁੱਝਿਆ ਹੋਇਆ ਪਾਸ਼ ਪੰਜਾਬ ਸੰਕਟ ਦੇ ਸਭ ਤੋਂ ਭਿਆਨਕ ਦਿਨਾਂ ਵਿੱਚ ਅਮਰੀਕਾ ਚਲਾ ਗਿਆ। ਉੱਥੇ ਉਹ ਐਂਟੀ–47 ਫਰੰਟ ਨਾਲ ਜੁੜ ਗਿਆ ਅਤੇ ਆਪਣੀਆਂ ਸਰਗਰਮੀਆਂ ਕਾਰਨ ਮੂਲਵਾਦੀਆਂ ਦੀਆਂ ਅੱਖਾਂ ਵਿੱਚ ਬੁਰੀ ਤਰ੍ਹਾਂ ਰੜਕਣ ਲੱਗਾ। ਕੁਝ ਹੀ ਸਾਲਾਂ ਬਾਅਦ 1988 ਦੇ ਸ਼ੁਰੂ ਵਿੱਚ ਉਹ ਆਪਣੇ ਵੀਜ਼ੇ ਦੇ ਨਵੀਨੀਕਰਨ ਲਈ ਇਧਰ ਆਇਆ ਹੋਇਆ ਸੀ ... ...

ਡੀ.ਏ.ਵੀ. ਕਾਲਜ ਨਕੋਦਰ ਵਿਖੇ ਇਕ ਕਵੀ ਦਰਬਾਰ ਵਿੱਚ ਸ਼ਾਮਿਲ ਹੋਣ ਲਈ, ਮੈਂ ਅਤੇ ਸਵਿਤੋਜ (ਸਵਰਗੀ) ਵੀ ਗਏ ਹੋਏ ਸਾਂ। ਕਾਲਜ ਦੇ ਹਾਲ ਵਿੱਚ ਬੈਠੇ ਅਸੀਂ

ਆਪਣੀ ਕਵਿਤਾ ਪੜ੍ਹਨ ਦੀ ਉਡੀਕ ਕਰ ਰਹੇ ਸਾਂ ਕਿ ਪਰਮਜੀਤ ਦੇਹਲ ਨੇ ਪਿੱਛਿਓਂ ਆ ਕੇ ਮੇਰਾ ਮੋਢਾ ਥਪਥਪਾਇਆ "ਬਾਹਰ ਆਓ ਤੁਹਾਨੂੰ ਪਾਸ਼ ਬੁਲਾ ਰਿਹਾ ਹੈ।" ਮੈਂ ਕਿਹਾ "ਉਹ ਕਦੋਂ ਆ ਗਿਆ।" ਕਹਿੰਦਾ– "ਕਈ ਦਿਨ ਹੋ ਗਏ ਬਾਹਰ ਲਾਅਨ ਵਿਚ ਬੈਠਾ।" ਅਸੀਂ ਉੱਠ ਕੇ ਬਾਹਰ ਚਲੇ ਗਏ। ਉੱਠ ਕੇ ਜੱਫ਼ੀ ਪਾ ਕੇ ਮਿਲਿਆ। ਅਸੀਂ ਉਥੇ ਹੀ ਬੈਠ ਗਏ। ਅਸੀਂ ਕਿਹਾ ਸਾਡੀ ਕਵਿਤਾ ਸੁਣਾਉਣ ਦੀ ਵਾਰੀ ਆਉਣ ਵਾਲੀ ਹੈ। ਚੱਲੋ ਅੰਦਰ ਚੱਲੀਏ। ਉਹ ਵੀ ਅਤੇ ਬਾਕੀ ਸਾਰੇ ਦੋਸਤ ਵੀ ਸਾਡੇ ਨਾਲ ਅੰਦਰ ਚਲੇ ਗਏ ... ਇਹ ਪਹਿਲੀ ਵਾਰ ਸੀ ਕਿ ਦੋਸਤਾਂ ਦੇ ਕਹਿਣ 'ਤੇ ਉਹ ਕਵੀ ਦਰਬਾਰ ਵਿੱਚ ਆਪਣੀ ਕਵਿਤਾ ਵੀ ਸੁਣਾਉਣ ਲਈ ਰਾਜ਼ੀ ਹੋ ਗਿਆ। ਨਹੀਂ ਤਾਂ ਸਾਡੇ ਕਈ ਵਾਰ ਕੋਸ਼ਿਸ਼ ਕਰਨ ਉੱਤੇ ਵੀ, ਉਹ ਕਿਸੇ ਕਵੀ ਦਰਬਾਰ ਵਿੱਚ ਸ਼ਾਮਿਲ ਨਹੀਂ ਸੀ ਹੁੰਦਾ। ਇਥੋਂ ਤੱਕ ਕਿ ਦੂਰਦਰਸ਼ਨ ਦੇ ਕਵੀ ਦਰਬਾਰਾਂ ਵਿੱਚ ਵੀ ਕਦੇ ਨਾ ਆਉਂਦਾ। ਕਈ ਚਲਦੇ ਕਵੀ ਦਰਬਾਰਾਂ ਵਿੱਚ ਨਾਵਾਂ–ਕੁਨਾਵਾਂ ਦੀਆਂ ਪਰਚੀਆਂ ਭੇਜ ਕੇ ਸਟੇਜ ਸਕੱਤਰਾਂ ਨੂੰ ਪਰੇਸ਼ਾਨ ਕਰਦਾ ਰਹਿੰਦਾ।ਪਰ ਆਪ ਕਵਿਤਾ ਕਦੇ ਨਾ ਸੁਣਾਉਂਦਾ। ਕਈ ਵਾਰ ਤਾਂ ਆਪੇ ਆਪਣੇ ਨਾਮ ਦੀ ਪਰਚੀ ਭੇਜਦਾ... ਜਦੋਂ ਤੱਕ ਵਾਰੀ ਆਉਣ ਲੱਗਦੀ ਪੰਡਾਲ ਵਿੱਚੋਂ ਬਾਹਰ ਨਿਕਲ ਜਾਂਦਾ... ਪਰ ਅੱਜ ਉਹ ਆਪਣੀ ਕਵਿਤਾ ਸੁਣਾਉਣ ਲਈ ਮਾਈਕ ਉੱਤੇ ਪਹੁੰਚ ਚੁੱਕਾ ਸੀਃ–

ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ
ਸਭ ਕੁਝ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ ਤੇ
ਤੇ ਕੰਮ ਤੋਂ ਘਰ ਆਣਾ
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ ...

ਇਹ ਕਵਿਤਾ ਉਸ ਨੇ ਪਹਿਲੀ ਵਾਰ ਇਸੇ ਕਵੀ ਦਰਬਾਰ ਵਿੱਚ ਪੜ੍ਹੀ। ਸ਼ਾਇਦ ਇਹ ਕਵਿਤਾ ਉਸ ਵਲੋਂ ਲਿਖੀ ਗਈ ਸਭ ਤੋਂ ਆਖ਼ਰੀ ਕਵਿਤਾ ਹੈ। ਇਸ ਕਵੀ ਦਰਬਾਰ ਤੋਂ ਕੁਝ ਦਿਨਾਂ ਬਾਅਦ ਉਹ ਮੈਨੂੰ ਜਲੰਧਰ ਬੱਸ ਅੱਡੇ ਉੱਤੇ ਮਿਲਿਆ। ਮੈਂ ਦੂਰਦਰਸ਼ਨ ਪਹੁੰਚਣ ਲਈ ਸਾਈਕਲ ਸਟੈਂਡ ਤੋਂ ਆਪਣਾ ਸਾਈਕਲ ਲੈਣਾ ਸੀ ਅਤੇ ਉਹ ਕਿਤੇ ਹੋਰ ਜਾਣ ਲਈ ਰਿਕਸ਼ਾ ਲੈ ਰਿਹਾ ਸੀ।ਖੜੇ ਖੜੇ ਮੈਂ ਉਸ ਨੂੰ ਦੱਸਿਆ "ਮੈਂ ਆਪਣੇ ਐੱਮ.ਫਿੱਲ

ਦੇ ਥੀਸਿਸ ਵਿੱਚ ਤੇਰੇ ਬਾਰੇ ਵੀ ਲਿਖਿਆ ਹੈ, ਤੇ ਹੁਣ ਮੈਂ ਉਸ ਦੀ ਕਿਤਾਬ ਛਪਵਾ ਰਿਹਾਂ।" ਉਹ ਉੱਚੀ ਦੇਣੀ ਹੱਸਿਆ, 'ਮੈਨੂੰ ਗਾਲ੍ਹ ਕੱਢ ਕੇ ਕਹਿੰਦਾ "ਇਹਦਾ ਮਤਲਬ ਤੂੰ ਹੁਣ ਮੇਰੇ 'ਤੇ ਗਾਈਡਾਂ ਲਿਖੂੰਗਾ?" ਮੈਂ ਕੱਚਾ ਜਿਹਾ ਹੋ ਗਿਆ। ਉਹ ਰਿਕਸ਼ੇ 'ਤੇ ਬੈਠ ਕੇ ਚਲਾ ਗਿਆ। ਮੈਂ ਮੰਦ-ਮੰਦ ਮੁਸਕਰਾਉਂਦਾ ਆਪਣਾ ਸਾਈਕਲ ਚੁੱਕਣ ਲਈ ਸਾਈਕਲ ਸਟੈਂਡ ਅੰਦਰ ਜਾ ਵੜਿਆ ...ਪਰ ਮੈਂ ਅੱਜ ਤੱਕ ਵੀ ਉਹ ਕਿਤਾਬ ਨਹੀਂ ਛਪਵਾਈ...

ਅੱਜ 23 ਮਾਰਚ, 1988 ਸੀ, ਜਲੰਧਰ ਦੂਰਦਰਸ਼ਨ ਦੇ ਗੇਟ ਉੱਤੇ ਲੇਖਕਾਂ ਨੇ ਧਰਨਾ ਮਾਰਿਆ ਹੋਇਆ ਸੀ। ਮੰਗਾਂ ਸਨ ਕਿ ਉਨ੍ਹਾਂ ਨੂੰ ਕਵੀ ਦਰਬਾਰਾਂ ਵਿੱਚ ਬਹੁਤਾ ਸਮਾਂ ਨਹੀਂ ਮਿਲਦਾ। ... ਬਾਹਰ ਭਾਸ਼ਣ ਚੱਲ ਰਹੇ ਸਨ। ਅੰਦਰ ਅਸੀਂ ਲੇਖਕਾਂ ਦੀਆਂ ਮੰਗਾਂ ਬਾਰੇ ਵਿਚਾਰ ਕਰ ਰਹੇ ਸਾਂ...। ਅਚਾਨਕ ਖ਼ਬਰ ਆਈ ਕਿ ਪਾਸ਼ ਅਤੇ ਉਸ ਦੇ ਦੋਸਤ ਹੰਸ ਰਾਜ ਨੂੰ ਗੋਲੀਆਂ ਵੱਜੀਆਂ ਹਨ ... ...ਅਤੇ ਉਨ੍ਹਾਂ ਦੋਹਾਂ ਦੀ ਮੌਤ ਹੋ ਗਈ ਹੈ...। ਅਸੀਂ ਸੁੰਨ ਹੋ ਗਏ। ਫ਼ੈਸਲਾ ਹੋਇਆ ਕਿ ਬਾਹਰ ਲੇਖਕਾਂ ਨੂੰ ਵੀ ਇਹ ਖ਼ਬਰ ਦੱਸ ਦਿੱਤੀ ਜਾਵੇ। ਡਲਕਦੀਆਂ ਅੱਖਾਂ ਅਤੇ ਭਰੇ ਹੋਏ ਮਨਾਂ ਨਾਲ ਅਸੀਂ ਬਾਹਰ ਗਏ। ਮੈਂ ਇਹ ਖ਼ਬਰ ਲੇਖਕਾਂ ਨਾਲ ਸਾਂਝੀ ਕੀਤੀ ...ਭਾਸ਼ਣ ਥੰਮ੍ਹ ਗਏ। ਧਰਨਾ ਇਕਦਮ ਖ਼ਤਮ ਹੋ ਗਿਆ। ਰੋਹ ਭਰੇ ਸੋਗ ਦਾ ਸਨਾਟਾ ਚਾਰੇ ਪਾਸੇ ਪਸਰ ਗਿਆ...

ਪਾਸ਼ ਦੇ ਵਿਛੋੜੇ ਨੇ ਪਾਸ਼ ਨੂੰ ਇਕ ਮਿੱਥ ਵਾਂਗ ਸਥਾਪਿਤ ਕਰ ਦਿੱਤਾ ।ਪਰ ਪਾਸ਼ ਦੇ ਅੰਤਹਕਰਨ ਵਿੱਚ ਚਲਦੇ ਕਮਿਊਨਿਸਟ ਸਿਧਾਂਤ ਦੀਆਂ ਨਵੀਆਂ ਪਰਤਾਂ ਖੁੱਲ੍ਹਣ ਦੇ ਵਿਸਥਾਰ ਨੂੰ ਅਤੇ ਪਾਰਟੀਆਂ ਦੀ ਪੈਂਤੜੇਬਾਜ਼ੀ (ਪਾਸ਼ ਦੇ ਸੰਦਰਭ ਵਿੱਚ) ਉੱਤੇ ਪੁਨਰ ਵਿਚਾਰ ਦੇ ਪ੍ਰਵਾਹ ਨੂੰ, ਪਾਸ਼ ਦੀ ਇਸ ਮਿੱਥ-ਸਥਾਪਨਾ ਨੇ ਰੋਕ ਲਿਆ।

ਪਾਸ਼ ਜਦੋਂ ਵੀ ਯਾਦ ਆਉਂਦਾ ਹੈ ,ਉਸ ਦੀਆਂ ਨੁਕੀਲੀਆਂ ਅੱਖਾਂ ਵਿੱਚ ਤੈਰਦੀ ਦਿਭ ਦ੍ਰਿਸ਼ਟੀ ਵਿੱਚੋਂ ਮੈਨੂੰ ਉਹ ਚੇਸ਼ਟਾ ਸਾਫ਼ ਦਿਖਾਈ ਦਿੰਦੀ ਹੈ, ਜੋ ਇਕ ਨਵੇਂ ਸਮਾਜ ਦੀ ਸਿਰਜਣਾ ਅਤੇ ਸਾਹਿਤਕ- ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਨਿਵੇਕਲਾ ਨਿਰਮਾਣ ਕਰਨਾ ਚਾਹੁੰਦੀ ਸੀ।

ਉਸ ਨੇ ਪੰਜਾਬੀ ਕਵਿਤਾ ਨੂੰ ਵਿਦਰੋਹ ਦਾ ਉਹ ਮੁਹਾਵਰਾ ਪ੍ਰਦਾਨ ਕੀਤਾ, ਜਿਸ ਦੀ ਕੋਈ ਹੋਰ ਮਿਸਾਲ ਨਹੀਂ ਹੈ:-

ਮੈਂ ਉਮਰ ਭਰ ਜਿਸਦੇ ਖਿਲਾਫ਼<br>
ਸੋਚਿਆ ਅਤੇ ਲਿਖਿਆ<br>
ਜੇ ਉਸ ਦੇ ਸੋਗ ਵਿੱਚ<br>
ਸਾਰਾ ਹੀ ਦੇਸ਼ ਸ਼ਾਮਿਲ ਹੈ

ਤਾਂ ਇਸ ਦੇਸ਼ 'ਚੋਂ ਮੇਰਾ ਨਾਮ ਕੱਟ ਦੇਵੋ (–ਬੇਦਖਲੀ ਲਈ ਬਿਨੈ ਪੱਤਰ)

ਹੱਥ ਜੇ ਹੋਣ ਤਾਂ
ਜੋੜਨ ਲਈ ਹੀ ਨਹੀਂ ਹੁੰਦੇ
ਨਾ ਦੁਸ਼ਮਣ ਸਾਹਮਣੇ
ਚੁੱਕਣ ਨੂੰ ਹੀ ਹੁੰਦੇ ਹਨ
ਇਹ ਗਿੱਚੀਆਂ ਮਰੋੜਨ ਲਈ
ਵੀ ਹੁੰਦੇ ਹਨ ...

ਤਿੱਖੀ ਰਾਜਨੀਤਕ ਚੇਤਨਾ ਅਤੇ ਸੂਖ਼ਮ ਸੰਵੇਦਨਾ ਵਾਲੀ ਉਸ ਦੀ ਕਵਿਤਾ ਬਹੁ–ਪਰਤੀ ਪਾਸਾਰਾਂ ਵਾਲੀ ਹੈ। ਪ੍ਰਚਲਿਤ ਮਿੱਥਾਂ ਨੂੰ ਅਤਿ ਸੂਖ਼ਮਤਾ ਨਾਲ ਤੋੜਨ ਵਾਲੀ, ਸਿੱਧੇ ਸੰਬੋਧਨ ਦੀ ਇਹ ਕਵਿਤਾ ਨਾਹਰੇ ਵਾਂਗ ਦਿਸਦੀ ਹੋਈ ਵੀ, ਨਾਹਰਾ ਨਹੀਂ ਹੈ।ਐਲਾਨ ਵਾਂਗ ਬੋਲਦੀ ਹੋਈ ਵੀ, ਨਿਰਾ ਐਲਾਨ ਨਹੀਂ ਹੈ:–

ਮੇਰੇ ਤੋਂ ਆਸ ਨਾ ਕਰਿਓ
ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਥੋਡੇ ਚਗਲੇ ਸੁਆਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ ਵਿੱਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਧੀਆਂ ਦਾ ਕੰਜਕ ਜਿਹਾ ਹਾਸਾ

ਉਹ ਇਕੋ ਵੇਲੇ ਬੁਲੰਦ ਕਵੀ ਸੀ, ਅਤਿ ਦਰਜੇ ਦਾ ਗਹਿਰ–ਗੰਭੀਰ ਚਿੰਤਕ ਸੀ ਤੇ ਬੇਹੱਦ ਲਚਕੀਲਾ ਅਤੇ ਚੁਲਬੁਲਾ ਵਿਅਕਤੀ ਵੀ ਸੀ। ਉਸ ਦੀ ਸ਼ਖ਼ਸੀਅਤ ਦੀ ਏਹੀ ਵਿਲੱਖਣਤਾ, ਬਹੁਤ ਸਾਰੀਆਂ ਵਿਰੋਧਤਾਈਆਂ ਦੇ ਬਾਵਜੂਦ, ਉਸ ਨੂੰ ਸਾਡਾ ਦੋਸਤ ਬਣਾਈ ਰੱਖਦੀ ਸੀ।

••



ਲਖਵਿੰਦਰ ਸਿੰਘ ਜੌਹਲ

ਇਹ ਸ਼ਬਦ-ਚਿਤਰ ਉਲੀਕਦਿਆਂ ਮੇਰਾ ਮਕਸਦ, ਇਨ੍ਹਾਂ ਸ਼ਖ਼ਸੀਅਤਾਂ ਦੀਆਂ ਕਾਰਗੁਜ਼ਾਰੀਆਂ ਦਾ ਲੇਖਾ-ਜੋਖਾ ਪੇਸ਼ ਕਰਨਾ ਨਹੀਂ ਸੀ। ਮੈਂ ਸਿਰਫ਼ ਉਨ੍ਹਾਂ ਪਲਾਂ ਨੂੰ ਮੁੜ ਚਿਤਵਣਾ ਚਾਹਿਆ, ਜਿਹੜੇ ਮੈਂ ਉਨ੍ਹਾਂ ਨਾਲ ਬਿਤਾਏ ਸਨ। ਬਿਤਾਏ ਹੋਏ ਪਲਾਂ ਦੇ ਸਰੂਰ ਨੂੰ, ਸ਼ਬਦ ਪ੍ਰਦਾਨ ਕਰਨ ਦਾ ਇਹ ਕਾਰਜ, ਉਨ੍ਹਾਂ ਮਨੋ-ਬਿੰਬਾਂ ਨੂੰ ਪੁਨਰ-ਸਿਰਜਤ ਕਰਨ ਮਾਤਰ ਹੈ, ਜੋ ਇਨ੍ਹਾਂ ਸ਼ਖ਼ਸੀਅਤਾਂ ਨਾਲ ਵਿਚਰਦੇ ਹੋਏ, ਇਨ੍ਹਾਂ ਨੂੰ ਨਿਹਾਰਦੇ ਹੋਏ, ਇਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਹੋਏ, ਇਨ੍ਹਾਂ ਬਾਰੇ ਸੋਚਦੇ ਹੋਏ ਅਤੇ ਇਨ੍ਹਾਂ ਬਾਰੇ ਹੋਰ ਲੋਕਾਂ ਨਾਲ ਗੱਲਾਂ ਕਰਦੇ ਹੋਏ, ਮੇਰੇ ਮਨ ਵਿੱਚ ਉਸਰਦੇ ਰਹੇ ਸਨ। ਇਹ ਕੋਈ ਕਲਪਿਤ ਕਹਾਣੀਆਂ ਨਹੀਂ ਹਨ, ਇਹ ਸਿਮਰਤੀਆਂ ਵਿੱਚ ਸਮਾਏ ਹੋਏ ਸੱਚ ਨੂੰ ਸ਼ਬਦਾਂ ਵਿੱਚ ਪ੍ਰੋਣ ਦੀ ਪ੍ਰਕਿਰਿਆ ਹਨ।

-ਲਖਵਿੰਦਰ ਸਿੰਘ ਜੌਹਲ

RHYVERS PRESS
www.rhyvers.press
mail@rhyvers.press

₹200/-
Punjabi
9 789392 014789